# ਚਿਰਾਗ

ਅਪ੍ਰੈਲ-ਜੂਨ 2005

**April -June 2005**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



## ਮਹਿਮੂਦ ਦਰਵੇਸ਼ ਕਵਿਤਾ ਵਿਸ਼ੇਸ਼ ਅੰਕ

ਮੁੱਲ : 15 ਰੁਪਏ

-52-

ਅਪ੍ਰੈਲ-ਜੂਨ, 2005

# ਚਿਰਾਗ਼ ਤਿਮਾਹੀ

ਅਪ੍ਰੈਲ-ਜੂਨ 2005

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ

(ਭਾਗ ਪਹਿਲਾ)

- ਸੰਪਾਦਕੀ ਟਿੱਪਣੀ :- ਮਹਿਮੂਦ ਦਰਵੇਸ਼ ਵਿਸ਼ੇਸ਼ ਅੰਕ
- ਗੁਫ਼ਤਗੂ ਆਪਣੇ ਆਪ ਨਾਲ :- ਮਹਿਮੂਦ ਦਰਵੇਸ਼
- ਮਹਿਮੂਦ ਦਰਵੇਸ਼ : ਕੁਝ ਚੋਣਵੀਆਂ ਕਵਿਤਾਵਾਂ
- ਦੋ ਕਵੀਆਂ ਦੀ ਸਾਂਝੀ ਕਵਿਤਾ :- ਮਹਿਮੂਦ ਦਰਵੇਸ਼, ਮੁਈਨ ਬਸੀਸੋ
- ਆਲੋਚਨਾ - ਬੈਰੂਤ ਦੀ ਘੇਰਾਬੰਦੀ ਤੇ ਸਾਡੇ ਲੇਖਕ :- ਮਹਿਮੂਦ ਦਰਵੇਸ਼
- ਮੁਲਾਂਕਣ ਮਹਿਮੂਦ ਦਰਵੇਸ਼ ਦੀ ਕਾਵਿ ਵਿਲੱਖਣਤਾ (ਬੀਥਾਸਦਾ ਮੈਰੀ ਲੈਂਡ)
- ਦਰਵੇਸ਼ ਦੀ ਕਵਿ-ਤਪੱਸਿਆ- ਮਨੀਰ ਆਕਾਸ਼ ਕਾਰੇ ਕਾਇਨ ਟੋਰਚੇ
- ਕਾਵਿ-ਚਿੱਤਰ - ਹਰਭਜਨ ਸਿੰਘ ਹੁੰਦਲ
- ਮੁਲਾਕਾਤ : ਮਾਈਕਲ ਸਿਮਨਜ਼

ਦੂਸਰਾ ਭਾਗ

- ਵਾਘਿਓਂ ਪਾਰ- ਅਫ਼ਜ਼ਲ ਤੌਸੀਫ ਦਾ ਲੇਖ, ਰਫਾਕਤ ਹੁਸੈਨ ਮੁਮਤਾਜ਼ (ਦੋ ਗ਼ਜ਼ਲਾਂ)
- ਨਿਬੰਧ : ਭਾਰਤੀ ਚਿਤਰਕਲਾ ਬਾਰੇ ਅੰਮ੍ਰਿਤਾ ਸ਼ੇਰਗਿੱਲ
- ਗ਼ਜ਼ਲਾਂ : ਸੁਲੱਖਣ ਸਰਹੱਦੀ, ਮੋਹਨ ਬੇਗੋਵਾਲ, ਹਰਮਿੰਦਰ ਕੁਹਾਰਵਾਲਾ, ਅਜਮੇਰ ਕੰਧਾਲਾ
- ਵਤਨੋਂ ਦੂਰ : ਕੇਸਰ ਸਿੰਘ ਨੀਰ, ਉਂਕਾਰਪ੍ਰੀਤ (ਗ਼ਜ਼ਲਾਂ)
- ਇੱਕ ਖ਼ਤ: ਗੁਰੀਲਾ ਕਮਾਂਡਰ ਦਾ
- ਪੁਸਤਕ ਪੜਚੋਲ ਅਹਿਸਾਸ ਦੀ ਲੋਅ, ਇਬਾਦਤ (ਸੁਲੱਖਣ ਸਰਹੱਦੀ) ਮੇਰਾ ਕੋਈ ਅਨੁਪਾਤ ਨਹੀਂ (ਪ੍ਰੇਮ ਸਾਹਿਲ)
- ਖਿਆਲ ਆਪੋ ਆਪਣਾ : ਮੁਖਤਿਆਰ ਸਿੰਘ, ਡਾ. ਤੇਜਵੰਤ ਮਾਨ, ਸੂਫ਼ੀ ਅਮਰਜੀਤ
- ਪੁਸਤਕ ਪ੍ਰਾਪਤੀ :-
- ਵਿਸ਼ੇਸ਼ ਸੂਚਨਾ ਮਹਿਮੂਦ ਦਰਵੇਸ਼ ਅੰਕ ਦੇ ਸਾਰੇ ਅਨੁਵਾਦ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਕੀਤੇ ਗਏ ਹਨ।

Postal Address:
Harbhajan Singh Hundal,
V.Fatu Chak,
P.O. Dhilwan
Distt. Kapurthala -144804
(Pb.) India
Phone No. 01822-273188

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ।

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1006 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰਜ਼ ਤੇ ਪਬਲਿਸ਼ਰ ਨੇ ਡਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311)ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - ਅਪ੍ਰੈਲ- ਜੂਨ 2005

ਸੰਪਾਦਕੀ ਟਿੱਪਣੀ

# ਕਵੀ ਮਹਿਮੂਦ-ਦਰਵੇਸ਼

(ਜਨਮ-ਮਾਰਚ 1942)

ਮਹਿਮੂਦ ਦਰਵੇਸ਼ ਵਿਸ਼ਵ-ਕਵਿਤਾ ਦੇ ਖੇਤਰ ਵਿਚ ਵਾਪਰਿਆ ਇੱਕ ਅਦੁੱਤੀ ਵਰਤਾਰਾ ਹੈ। ਉਹ ਆਲੋਚਕਾਂ ਵੱਲੋਂ ਅਰਬੀ ਭਾਸ਼ਾ ਦੇ ਸੁਪ੍ਰਸਿੱਧ ਕਵੀਆਂ ਵਿਚ ਪ੍ਰਵਾਨ ਕੀਤਾ ਗਿਆ ਕਵੀ ਹੈ, ਜੋ ਆਪਣੇ ਉੱਜੜੇ ਲੋਕਾਂ ਦੀ ਹਰ-ਮਨ-ਪਿਆਰੀ ਆਵਾਜ਼ ਬਣ ਚੁੱਕਾ ਹੈ। ਆਪਣੀ ਕਾਵਿ-ਕਲਾ ਕੋਲੋਂ ਨਿਰੰਤਰ ਪ੍ਰੀਵਰਤਨ ਦੀ ਮੰਗ ਕਰਨ ਵਾਲਾ ਇਹ ਅਦੁੱਤੀ ਕਵੀ ਇਕ ਜੀਊਂਦੀ-ਜਾਗਦੀ ਦੰਦ-ਕਥਾ (legend) ਬਣ ਚੁੱਕਾ ਹੈ। ਚਾਰ ਦਹਾਕਿਆਂ ਦੀ ਲੰਮੀ ਤੇ ਬਿਖੜੀ ਕਾਵਿ ਯਾਤਰਾ ਤੈਅ ਕਰਕੇ ਉਸ ਨੇ ਵਿਸ਼ਵ ਦੀ ਕਰਾਂਤੀਕਾਰੀ ਕਾਵਿ-ਪਰੰਪਰਾ ਨੂੰ ਨਵੇਂ ਅੰਦਾਜ਼ ਤੇ ਨਵੇਕਲੇ ਦਿਸਹੱਦੇ ਪ੍ਰਦਾਨ ਕੀਤੇ ਹਨ। ਫਲਿਸਤੀਨ ਦਾ ਇਹ ਪ੍ਰਮੁੱਖ ਅਰਬੀ-ਕਵੀ ਹੈ, ਜਿਸ ਦੀਆਂ ਕਵਿਤਾਵਾਂ 23 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ ਅਤੇ ਉਹ ਫਲਿਸਤੀਨ ਦੀ ਟੁਕੜੇ ਟੁਕੜੇ ਤੇ ਵਲੂੰਦਰੀ ਰੂਹ ਤੇ ਜਲਾਵਤਨੀ ਦੇ ਧੱਕੇ-ਧੋੜੇ ਅਤੇ ਜ਼ਿਲਤ ਹੰਢਾਉਂਦੀ ਸਮੁੱਚੀ ਲੋਕਾਈ ਦੇ ਦਰਦ ਦੀ ਜ਼ੁਬਾਨ ਬਣ ਚੁੱਕਾ ਹੈ। ਫਲਿਸਤੀਨੀ ਲੋਕਾਂ ਦੀਆਂ ਤਾਂਘਾਂ, ਕਰੜੇ ਸੰਘਰਸ਼, ਜ਼ਖ਼ਮੀ ਸੁਪਨਿਆਂ ਸੰਤਾਪ ਤੇ ਵੇਦਨਾ ਨਾਲ ਭਰਪੂਰ ਉਸ ਦੀ ਸਮੁੱਚੀ ਕਾਵਿ-ਪ੍ਰਾਪਤੀ ਕਾਰਨ ਅੱਜ ਉਹ ਪਾਬਲੋ ਨੇਰੂਦਾ, ਮਾਇਕੋਵਸਕੀ, ਨਾਜ਼ਿਮ ਹਿਕਮਤ ਅਤੇ ਫੈਜ਼ ਅਹਿਮਦ ਫੈਜ਼ ਦੀ ਪੰਗਤੀ ਵਿਚ ਖਲੋਣ ਵਾਲਾ ਕਵੀ ਪ੍ਰਵਾਨ ਕੀਤਾ ਗਿਆ ਹੈ। ਜਲਾਵਤਨੀ ਦੀਆਂ ਖਵਾਰੀਆਂ ਦੀ ਪੀੜਾ ਨੂੰ ਉਸ ਨੇ ਬੜੀ ਭਰਪੂਰਤਾ, ਡੂੰਘਾਈ ਅਤੇ ਕਲਾਤਮਿਕਤਾ ਨਾਲ ਪ੍ਰਗਟ ਕੀਤਾ ਹੈ ਅਤੇ ਆਪਣੇ ਲੋਕਾਂ ਦੀ ਦੁਖਾਂਤਕ ਹੋਣੀ ਦੇ ਹਰ ਮੋੜ ਅਤੇ ਸੰਕਟ ਸਮੇਂ ਉਹਨਾਂ ਦੇ ਅੰਗ-ਸੰਗ ਰਿਹਾ ਹੈ।

ਪੰਜਾਬੀ ਵਿਚ ਪਹਿਲੀ ਵਾਰ ਉਸ ਦੀਆਂ ਚੋਣਵੀਆਂ ਕਵਿਤਾਵਾਂ ਦਾ ਅਨੁਵਾਦ ਪੇਸ਼ ਕੀਤਾ ਜਾ ਰਿਹਾ ਹੈ। ਮਹਿਮੂਦ ਦਰਵੇਸ਼ ਦਾ ਭਾਵ-ਬੋਧ ਅਤੇ ਉਸ ਦੀ ਮੌਲਿਕ ਅਤੇ ਨਿਵੇਕਲੀ ਕਾਵਿ-ਬਿੰਬਾਵਲੀ ਕਾਰਨ, ਸੰਭਵ ਹੈ, ਪਹਿਲੇ ਪਾਠ ਸਮੇਂ ਪੰਜਾਬੀ ਪਾਠਕਾਂ ਨੂੰ ਉਹ ਕੁਝ ਮੁਸ਼ਕਿਲ ਨਜ਼ਰੀਂ ਆਵੇ। ਕਲਾਤਮਿਕਤਾ ਅਤੇ ਵੱਖਰੇ ਸ਼ਾਇਰਾਨਾ ਅੰਦਾਜ਼ ਕਾਰਨ, ਇਹ ਕਵਿਤਾ ਪੈਰ-ਪੈਰ ਉੱਤੇ ਸੁਹਜ ਤੇ ਸੂਝ ਦੇ ਨਵੇਂ ਤਜਰਬੇ ਤੇ ਦਿਸਹੱਦੇ ਉਜਾਗਰ ਕਰਦੀ ਹੈ। ਦਰਿਆ, ਸਮੁੰਦਰ, ਬੱਦਲ, ਅਜਨਬੀ, ਪਾਣੀ, ਜੈਤੂਨ, ਘੁੱਗੀ ਆਦਿ ਵਰਗੇ ਨਵੇਂ ਬਿੰਬ ਸਿਰਜਦੀ ਇਹ ਸ਼ਾਇਰੀ ਪਾਠਕ ਨੂੰ ਪ੍ਰਭਾਵਤ ਕਰਨੋਂ ਨਹੀਂ ਰਹਿੰਦੀ। ਆਸ ਹੈ ਦਰਵੇਸ਼ ਦੀ ਸਿਰਜਣਾਤਮਿਕ ਵਿਲੱਖਣਤਾ ਸਦਕਾ ਇਹ ਕਵਿਤਾ ਪੰਜਾਬੀ ਕਵੀਆਂ ਤੇ ਉੱਤਮ ਕਵਿਤਾ ਦੇ ਗੰਭੀਰ ਪਾਠਕਾਂ ਵੱਲੋਂ ਅਦੁੱਤੀ ਤੋਹਫੇ ਵਜੋਂ ਸਵੀਕਾਰੀ ਤੇ ਸਲਾਹੀ ਜਾਵੇਗੀ।

ਪਾਬਲੋ ਨੇਰੂਦਾ ਅਤੇ ਨਾਜ਼ਿਮ ਹਿਕਮਤ ਤੋਂ ਬਾਅਦ ਵਿਸ਼ਵ ਦੇ ਸੁਪ੍ਰਸਿੱਧ ਕਰਾਂਤੀਕਾਰੀ / ਪ੍ਰਗਤੀਸ਼ੀਲ ਕਵੀਆਂ ਬਾਰੇ ਚਿਰਾਗ਼ ਦਾ ਇਹ ਤੀਸਰਾ ਵਿਸ਼ੇਸ਼ ਯਤਨ ਹੈ, ਜਿਸ ਰਾਹੀਂ ਵਿਸ਼ਵ ਦੀ ਪ੍ਰਗਤੀਵਾਦੀ ਕਾਵਿ-ਵਿਰਾਸਤ ਨੂੰ ਪੰਜਾਬੀ ਦੇ ਕਵਿਤਾ ਪ੍ਰੇਮੀਆਂ ਦੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਯਤਨ ਜਾਰੀ ਰਹਿਣਗੇ, ਅਤੇ ਭਵਿੱਖ ਵਿਚ ਬ੍ਰਤੋਲਤ ਬ੍ਰੈਖਤ ਤੇ ਲੋਰਕਾ ਬਾਰੇ ਵਿਸ਼ੇਸ਼ ਅੰਕ ਪੇਸ਼ ਕਰਨ ਦਾ ਨਿਸ਼ਚਾ ਹੈ। •

-ਸੰਪਾਦਕੀ ਮੰਡਲ

ਭਾਗ-1

# ਗੁ.ਫਤਗੂ ਆਪਣੇ ਆਪ ਨਾਲ

ਮਹਿਮੂਦ ਦਰਵੇਸ਼

I

? ਮਹਿਮੂਦ ਦਰਵੇਸ਼, ਮੈਨੂੰ ਦੱਸੀਂ
ਕਿ ਤੇਰਾ "ਸਮੁੰਦਰ" ਤੋਂ ਕੀ ਅਰਥ ਹੈ। "ਸਮੁੰਦਰ ਤੇਰੀ ਆਖਰੀ ਗੋਲੀ ਹੈ।"

– ਭਰਾਵਾ ਤੂੰ ਹੈਂ ਕਿੱਥੋਂ?

– ਹੈਫਾ ਤੋਂ।

– ਹੈਫ਼ਾ ਤੋਂ? ਅਤੇ ਤੂੰ ਸਮੁੰਦਰ ਦੇ ਅਰਥ ਨਹੀਂ ਜਾਣਦਾ?

– ਮੈਂ ਉੱਥੋਂ ਦਾ ਜੰਮ-ਪਲ ਨਹੀਂ। ਮੈਂ ਏਥੇ ਸ਼ਰਨਾਰਥੀ ਕੈਂਪ ਵਿੱਚ ਜੰਮਿਆ ਸੀ।

– ਤੂੰ ਏਥੇ ਕੈਂਪ ਵਿੱਚ ਜੰਮਿਆ ਸੀ ਤੇ ਅਜੇ ਵੀ ਤੈਨੂੰ ਸਮੁੰਦਰ ਦਾ ਪਤਾ ਨਹੀਂ।

– ਹਾਂ ਮੈਂ ਸਮੁੰਦਰ ਬਾਰੇ ਜਾਣਦਾ ਹਾਂ, ਪਰ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਤੇਰੀ ਕਵਿਤਾ ਵਿੱਚ ਸਮੁੰਦਰ ਦੇ ਕੀ ਅਰਥ ਹਨ?

– ਕਵਿਤਾ ਵਿੱਚ 'ਸਮੁੰਦਰ' ਦੇ ਅਰਥ ਉਹੀ ਹਨ ਜੋ ਧਰਤੀ ਦੇ ਕੰਢੇ ਦੇ ਅਰਥ ਹਨ।

– ਕੀ ਕਵਿਤਾ ਵਿਚਲਾ ਸਮੁੰਦਰ ਉਹੀ ਹੈ ਜੋ ਸਮੁੰਦਰ ਵਿੱਚ ਸਮੁੰਦਰ ਦੇ ਹੁੰਦੇ ਹਨ?

– ਹਾਂ ਸਮੁੰਦਰ, ਸਮੁੰਦਰ ਹੀ ਹੁੰਦਾ ਹੈ-ਕਵਿਤਾ ਵਿੱਚ, ਵਾਰਤਕ ਵਿੱਚ 'ਤੇ ਧਰਤੀ ਦੇ ਕੰਢੇ ਤੇ।

ਪਰ ਉਹ ਦੱਸਦੇ ਨੇ ਕਿ ਤੂੰ ਬਿੰਬਵਾਦੀ ਕਵੀ ਹੈ, ਬਿੰਬਾਂ ਨਾਲ ਡੁੱਲ੍ਹ-ਡੁੱਲ੍ਹ ਪੈਂਦਾ। ਏਸੇ ਕਾਰਨ ਮੈਂ ਸੋਚਿਆ ਕਿ ਤੁਹਾਡਾ ਸਮੁੰਦਰ ਉਹ ਨਹੀਂ ਜੋ ਅਸੀਂ ਜਾਣਦੇ ਹਾਂ, ਸਾਡੇ ਸਮੁੰਦਰ ਤੋਂ ਵੱਖਰਾ ਸਮੁੰਦਰ।

– ਨਹੀਂ ਭਰਾਵਾ। ਉਹਨਾਂ ਤੈਨੂੰ ਧੋਖਾ ਦਿੱਤਾ ਸੀ। ਮੇਰਾ "ਸਮੁੰਦਰ" ਤੇਰੇ ਵਾਲਾ ਹੀ ਸਮੁੰਦਰ ਹੈ ਤੇ ਤੇਰਾ ਸਮੁੰਦਰ ਮੇਰਾ ਸਮੁੰਦਰ। ਸਮੁੰਦਰ, ਸਮੁੰਦਰ ਹੀ ਹੈ। ਲੜਾਕੂ ਯੋਧਾ ਕਵੀ ਦੀ ਆਪਣੀ ਕਵਿਤਾ ਦੀ ਵਿਆਖਿਆ ਕਰ ਸਕਣ ਦੀ ਅਸਮਰੱਥਾ ਤੋਂ ਹੈਰਾਨ ਹੁੰਦਾ ਹੈ। ਸ਼ਾਇਦ ਉਹ ਕਵਿਤਾ ਦੀ ਸਾਦਗੀ ਤੋਂ ਆਚੰਭਿਤ ਹੈ, ਜਦੋਂ ਤੀਕ ਕਿ 'ਸਮੁੰਦਰ', ਸਮੁੰਦਰ ਹੈ। ਜਾਂ ਸ਼ਾਇਦ ਉਹ ਇਸ ਗੱਲੋਂ ਹੈਰਾਨ ਹੈ ਕਿ ਸਪੱਸ਼ਟ ਤੱਥਾਂ ਨੂੰ ਵੀ ਬੋਲਣ ਦਾ ਅਧਿਕਾਰ ਹੈ।

? ਭਰਾਵਾ ਕੀ ਇਹ ਤੂੰ ਨਹੀਂ ਜਿਹੜਾ "ਸਮੁੰਦਰ" ਨੂੰ ਕਵਿਤਾ ਵਿੱਚ ਲਿਆਉਂਦਾ ਹੈ, ਜਦੋਂ ਤੂੰ ਇਸ ਨੂੰ ਆਪਣੇ ਮੋਢਿਆਂ ਉੱਤੇ ਚੁੱਕਦਾ ਹੈ ਤੇ ਜਿੱਥੇ ਚਾਹੇਂ ਟਿਕਾ ਦਿੰਦਾ ਏਂ? ਕੀ ਇਹ ਤੂੰ ਨਹੀਂ ਜੋ ਸਾਡੇ ਦਰਮਿਆਨ ਸ਼ਬਦਾਂ ਦਾ ਸਮੁੰਦਰ ਖੋਲ੍ਹ ਕੇ ਰੱਖ ਦਿੰਦਾ ਹੈ? ਕੀ ਤੂੰ ਹੀ ਨਹੀਂ ਕਵਿਤਾ ਦਾ ਸਮੁੰਦਰ ਤੇ ਸਮੁੰਦਰ ਦੀ ਕਵਿਤਾ?

– ਮੈਂ ਬੇਗੁਨਾਹ ਹਾਂ। ਮੈਂ ਸਿਰਫ਼ ਆਪਣੇ ਪਿਤਾ ਦੀ ਯਾਦ ਅਤੇ ਆਪਣੇ ਅਧਿਕਾਰ ਦੀ ਰਾਖੀ ਕਰ ਰਿਹਾ ਹਾਂ ਤੇ ਮੈਂ ਮਾਰੂਥਲ ਦੇ ਬਰਖਿਲਾਫ ਲੜ ਰਿਹਾ ਹਾਂ।

– ਮੈਂ ਵੀ। ਪਰ ਭਰਾਵਾ ਸਮੁੰਦਰ, ਸਮੁੰਦਰ ਹੁੰਦਾ ਹੈ। ਅਸੀਂ ਉੱਥੇ ਛੇਤੀ ਹੀ ਜਾ ਰਹੇ ਹਾਂ, ਨੂਹ (Noah) ਦੀਆਂ ਆਧੁਨਿਕ ਬੇੜੀਆਂ ਵਿੱਚ। ਨੀਲੇ ਰੰਗ ਦੀ ਬੇੜੀ ਵਿੱਚ, ਜੋ ਬੇਅੰਤ ਚਿਟਿਆਈ ਨੂੰ ਪ੍ਰਗਟਾਉਂਦੀ ਤੇ ਜਿਸ ਦਾ ਕੋਈ ਕੰਢਾ ਨਹੀਂ। ਕਿੱਥੇ ਨੂੰ? ਸਮੁੰਦਰ ਸਾਨੂੰ ਕਿਹੜੇ ਸਮੁੰਦਰ ਤੀਕ ਲੈ ਜਾਵੇਗਾ? ਤੇ ਏਥੇ ਵੀ ਮੈਂ



ਮਰਿਆ ਨਹੀਂ। ਮੈਂ ਹਾਲੀ ਵੀ ਮਰਿਆ ਨਹੀਂ।

ਮੈਂ ਹੁਣ ਸੌਣ ਦੀ ਕੋਸ਼ਿਸ਼ ਕਰਾਂਗਾ। ਨੀਂਦ ਕੀ ਹੁੰਦੀ ਹੈ। ਇਹ ਜਾਦੂਮਈ ਮੌਤ ਕੀ ਹੈ ਜੋ ਵਾਈਨ ਦੇ ਨਾਲ-ਨਾਲ ਫੈਲੀ ਹੋਈ ਹੈ। ਇਕ ਸਰੀਰ ਸਿੱਕੇ ਵਾਂਗ ਭਾਰੀ ਸਰੀਰ। ਨੀਂਦ ਰਾਹੀਂ ਬੱਦਲ ਦੀ ਕਪਾਹ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇਕ ਜਿਸਮ ਜਿਹੜਾ ਨੀਂਦ ਵਿੱਚ ਡੁੱਬ ਜਾਂਦਾ ਹੈ, ਕਿਸੇ ਭੁੱਲੇ ਵਿਸਰੇ ਬੂਟੇ ਵਾਂਗ ਹੁੰਦਾ ਹੈ। ਜੋ ਤ੍ਰੇਲ ਦੀ ਸੁਗੰਧੀ ਨੂੰ ਆਪਣੇ ਵਿੱਚ ਸਮੋਅ ਲੈਂਦਾ ਹੈ। ਮੈਂ ਹੌਲੀ-ਹੌਲੀ ਸੌਂਦਾ ਹਾਂ। ਦੂਰ ਦੀਆਂ ਆਵਾਜ਼ਾਂ ਦੇ ਤਾਲ, ਉੱਤੇ, ਆਵਾਜ਼ਾਂ ਜੋ ਮੇਰੇ ਬਿਸਤਰੇ ਅਤੇ ਦਿਨਾਂ ਦੀਆਂ ਤਿਊੜੀਆਂ ਤੇ ਖਿਲਰੇ ਪਏ, ਬੀਤ ਗਏ ਸਮੇਂ ਵਿੱਚੋਂ ਆਉਂਦੀਆਂ ਹਨ। ਆਕੜੇ ਤੇ ਸੁਸਤ ਪੱਠਿਆਂ ਨਾਲ ਮੈਂ ਨੀਂਦ ਦੇ ਦਰ ਉੱਤੇ ਦਸਤਕ ਦਿੰਦਾ ਹਾਂ। ਇਹ ਮੇਰੇ ਲਈ ਆਪਣੀਆਂ ਬਾਹਾਂ ਖੋਲਦੀ ਹੈ। ਮੈਂ ਅੰਦਰ ਆਉਣ ਦੀ ਇਜਾਜ਼ਤ ਮੰਗਦਾ ਹਾਂ ਤੇ ਆਗਿਆ ਮੈਨੂੰ ਮਿਲ ਜਾਂਦੀ ਹੈ। ਮੈਂ ਧੰਨਵਾਦ ਕਰਦਾ ਹਾਂ ਤੇ ਪ੍ਰਸੰਸਾ ਵੀ।

ਨੀਂਦ ਮੈਨੂੰ ਬੁਲਾ ਰਹੀ ਹੈ। ਨੀਂਦ ਕਲਿੱਤਣ ਹੈ, ਜੋ ਚਿੱਟੇ ਤੇ ਭੂਰੇ ਰੰਗ ਦੇ ਸਾਹਵੇਂ ਢਹਿ-ਢੇਰੀ ਹੋ ਰਹੀ ਹੈ। ਨੀਂਦ ਸਫੈਦ ਹੁੰਦੀ ਹੈ। ਇੱਕ ਵਿਛੋੜਾ ਤੇ ਚਿੱਟੀ। ਇਕ ਆਜ਼ਾਦੀ ਤੇ ਚਿੱਟੀ। ਨਰਮ ਤਗੜੀ ਤੇ ਚਿੱਟੀ। ਨੀਂਦ ਥਕਾਵਟ ਦਾ ਅੱਖ ਖੁੱਲ੍ਹ ਜਾਣਾ ਹੈ ਤੇ ਇਸ ਦੀ ਆਖਰੀ ਹੁੰਗਾਰ। ਤੇ ਇਹ ਸਫ਼ੈਦ ਹੈ। ਨੀਂਦ ਦੀ ਧਰਤੀ ਅਤੇ ਆਕਾਸ਼ ਚਿੱਟੇ ਹਨ ਤੇ ਚਿੱਟਾ ਸਮੁੰਦਰ। ਇਸ ਦੇ ਪੱਠੇ ਤਗੜੇ ਨੇ, ਚੰਬੇਲੀ ਦੇ ਫੁੱਲਾਂ ਦੇ ਬਣੇ ਪੱਠੇ। ਨੀਂਦਰ ਮਾਲਕ, ਸ਼ਹਿਜ਼ਾਦਾ, ਬਾਦਸ਼ਾਹ, ਦੇਵਤਾ, ਸੁਲਤਾਨ ਤੇ ਰੱਬ ਹੈ। ਮੈਂ ਆਪਣਾ ਆਪ ਇਸ ਨੂੰ ਸੌਂਪ ਦਿੰਦਾ ਹਾਂ, ਜਿਵੇਂ ਆਸ਼ਕ ਆਪਣਾ ਆਪ ਪਹਿਲੀ ਮੁਹੱਬਤ ਦੀਆਂ ਸਿਫਤਾਂ ਨੂੰ ਸੌਂਪ ਦਿੰਦਾ ਹੈ। ਨੀਂਦ ਉਹ ਬਿਜਲੀ ਹੈ ਜੋ ਚਿੱਟੇ ਬੱਦਲ ਉੱਤੇ ਉੱਡਦੀ ਹੈ, ਨੀਂਦ ਸ਼ਾਂਤੀ ਹੈ। ਨੀਂਦਰ ਸੁਪਨਾ ਹੈ, ਜੋ ਸੁਪਨੇ ਵਿੱਚੋਂ ਜਨਮ ਲੈਂਦਾ ਹੈ।

ਕੀ ਤੂੰ ਜੀਊਂਦਾ ਹੈ?
ਮੌਤ ਤੇ ਜ਼ਿੰਦਗੀ ਦੇ ਵਿਚਕਾਰਲੇ ਇਲਾਕੇ ਵਿੱਚ
ਕੀ ਤੂੰ ਜੀਊਂਦਾ ਹੈਂ?
ਤੂੰ ਕਿਵੇਂ ਜਾਣਦਾ ਕਿ ਇਸ ਛਿਣ
ਮੈਂ ਆਪਣਾ ਸਿਰ
ਤੇਰੇ ਗੋਡੇ ਉੱਤੇ ਰੱਖੀ
ਸੌਣ ਲੱਗਾ ਹਾਂ।
ਕਿਉਂਕਿ ਤੂੰ ਮੈਨੂੰ ਹੁਣ ਜਗਾ ਦਿੱਤਾ
ਜਦੋਂ ਤੂੰ ਮੇਰੇ ਪੇਟ ਵਿੱਚ ਹਿਲਿਆ ਸੀ
ਕੀ ਤੂੰ ਜੀਊਂਦਾ ਹੈਂ?

ਮੈਨੂੰ ਨਹੀਂ ਪਤਾ

ਨਾਹੀ ਮੈਂ ਜਾਨਣਾ ਚਾਹੁੰਦਾ
ਕੀ ਇੰਝ ਕਈ ਵਾਰ ਵਾਪਰਦਾ
ਕਿ ਮੈਂ ਇੱਕ ਸੁਪਨੇ ਤੋਂ
ਦੂਸਰੇ ਤੀਕ ਜਾਗ ਪੈਂਦਾ ਹਾਂ

ਇਹ ਆਪਣੇ ਆਪ ਸੁਪਨੇ ਦੀ ਵਿਆਖਿਆ ਹੈ।
ਇਹ ਕੁਝ ਹੈ ਜੋ ਹੁਣ ਵਾਪਰ ਰਿਹਾ ਹੈ
ਕਿ ਤੂੰ ਜੀਉਂਦਾ ਹੈ?
ਜਦੋਂ ਤੀਕ ਮੈਂ ਸੁਪਨੇ ਲੈਂਦਾ ਹਾਂ
ਮੈਂ ਜੀਉਂਦਾ ਹੈਂ?
ਮੁਰਦੇ ਸੁਪਨੇ ਥੋੜਾ ਲੈਂਦੇ ਨੇ।
ਕੀ ਤੈਨੂੰ ਵੀ ਕਾਫੀ ਸੁਪਨੇ ਆਉਂਦੇ ਨੇ?
ਜਦੋਂ ਮੌਤ ਮੇਰੇ ਨੇੜੇ ਨੇੜੇ ਆਉਂਦੀ ਹੈ
ਕੀ ਤੂੰ ਜ਼ਿੰਦਾ ਹੈ
ਲੱਗਭਗ ਪਰ ਮੌਤ ਦੀ ਗੁੰਜਾਇਸ਼ ਤਾਂ ਹੁੰਦੀ ਹੈ।
ਕਿਤੇ ਮਰ ਨਾ ਜਾਵੀਂ
ਮੈਂ ਕੋਸ਼ਿਸ ਕਰਾਂਗਾ, ਨਾ ਮਰਨ ਦੀ
ਕੀ ਤੂੰ ਮੈਨੂੰ ਉਦੋਂ ਪਿਆਰ ਕੀਤਾ ਸੀ।
ਮੈਨੂੰ ਨਹੀਂ ਪਤਾ।
ਕੀ ਤੂੰ ਹੁਣ ਮੈਨੂੰ ਪਿਆਰ ਕਰਦਾ ਹੈਂ।
ਨਾ।
ਆਦਮੀ ਔਰਤ ਨੂੰ ਨਹੀਂ ਸਮਝਦਾ
ਤੇ ਔਰਤ ਆਦਮੀ ਨੂੰ ਨਹੀਂ ਸਮਝਦੀ।
ਕੋਈ ਵੀ ਕਿਸੇ ਨੂੰ ਨਹੀਂ ਸਮਝਦਾ।
ਤੇ ਨਾਹੀ ਕੋਈ ਕਿਸੇ ਨੂੰ ਸਮਝਦਾ ਹੈ।
ਕੋਈ ਵੀ ਨਹੀਂ...
ਕੋਈ ਨਾ
ਕੋਈ ਨਾ।

ਸਮੁੰਦਰ ਗਲੀਆਂ, ਵਿੱਚ ਤੁਰ ਰਿਹਾ ਹੈ, ਸਮੁੰਦਰ ਖਿੜਕੀਆਂ ਵਿੱਚ ਤੇ ਮੁਰਝਾਏ ਰੁੱਖਾਂ ਦੀਆਂ ਟਾਹਣੀਆਂ ਵਿੱਚ ਝੂਲਦਾ ਫਿਰਦਾ ਹੈ। ਸਮੁੰਦਰ ਆਕਾਸ਼ ਤੋਂ ਡਿਗਦਾ ਹੈ, ਤੇ ਕਮਰੇ ਵਿੱਚ ਆ ਜਾਂਦਾ ਹੈ। ਨੀਲਾ ਚਿੱਟਾ, ਝੱਗ ਲਹਿਰਾਂ। ਮੈਂ ਸਮੁੰਦਰ ਨੂੰ ਪਸੰਦ ਨਹੀਂ ਕਰਦਾ। ਮੈਨੂੰ ਸਮੁੰਦਰ ਦੀ ਜ਼ਰੂਰਤ ਨਹੀਂ। ਕਿਉਂਕਿ ਮੈਂ ਸਮੁੰਦਰੀ ਤੱਟ ਤੇ ਘੁੱਗੀ ਨਹੀਂ ਵੇਖਦਾ। ਮੈਂ ਸਮੁੰਦਰ ਵਿੱਚ ਸਿਰਫ਼ ਸਮੁੰਦਰ ਵੇਖਦਾ ਹਾਂ, ਹੋਰ ਕੁਝ ਨਹੀਂ।
ਮੈਂ ਤੱਟ ਨਹੀਂ ਵੇਖਦਾ
ਮੈਂ ਘੁੱਗੀ ਨਹੀਂ ਵੇਖਦਾ।

## II

ਕਾਮੋਡੋਰ ਹੋਟਲ ਵਿੱਚ ਜੋ ਕੇ ਬਦੇਸ਼ੀ ਪੱਤਰਕਾਰਾਂ ਦਾ ਗੜ੍ਹ ਹੈ, ਇਕ ਅਮਰੀਕੀ ਪੱਤਰਕਾਰ ਮੈਨੂੰ ਪੁੱਛਦਾ ਹੈ,
"ਕਵੀ-ਜਨ, ਇਸ ਜੰਗ ਵਿੱਚ ਤੁਸੀਂ ਕੀ ਲਿਖ ਰਹੇ ਹੋ?"
– ਮੈਂ ਆਪਣੀ ਚੁੱਪ ਲਿਖ ਰਿਹਾ ਹਾਂ।
– ਕੀ ਤੁਹਾਡਾ ਮਤਲਬ ਹੈ ਕਿ ਹੁਣ ਬੰਦੂਕ, ਨੂੰ ਬੋਲਣਾ ਚਾਹੀਦਾ ਹੈ
– ਹਾਂ, ਉਹਨਾਂ ਦੀ ਆਵਾਜ਼ ਮੇਰੇ ਨਾਲੋਂ ਸ਼ੋਰੀਲੀ ਹੈ,



– ਫਿਰ ਤੁਸੀਂ ਕੀ ਕਰ ਰਹੇ ਹੋ?
– ਮੈਂ ਦ੍ਰਿੜਤਾ ਦਾ ਸੌਦਾ ਦੇ ਰਿਹਾ ਹਾਂ।
– ਤੇ ਕੀ ਤੁਸੀਂ ਜੰਗ ਜਿੱਤ ਜਾਓਗੇ?
– ਨਹੀਂ। ਵੱਡੀ ਗੱਲ ਇਹ ਹੈ ਕਿ ਡਟੇ ਰਹੀਏ। ਡਟੇ ਰਹਿਣਾ ਆਪਣੇ ਆਪ ਵਿੱਚ ਜਿੱਤ ਹੈ।
– ਤੇ ਉਸ ਪਿੱਛੋਂ?
– ਇੱਕ ਨਵਾਂ ਯੁੱਗ ਆਰੰਭ ਹੋਵੇਗਾ।
– ਤੇ ਤੁਸੀਂ ਕਵਿਤਾ ਲਿਖਣ ਕਦੋਂ ਬੈਠੋਗੇ?
– ਜਦੋਂ ਤੋਪਾਂ ਜ਼ਰਾ ਚੁੱਪ ਹੋ ਗਈਆਂ। ਜਦੋਂ ਮੈਂ ਆਪਣੀ ਚੁੱਪ ਤੋੜੀ। ਇਹ ਸਭ ਆਵਾਜ਼ ਦੀ ਭਰੀ ਹੋਈ ਹੈ। ਜਦੋਂ ਮੈਨੂੰ ਢੁਕਵੀਂ ਜ਼ੁਬਾਨ ਲੱਭੀ
– ਕੀ ਤੁਹਾਡਾ ਹੁਣ ਕੋਈ ਕਰਤਵ ਨਹੀਂ ਹੈ?
– ਨਹੀਂ ! ਹੁਣ ਕਵਿਤਾ ਲਈ ਕੋਈ ਕਾਰਜ ਨਹੀਂ ਹੈ। ਮੇਰਾ ਕਰਤਵ ਕਵਿਤਾ ਤੋਂ ਬਾਹਰ ਹੈ। ਮੇਰਾ ਕਰਤਵ ਏਥੇ ਹਾਜ਼ਰ ਹੋਣਾ ਹੈ, ਸ਼ਹਿਰੀਆਂ ਤੇ ਯੋਧਿਆਂ ਕੋਲ।"

## III

ਤੁਸੀਂ ਯੂਨਾਨ ਜਾਣਾ ਚਾਹੁੰਦੇ ਹੋ। ਤੁਸੀਂ ਪਾਸਪੋਰਟ ਲਈ ਪੁੱਛਦੇ ਹੋ, ਪਰ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਤਾਂ ਸ਼ਹਿਰੀ ਹੀ ਨਹੀਂ। ਕਿਉਂਕਿ ਤੁਹਾਡਾ ਪਿਤਾ ਜਾਂ ਤੁਹਾਡੇ ਰਿਸ਼ਤੇਦਾਰ ਵਿੱਚੋਂ ਕੋਈ ਫਲਿਸਤੀਨ ਦੀ ਜੰਗ ਵੇਲੇ ਭੱਜ ਗਿਆ ਸੀ। ਤੁਸੀਂ ਬੱਚੇ ਸੀ। ਤੇ ਤੁਹਾਨੂੰ ਗਿਆਨ ਹੁੰਦਾ ਹੈ ਕਿ ਕੋਈ ਵੀ ਅਰਬ ਜਿਸ ਨੇ ਉਸ ਵੇਲੇ ਦੇਸ਼ ਛੱਡ ਦਿੰਦਾ ਸੀ, ਤੇ ਫਿਰ ਚਿਰੀ ਵਾਪਸ ਪਰਤ ਆਇਆ ਸੀ, ਨੇ ਆਪਣੀ ਨਾਗਰਿਕਤਾ ਦਾ ਹੱਕ ਗਵਾ ਲਿਆ ਹੈ।

ਤੁਸੀਂ ਪਾਸਪੋਰਟ ਤੋਂ ਪ੍ਰੇਸ਼ਾਨ ਹੁੰਦੇ ਹੋ ਤੇ ਇਕ ਪ੍ਰਮਾਣ ਪੱਤਰ ਬਾਰੇ ਪੁੱਛਦੇ ਹੋ। ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਅਜ਼ਰਾਈਲ ਦੇ ਵਸਨੀਕ ਨਹੀਂ ਹੋ, ਕਿਉਂਕਿ ਤੁਹਾਡੇ ਕੋਲ ਰਿਹਾਇਸ਼ ਦਾ ਸਰਟੀਫਿਕੇਟ ਨਹੀਂ ਹੈ। ਤੁਹਾਨੂੰ ਮਾਖੌਲ ਸੁੱਝਦਾ ਹੈ ਤੇ ਤੁਸੀਂ ਉਹ ਆਪਣੇ ਵਕੀਲ-ਮਿੱਤਰ ਨੂੰ ਦੱਸਣ ਲਈ ਦੌੜਦੇ ਹੋ। "ਵੇਖ, ਮੈਂ ਨਾ ਨਾਗਰਿਕ ਹਾਂ, ਨਾ ਹੀ ਵਸਨੀਕ। ਫਿਰ ਮੈਂ ਕੀ ਤੇ ਕਿੱਥੇ ਹਾਂ? ਤੁਸੀਂ ਇਹ ਵੇਖਕੇ ਹੈਰਾਨ ਹੁੰਦੇ ਹੋ ਕਿ ਕਾਨੂੰਨ ਉਹਨਾਂ ਤਰਫ ਹੈ ਤੇ ਤੁਹਾਨੂੰ ਸਾਬਤ ਕਰਨਾ ਪਵੇਗਾ ਕਿ ਤੁਹਾਡੀ ਹੋਂਦ ਹੈ। ਤੁਸੀਂ ਗ੍ਰਹਿ-ਮੰਤਰਾਲੇ ਨੂੰ ਪੁੱਛਦੇ ਹੋ। ਕੀ ਮੈਂ ਏਥੇ ਹਾਂ, ਜਾਂ ਗੈਰ-ਹਾਜ਼ਰ ਹਾਂ। ਮੈਨੂੰ ਕੋਈ ਫਿਲਾਸਫੀ ਦਾ ਮਾਹਰ ਦਿਓ, ਤਾਂ ਕਿ ਮੈਂ ਆਪਣੀ "ਹੋਂਦ ਸਾਬਤ ਕਰ ਸਕਾਂ।

ਫਿਰ ਤੁਹਾਨੂੰ ਪਤਾ ਲੱਗਦਾ ਹੈ ਕਿ ਫਿਲਾਸਫੀ ਪੱਖੋਂ ਤੁਹਾਡੀ ਹੋਂਦ ਹੈ, ਪਰ ਕਾਨੂੰਨੀ ਤੌਰ ਤੇ ਨਹੀਂ ਹੈ।

## IV

ਅਜਿਹੀਆਂ ਹਾਲਤਾਂ (ਬੈਰੂਤ ਦੇ ਘੇਰੇ) ਵਿਚ ਪਾਣੀ ਦਾ ਸਾਡੇ ਕੋਲ ਪਹੁੰਚਣਾ ਇਕ ਕਰਾਮਾਤ ਹੈ। ਕੌਣ ਕਹਿੰਦਾ ਹੈ ਕਿ ਪਾਣੀ ਦਾ ਕੋਈ ਰੰਗ, ਲੱਜ਼ਤ ਜਾਂ ਸੁਗੰਧ ਨਹੀਂ ਹੁੰਦੀ। ਪਾਣੀ ਦਾ ਰੰਗ ਹੁੰਦਾ ਹੈ, ਜਿਹੜਾ ਪਿਆਸ ਦੇ ਲੱਗਣ ਵੇਲੇ ਪ੍ਰਗਟ ਹੁੰਦਾ ਹੈ। ਪਾਣੀ ਦਾ ਰੰਗ ਪੰਛੀਆਂ ਦੀਆਂ ਆਵਾਜ਼ਾਂ ਵਰਗਾ ਹੈ, ਖਾਸ ਕਰਕੇ ਚਿੜੀਆਂ ਦੀਆਂ ਆਵਾਜ਼ਾਂ ਵਰਗਾ। ਪੰਛੀ ਸਮੁੰਦਰ ਵੱਲੋਂ ਆ ਰਹੀ ਜੰਗ ਵੱਲ ਕੋਈ ਧਿਆਨ ਨਹੀਂ ਦਿੰਦੇ, ਜਦੋਂ ਤੀਕ ਕਿ ਉਹਨਾਂ ਦਾ ਪੁਲਾੜ ਸੁਰੱਖਿਅਤ ਹੈ, ਤੇ ਪਾਣੀ ਦਾ ਸੁਆਦ ਪਾਣੀ ਵਰਗਾ ਹੁੰਦਾ ਹੈ ਤੇ ਉਸਦੀ ਸੁਗੰਧ ਦੁਪਹਿਰ ਤੋਂ ਬਾਅਦ ਵਗਦੀ ਉਸ ਠੰਡੀ ਹਵਾ ਦੀ ਖੁਸ਼ਬੋ ਵਰਗੀ ਹੁੰਦੀ ਹੈ।

ਇਹ ਆਪਣੇ ਆਪ ਸੁਪਨੇ ਦੀ ਵਿਆਖਿਆ ਹੈ।
ਇਹ ਕੁਝ ਹੈ ਜੋ ਹੁਣ ਵਾਪਰ ਰਿਹਾ ਹੈ
ਕਿ ਤੂੰ ਜੀਊਂਦਾ ਹੈ?
ਜਦੋਂ ਤੀਕ ਮੈਂ ਸੁਪਨੇ ਲੈਂਦਾ ਹਾਂ
ਮੈਂ ਜੀਊਂਦਾ ਹੈਂ?
ਮੁਰਦੇ ਸੁਪਨੇ ਥੋੜਾ ਲੈਂਦੇ ਨੇ।
ਕੀ ਤੈਨੂੰ ਵੀ ਕਾਫੀ ਸੁਪਨੇ ਆਉਂਦੇ ਨੇ?
ਜਦੋਂ ਮੌਤ ਮੇਰੇ ਨੇੜੇ ਨੇੜੇ ਆਉਂਦੀ ਹੈ
ਕੀ ਤੂੰ ਜ਼ਿੰਦਾ ਹੈ
ਲੱਗਭਗ ਪਰ ਮੌਤ ਦੀ ਗੁੰਜਾਇਸ਼ ਤਾਂ ਹੁੰਦੀ ਹੈ।
ਕਿਤੇ ਮਰ ਨਾ ਜਾਵੀਂ
ਮੈਂ ਕੋਸ਼ਿਸ ਕਰਾਂਗਾ, ਨਾ ਮਰਨ ਦੀ
ਕੀ ਤੂੰ ਮੈਨੂੰ ਉਦੋਂ ਪਿਆਰ ਕੀਤਾ ਸੀ।
ਮੈਨੂੰ ਨਹੀਂ ਪਤਾ।
ਕੀ ਤੂੰ ਹੁਣ ਮੈਨੂੰ ਪਿਆਰ ਕਰਦਾ ਹੈਂ।
ਨਾ।
ਆਦਮੀ ਔਰਤ ਨੂੰ ਨਹੀਂ ਸਮਝਦਾ
ਤੇ ਔਰਤ ਆਦਮੀ ਨੂੰ ਨਹੀਂ ਸਮਝਦੀ।
ਕੋਈ ਵੀ ਕਿਸੇ ਨੂੰ ਨਹੀਂ ਸਮਝਦਾ।
ਤੇ ਨਾਹੀ ਕੋਈ ਕਿਸੇ ਨੂੰ ਸਮਝਦਾ ਹੈ।
ਕੋਈ ਵੀ ਨਹੀਂ...
ਕੋਈ ਨਾ
ਕੋਈ ਨਾ।

ਸਮੁੰਦਰ ਗਲੀਆਂ, ਵਿੱਚ ਤੁਰ ਰਿਹਾ ਹੈ, ਸਮੁੰਦਰ ਖਿੜਕੀਆਂ ਵਿੱਚ ਤੇ ਮੁਰਝਾਏ ਰੁੱਖਾਂ ਦੀਆਂ ਟਾਹਣੀਆਂ ਵਿੱਚ ਝੂਲਦਾ ਫਿਰਦਾ ਹੈ। ਸਮੁੰਦਰ ਆਕਾਸ਼ ਤੋਂ ਡਿਗਦਾ ਹੈ, ਤੇ ਕਮਰੇ ਵਿੱਚ ਆ ਜਾਂਦਾ ਹੈ। ਨੀਲਾ ਚਿੱਟਾ, ਝੱਗ ਲਹਿਰਾਂ। ਮੈਂ ਸਮੁੰਦਰ ਨੂੰ ਪਸੰਦ ਨਹੀਂ ਕਰਦਾ। ਮੈਨੂੰ ਸਮੁੰਦਰ ਦੀ ਜ਼ਰੂਰਤ ਨਹੀਂ। ਕਿਉਂਕਿ ਮੈਂ ਸਮੁੰਦਰੀ ਤੱਟ ਤੇ ਘੁੱਗੀ ਨਹੀਂ ਵੇਖਦਾ। ਮੈਂ ਸਮੁੰਦਰ ਵਿੱਚ ਸਿਰਫ਼ ਸਮੁੰਦਰ ਵੇਖਦਾ ਹਾਂ, ਹੋਰ ਕੁਝ ਨਹੀਂ।

ਮੈਂ ਤੱਟ ਨਹੀਂ ਵੇਖਦਾ
ਮੈਂ ਘੁੱਗੀ ਨਹੀਂ ਵੇਖਦਾ।

## II

ਕਾਮੋਡੋਰ ਹੋਟਲ ਵਿੱਚ ਜੋ ਕੇ ਬਦੇਸ਼ੀ ਪੱਤਰਕਾਰਾਂ ਦਾ ਗੜ੍ਹ ਹੈ, ਇਕ ਅਮਰੀਕੀ ਪੱਤਰਕਾਰ ਮੈਨੂੰ ਪੁੱਛਦਾ ਹੈ,

"ਕਵੀ-ਜਨ, ਇਸ ਜੰਗ ਵਿੱਚ ਤੁਸੀਂ ਕੀ ਲਿਖ ਰਹੇ ਹੋ?"

– ਮੈਂ ਆਪਣੀ ਚੁੱਪ ਲਿਖ ਰਿਹਾ ਹਾਂ।
– ਕੀ ਤੁਹਾਡਾ ਮਤਲਬ ਹੈ ਕਿ ਹੁਣ ਬੰਦੂਕ, ਨੂੰ ਬੋਲਣਾ ਚਾਹੀਦਾ ਹੈ
– ਹਾਂ, ਉਹਨਾਂ ਦੀ ਆਵਾਜ਼ ਮੇਰੇ ਨਾਲੋਂ ਸ਼ੋਰੀਲੀ ਹੈ,



– ਫਿਰ ਤੁਸੀਂ ਕੀ ਕਰ ਰਹੇ ਹੋ?
– ਮੈਂ ਦ੍ਰਿੜਤਾ ਦਾ ਸੱਦਾ ਦੇ ਰਿਹਾ ਹਾਂ।
– ਤੇ ਕੀ ਤੁਸੀਂ ਜੰਗ ਜਿੱਤ ਜਾਓਗੇ?
– ਨਹੀਂ। ਵੱਡੀ ਗੱਲ ਇਹ ਹੈ ਕਿ ਡਟੇ ਰਹੀਏ। ਡਟੇ ਰਹਿਣਾ ਆਪਣੇ ਆਪ ਵਿੱਚ ਜਿੱਤ ਹੈ।
– ਤੇ ਉਸ ਪਿੱਛੋਂ?
– ਇੱਕ ਨਵਾਂ ਯੁੱਗ ਆਰੰਭ ਹੋਵੇਗਾ।
– ਤੇ ਤੁਸੀਂ ਕਵਿਤਾ ਲਿਖਣ ਕਦੋ ਬੈਠੋਗੇ?
– ਜਦੋਂ ਤੋਪਾਂ ਜ਼ਰਾ ਚੁੱਪ ਹੋ ਗਈਆਂ। ਜਦੋਂ ਮੈਂ ਆਪਣੀ ਚੁੱਪ ਤੋੜੀ। ਇਹ ਸਭ ਆਵਾਜ਼ ਦੀ ਭਰੀ ਹੋਈ ਹੈ। ਜਦੋਂ ਮੈਨੂੰ ਢੁਕਵੀਂ ਜ਼ੁਬਾਨ ਲੱਭੀ
– ਕੀ ਤੁਹਾਡਾ ਹੁਣ ਕੋਈ ਕਰਤਵ ਨਹੀਂ ਹੈ?
– ਨਹੀਂ ! ਹੁਣ ਕਵਿਤਾ ਲਈ ਕੋਈ ਕਾਰਜ ਨਹੀਂ ਹੈ। ਮੇਰਾ ਕਰਤਵ ਕਵਿਤਾ ਤੋਂ ਬਾਹਰ ਹੈ। ਮੇਰਾ ਕਰਤਵ ਏਥੇ ਹਾਜ਼ਰ ਹੋਣਾ ਹੈ, ਸ਼ਹਿਰੀਆਂ ਤੇ ਯੋਧਿਆਂ ਕੋਲ।"

## III

ਤੁਸੀਂ ਯੂਨਾਨ ਜਾਣਾ ਚਾਹੁੰਦੇ ਹੋ। ਤੁਸੀਂ ਪਾਸਪੋਰਟ ਲਈ ਪੁੱਛਦੇ ਹੋ, ਪਰ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਤਾਂ ਸ਼ਹਿਰੀ ਹੀ ਨਹੀਂ। ਕਿਉਂਕਿ ਤੁਹਾਡਾ ਪਿਤਾ ਜਾਂ ਤੁਹਾਡੇ ਰਿਸ਼ਤੇਦਾਰ ਵਿੱਚੋਂ ਕੋਈ ਫਲਿਸਤੀਨ ਦੀ ਜੰਗ ਵੇਲੇ ਭੱਜ ਗਿਆ ਸੀ। ਤੁਸੀਂ ਬੱਚੇ ਸੀ। ਤੇ ਤੁਹਾਨੂੰ ਗਿਆਨ ਹੁੰਦਾ ਹੈ ਕਿ ਕੋਈ ਵੀ ਅਰਬ ਜਿਸ ਨੇ ਉਸ ਵੇਲੇ ਦੇਸ਼ ਛੱਡ ਦਿੰਦਾ ਸੀ, ਤੇ ਫਿਰ ਚੋਰੀ ਵਾਪਸ ਪਰਤ ਆਇਆ ਸੀ, ਨੇ ਆਪਣੀ ਨਾਗਰਿਕਤਾ ਦਾ ਹੱਕ ਗਵਾ ਲਿਆ ਹੈ।

ਤੁਸੀਂ ਪਾਸਪੋਰਟ ਤੋਂ ਪ੍ਰੇਸ਼ਾਨ ਹੁੰਦੇ ਹੋ ਤੇ ਇਕ ਪ੍ਰਮਾਣ ਪੱਤਰ ਬਾਰੇ ਪੁੱਛਦੇ ਹੋ। ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਅਜ਼ਰਾਈਲ ਦੇ ਵਸਨੀਕ ਨਹੀਂ ਹੋ, ਕਿਉਂਕਿ ਤੁਹਾਡੇ ਕੋਲ ਰਿਹਾਇਸ਼ ਦਾ ਸਰਟੀਫਿਕੇਟ ਨਹੀਂ ਹੈ। ਤੁਹਾਨੂੰ ਮਾਖੌਲ ਸੁੱਝਦਾ ਹੈ ਤੇ ਤੁਸੀਂ ਉਹ ਆਪਣੇ ਵਕੀਲ-ਮਿੱਤਰ ਨੂੰ ਦੱਸਣ ਲਈ ਦੌੜਦੇ ਹੋ। "ਵੇਖੋ, ਮੈਂ ਨਾ ਨਾਗਰਿਕ ਹਾਂ, ਨਾ ਹੀ ਵਸਨੀਕ। ਫਿਰ ਮੈਂ ਕੀ ਤੇ ਕਿੱਥੇ ਹਾਂ? ਤੁਸੀਂ ਇਹ ਵੇਖਕੇ ਹੈਰਾਨ ਹੁੰਦੇ ਹੋ ਕਿ ਕਾਨੂੰਨ ਉਹਨਾਂ ਤਰਫ ਹੈ ਤੇ ਤੁਹਾਨੂੰ ਸਾਬਤ ਕਰਨਾ ਪਵੇਗਾ ਕਿ ਤੁਹਾਡੀ ਹੋਂਦ ਹੈ। ਤੁਸੀਂ ਗ੍ਰਹਿ-ਮੰਤਰਾਲੇ ਨੂੰ ਪੁੱਛਦੇ ਹੋ। ਕੀ ਮੈਂ ਏਥੇ ਹਾਂ, ਜਾਂ ਗੈਰ-ਹਾਜ਼ਰ ਹਾਂ। ਮੈਨੂੰ ਕੋਈ ਫਿਲਾਸਫੀ ਦਾ ਮਾਹਰ ਦਿਓ, ਤਾਂ ਕਿ ਮੈਂ ਆਪਣੀ "ਹੋਂਦ ਸਾਬਤ ਕਰ ਸਕਾਂ।

ਫਿਰ ਤੁਹਾਨੂੰ ਪਤਾ ਲੱਗਦਾ ਹੈ ਕਿ ਫਿਲਾਸਫੀ ਪੱਖੋਂ ਤੁਹਾਡੀ ਹੋਂਦ ਹੈ, ਪਰ ਕਾਨੂੰਨੀ ਤੌਰ ਤੇ ਨਹੀਂ ਹੈ।

## IV

ਅਜਿਹੀਆਂ ਹਾਲਤਾਂ (ਬੈਰੂਤ ਦੇ ਘੇਰੇ) ਵਿਚ ਪਾਣੀ ਦਾ ਸਾਡੇ ਕੋਲ ਪਹੁੰਚਣਾ ਇਕ ਕਰਾਮਾਤ ਹੈ। ਕੌਣ ਕਹਿੰਦਾ ਹੈ ਕਿ ਪਾਣੀ ਦਾ ਕੋਈ ਰੰਗ, ਲੱਜ਼ਤ ਜਾਂ ਸੁਗੰਧ ਨਹੀਂ ਹੁੰਦੀ। ਪਾਣੀ ਦਾ ਰੰਗ ਹੁੰਦਾ ਹੈ, ਜਿਹੜਾ ਪਿਆਸ ਦੇ ਲੱਗਣ ਵੇਲੇ ਪ੍ਰਗਟ ਹੁੰਦਾ ਹੈ। ਪਾਣੀ ਦਾ ਰੰਗ ਪੰਛੀਆਂ ਦੀਆਂ ਆਵਾਜ਼ਾਂ ਵਰਗਾ ਹੈ, ਖਾਸ ਕਰਕੇ ਚਿੜੀਆਂ ਦੀਆਂ ਆਵਾਜ਼ਾਂ ਵਰਗਾ। ਪੰਛੀ ਸਮੁੰਦਰ ਵੱਲੋਂ ਆ ਰਹੀ ਜੰਗ ਵੱਲ ਕੋਈ ਧਿਆਨ ਨਹੀਂ ਦਿੰਦੇ, ਜਦੋਂ ਤੀਕ ਕਿ ਉਹਨਾਂ ਦਾ ਪੁਲਾੜ ਸੁਰੱਖਿਅਤ ਹੈ, ਤੇ ਪਾਣੀ ਦਾ ਸੁਆਦ ਪਾਣੀ ਵਰਗਾ ਹੁੰਦਾ ਹੈ ਤੇ ਉਸਦੀ ਸੁਗੰਧ ਦੁਪਹਿਰ ਤੋਂ ਬਾਅਦ ਵਗਦੀ ਉਸ ਠੰਡੀ ਹਵਾ ਦੀ ਖੁਸ਼ਬੋ ਵਰਗੀ ਹੁੰਦੀ ਹੈ।

ਜਿਹੜੀ ਕਣਕ ਦੇ ਚਮਕਦੇ ਖੇਤਾਂ ਦੇ ਭਰੇ ਸਿੱਟਿਆਂ ਵਰਗੀ, ਨਿੱਕੀ ਚਿੜੀ ਦੇ ਫੜਫੜਾਉਂਦੇ ਖੰਭਾਂ ਵਿਚੋਂ ਝਰਦੀ ਰੌਸ਼ਨੀ ਵਰਗੀ ਹੁੰਦੀ ਹੈ।

V

"ਜਦੋਂ ਤੀਕ ਵੀ ਮੇਰੀ ਰੂਹ ਜਿੰਦਾ ਹੈ, ਕੋਈ ਵੀ ਮੇਰੇ ਆਪਣੇ ਦੇਸ਼ ਲਈ ਜੋ ਹਾਲੀ ਵੀ ਮੈਂ ਫਲਿਸਤੀਨ ਹੀ ਸਮਝਦਾ ਹਾਂ", ਮੇਰੀ ਪਿਆਰ ਭਾਵਨਾ ਨੂੰ ਦਬਾਅ ਕੇ ਨਹੀਂ ਰੱਖ ਸਕਦਾ।

VI

ਮੈਂ ਆਪਣੀ ਮਸਰਾਂ ਦੀ ਦਾਲ ਦੀ ਤਰੀ ਦੀ ਕੌਲੀ ਵਿਚੋਂ ਢੋਰੇ ਦੇ ਜੀਵ ਗਿਣਨ ਦਾ ਆਦੀ ਹੋ ਗਿਆ ਸੀ। ਇਹ ਮੇਰੀ ਜੇਲ੍ਹ ਵਿਚਲੀ ਰੋਜ਼ਾਨਾ ਖ਼ੁਰਾਕ ਸੀ ਅਤੇ ਮੈਂ ਆਪਣੀ ਨਿਰਾਸਤਾ ਉੱਤੇ ਕਾਬੂ ਪਾਉਣ ਦਾ ਆਦੀ ਹੋ ਗਿਆ ਸੀ, ਕਿਉਂਕਿ ਲਾਲਸਾ ਲਚਕਦਾਰ ਹੁੰਦੀ ਹੈ ਤੇ ਭੁੱਖ ਲਾਲਸਾ ਨਾਲੋਂ ਤਕੜੀ ਹੁੰਦੀ ਹੈ। ਪਰ ਮੈਂ ਆਪਣੀ ਸਵੇਰ ਦੀ ਗੈਰ-ਹਾਜ਼ਰੀ ਦਾ ਕਦੇ ਵੀ ਆਦੀ ਨਹੀਂ ਸੀ ਹੋਇਆ। ਮੈਨੂੰ ਇਸ ਦੀ ਥਾਂ ਨਿਤਾਰੀ ਹੋਈ ਚਾਹ ਪੀਣੀ ਪੈਂਦੀ ਸੀ। ਕੀ ਇਹੋ ਕਾਰਨ ਸੀ ਕਿ ਮੈਂ ਕਦੇ ਵੀ ਜੇਲ੍ਹ -ਜੀਵਨ ਦਾ ਆਦੀ ਨਹੀਂ ਹੋ ਸਕਿਆ? ਇਕ ਮਿੱਤਰ ਨੇ ਮੇਰੀ ਪਹਿਲੀ ਰਿਹਾਈ ਹੋਣ ਉੱਤੇ ਪੁੱਛਿਆ ਸੀ "ਕੀ ਤੇਰਾ ਸਮਾਂ ਚੰਗਾ ਲੰਘਿਆ ਸੀ?" "ਨਾ" ਮੈਂ ਉੱਤਰ ਦਿੱਤਾ। "ਕਿਉਂਕਿ ਮੈਨੂੰ ਕਾਫ਼ੀ ਨਹੀਂ ਸੀ ਮਿਲਦੀ।" "ਹੱਦ ਹੋ ਗਈ" ਉਹ ਚੀਕ ਉੱਠੀ। "ਮੈਂ ਬਹੁਤੀਆਂ ਤੀਵੀਆਂ ਨੂੰ ਨਹੀਂ ਜਾਣਦੀ, ਜੋ ਸਵੇਰ ਨੂੰ ਕਾਫ਼ੀ ਪੀਣ ਦੀਆਂ ਆਦੀ ਹਨ। ਮੈਂ ਉੱਤਰ ਦਿੱਤਾ, "ਆਦਮੀ ਆਪਣਾ ਦਿਨ ਕਾਫ਼ੀ ਨਾਲ ਸ਼ੁਰੂ ਕਰਦੇ ਹਨ, ਪਰ ਤੀਵੀਆਂ ਹਾਰ ਸ਼ਿੰਗਾਰ ਨਾਲ।"

ਪਰ ਇਸ ਗੱਲ ਨੇ ਮੈਨੂੰ ਏਨਾ ਦੁਖੀ ਨਹੀਂ ਸੀ ਕੀਤਾ। ਇਕ ਸਵੇਰ ਨੂੰ ਇਕ ਸਾਥੀ-ਕੈਦੀ ਨੇ ਮੇਰੇ ਲਈ ਕਾਫ਼ੀ ਦੇ ਇਕ ਪਿਆਲੇ ਦਾ ਪ੍ਰਬੰਧ ਕੀਤਾ। ਮੈਂ ਇਸ ਦੇ ਲਾਲਚ ਵੱਸ ਟੁੱਟ ਕੇ ਪਿਆ, ਪਰ ਸੋਚੀਂ ਪੈ ਗਿਆ, ਜਿਸ ਤੋਂ ਇਕ ਹੋਰ ਕੈਦੀ ਵੀ ਮੇਰੇ ਕੱਪ ਵੱਲ ਭੁੱਖੀਆਂ ਨਜ਼ਰਾਂ ਨਾਲ ਤੱਕਣ ਲੱਗ ਪਿਆ। ਮੈਂ ਉਸ ਨੂੰ ਗੌਲਿਆ ਨਾ, ਕਿਉਂਕਿ ਕੱਪ ਮੇਰੇ ਕਬਜ਼ੇ ਵਿਚ ਸੀ। ਉਸ ਨੂੰ ਅਣਡਿੱਠ ਕਰਕੇ ਮੈਂ ਕਾਫ਼ੀ ਦੀਆਂ ਚੁਸਕੀਆਂ ਲੈਣ ਲੱਗ ਪਿਆ, ਪਰ ਪਿੱਛੋਂ ਇਸ ਖੁਸ਼ੀ ਨੇ ਮੇਰੇ ਮਨ ਵਿਚ ਪਛਤਾਵੇ ਦੇ ਭਾਵ ਪੈਦਾ ਕੀਤੇ।

ਇਹ ਵੀਹ ਸਾਲ ਪਹਿਲਾਂ ਦੀ ਗੱਲ ਹੈ, ਪਰ ਫਿਰ ਵੀ ਇਹ ਭੁੱਖੀਆਂ ਨਜ਼ਰਾਂ ਅਜੇ ਵੀ ਮੈਨੂੰ ਚੇਤੇ ਆਉਂਦੀਆਂ ਹਨ। ਜੋ ਮੈਨੂੰ ਆਪਣੇ ਆਪ ਦਾ ਨਿਰੀਖਣ ਕਰਨ ਲਈ ਆ ਜਾਂਦੀਆਂ ਹਨ ਤੇ ਆਪਣਾ ਵਿਹਾਰ ਦਰੁਸਤ ਕਰਨ ਲਈ ਕਹਿੰਦੀਆਂ ਹਨ। ਕਿਉਂਕਿ ਜੇਲ੍ਹ ਵਿਚ ਵੰਡ ਕੇ ਖਾਣਾ ਦਿਆਲਤਾ ਦੀ ਨਿਸ਼ਾਨੀ ਹੁੰਦੀ ਹੈ। ਮੈਂ ਉਸ ਗੁਨਾਹ ਤੋਂ ਕਦੇ ਵੀ ਛੁਟਕਾਰਾ ਨਾ ਪਾ ਸਕਿਆ, ਭਾਵੇਂ ਕਿ ਮੈਂ ਉਸ ਨੂੰ ਸਿਗਰਟ ਦੇ ਕਈ ਟੋਟੇ ਦੇ ਕੇ ਨਿਵਾਜਦਾ ਰਿਹਾ ਤਾਕਿ ਮੈਂ ਆਪਣਾ ਮਨੋਵਿਗਿਆਨਕ ਸੰਤੁਲਨ ਪ੍ਰਾਪਤ ਕਰ ਸਕਾਂ। ਕੇਹਾ ਸਵਾਰਥ ਪੁਣਾ ਸੀ। ਮੈਂ ਇਕ ਸਾਥੀ ਕੈਦੀ ਨੂੰ ਅੱਧਾ ਪਿਆਲਾ ਕਾਫ਼ੀ ਦਾ ਨਾ ਦੇ ਸਕਿਆ, ਜਿਸ ਤੋਂ ਮੇਰੀ ਕਿਸਮਤ ਨੇ ਮੈਨੂੰ ਸਜ਼ਾ ਦੇਣ ਲਈ ਉਕਸਾਇਆ। ਇਕ ਹਫ਼ਤਾ ਬਾਅਦ ਮੇਰੀ ਮਾਂ ਮੈਨੂੰ ਮਿਲਣ ਆਈ ਤੇ ਉਹ ਕਾਫ਼ੀ ਦੀ ਭਰੀ ਕੇਤਲੀ ਲੈ ਆਈ, ਪਰ ਪਹਿਰੇਦਾਰ ਨੇ ਉਹ ਘਾਹ ਉੱਤੇ ਡੋਲ੍ਹ ਦਿੱਤੀ।

VII

ਕਾਫ਼ੀ ਕਾਹਲੀ ਵਿਚ ਨਹੀਂ ਪੀਤੀ ਜਾਣੀ ਚਾਹੀਦੀ। ਇਹ ਸਮੇਂ ਦੀ ਭੈਣ ਹੈ ਤੇ ਇਹ ਹੌਲੀ-ਹੌਲੀ ਚੁਸਕੀਆਂ ਲੈ ਕੇ ਪੀਤੀ ਜਾਣੀ ਚਾਹੀਦੀ ਹੈ। ਕਾਫ਼ੀ ਸੁਆਦ ਦੀ ਆਵਾਜ਼ ਹੈ, ਇਕ ਸੁਗੰਧ ਦੀ ਆਵਾਜ਼। ਇਹ ਸਿਮਰਨ ਹੈ, ਅਤੇ ਰੂਹ ਤੇ ਯਾਦਾਂ ਵਿਚ ਖੁੱਭ ਜਾਣਾ



ਹੁੰਦਾ ਹੈ। ਕਾਫ਼ੀ ਇਕ ਆਦਤ ਹੈ, ਸਿਗਰਿਟ ਦੇ ਨਾਲ ਤੇ ਇਸ ਨਾਲ ਇਕ ਹੋਰ ਆਦਤ ਨੂੰ ਜੋੜ ਲੈਣਾ ਚਾਹੀਦਾ ਹੈ। ਅਖ਼ਬਾਰ ਦੀ ਨੂੰ।

ਪਰ ਅਖ਼ਬਾਰ ਕਿੱਥੇ ਹੈ? ਸਵੇਰ ਦੇ ਛੇ ਵਜੇ ਹਨ ਤੇ ਮੈਂ ਦੋਜ਼ਖ਼ ਵਿਚ ਪਿਆ ਹਾਂ। ਪਰ ਖ਼ਬਰ ਉਹ ਹੁੰਦੀ ਹੈ ਜੋ ਪੜ੍ਹੀ ਜਾਵੇ, ਨਾ ਕਿ ਸੁਣੀ ਜਾਵੇ। ਖ਼ਬਰ ਦੇ ਲਿਖੇ ਜਾਣ ਤੋਂ ਪਹਿਲਾਂ, ਘਟਨਾ ਅਸਲ ਵਿਚ ਘਟਨਾ ਨਹੀਂ ਹੁੰਦੀ। ...... ਮੇਰੇ ਲਈ ਸਵੇਰ ਦੀ ਅਖ਼ਬਾਰ ਇਕ ਨਸ਼ਾ ਹੈ। ਕਿੱਥੇ ਹੈ ਅਖ਼ਬਾਰ?

ਜੈੱਟ ਜਹਾਜ਼ਾਂ ਦੀ ਪ੍ਰੇਸ਼ਾਨੀ ਵਧਦੀ ਜਾਂਦੀ ਹੈ। ਆਕਾਸ਼ ਪਾਗਲ ਹੋ ਗਿਆ ਹੈ, ਬਿਲਕੁਲ ਜੰਗਲੀ। ਇਹ ਸਰਾਪੀ ਇਕ ਚਿਤਾਵਨੀ ਹੈ ਕਿ ਅੱਜ ਰਚਨਾ ਦਾ ਆਖਰੀ ਦਿਨ ਹੋਵੇਗਾ। ਉਹ ਹੁਣ ਹੋਰ ਕਿੱਥੋਂ ਹਮਲਾ ਕਰਨ ਵਾਲੇ ਨੇ?

ਕੀ ਹਵਾਈ ਅੱਡੇ ਦਾ ਲਾਗਲਾ ਇਲਾਕਾ ਏਨਾ ਵੱਡਾ ਹੈ ਕਿ ਉਹ ਸਾਰੇ ਗੋਲਿਆਂ ਨੂੰ ਹਜ਼ਮ ਕਰ ਲਵੇਗਾ? ਕੀ ਉਹ ਸਮੁੰਦਰ ਨੂੰ ਕਤਲ ਕਰਨ ਦੇ ਕਾਬਲ ਹਨ?

IX

ਪਾਕਿਸਤਾਨ ਤੋਂ ਸਾਡਾ ਮਹਾਨ ਮਿੱਤਰ ਫ਼ੈਜ਼ ਅਹਿਮਦ ਫ਼ੈਜ਼, ਇਕ ਹੋਰ ਪ੍ਰਸ਼ਨ ਵਿੱਚ ਰੁਝਿਆ ਹੋਇਆ ਹੈ।

"ਕਲਾਕਾਰ ਕਿੱਥੇ ਹਨ?"

"ਕਿਹੜੇ ਕਲਾਕਾਰ ਫ਼ੈਜ਼?" ਮੈਂ ਪੁੱਛਦਾ ਹਾਂ।

"ਬੈਰੂਤ ਦੇ ਕਲਾਕਾਰ"

"ਤੁਸੀਂ ਉਹਨਾਂ ਤੋਂ ਕੀ ਕਰਵਾਉਣਾ ਹੈ?"

"ਸ਼ਹਿਰ ਦੀਆਂ ਕੰਧਾਂ ਉੱਤੇ ਇਸ ਜੰਗ ਦੇ ਚਿੱਤਰ ਬਣਾਉਣ।"

"ਕਮਲਾ ਤਾਂ ਨਹੀਂ ਹੋ ਗਿਆ?" ਮੈਂ ਚੀਕ ਉੱਠਦਾ ਹਾਂ। ਕੀ ਤੂੰ ਵੇਂਹਦਾ ਨਹੀਂ ਕਿ ਕੰਧਾਂ ਢਹਿ ਰਹੀਆਂ ਹਨ?"

(ਨੋਟ:-1982 ਦੇ ਬੈਰੂਤ ਦੇ ਘੇਰੇ ਨਾਲ ਸਬੰਧਤ ਯਾਦਾਂ ਦੀ ਵਾਰਤਕ ਪੁਸਤਕ Memory for forgetfullness ਵਿਚੋਂ ਕੁਝ ਟੁਕੜੀਆਂ •

ਮਹਿਮੂਦ ਦਰਵੇਸ਼ ਦੀਆਂ ਕੁਝ ਚੋਣਵੀਆਂ ਕਵਿਤਾਵਾਂ — ਅਨੁਵਾਦ ਹ.ਸ.ਹ.

## 1. ਇਕ ਸੈਨਿਕ ਫੁੱਲਾਂ ਦੇ ਸੁਪਨੇ ਲੈਂਦਾ ਹੈ।

ਉਹ ਗੁਲੇ-ਲਾਲਾ (Tulips)
ਜ਼ੈਤੂਨ ਦੀ ਟਾਹਣੀ,
ਸੰਧਿਆ ਦੇ ਖਿੜਾਓ ਵਿਚ ਉਸ ਦੀਆਂ ਛਾਤੀਆਂ,
ਦਾ ਸੁਪਨਾ ਲੈਂਦਾ ਹੈ।
ਉਹ ਮੈਨੂੰ ਦੱਸਦਾ ਹੈ
ਉਹ ਇੱਕ ਪੰਛੀ ਤੇ ਨਿੰਬੂਆਂ ਦੇ ਫੁੱਲਾਂ
ਦਾ ਸੁਪਨਾ ਲੈਂਦਾ ਹੈ।
ਉਹ ਆਪਣੇ ਸੁਪਨਾ ਦਾ
ਬੌਧਿਕੀ-ਕਰਨ ਨਹੀਂ ਕਰਦਾ
ਉਹ ਚੀਜ਼ਾਂ ਨੂੰ ਇਵੇਂ ਸਮਝਦਾ ਹੈ

ਜਿਵੇਂ ਅਨੁਭਵ ਕਰਦਾ ਤੇ ਸੁੰਘਦਾ ਹੈ

ਉਹ ਦੱਸਦਾ ਹੈ,
ਉਸ ਲਈ ਘਰ ਦਾ ਅਰਥ
ਮਾਂ ਦੀ ਬਣੀ ਕਾਫ਼ੀ ਪੀਣਾ
ਤੇ ਰਾਤ ਪਏ ਵਾਪਸ ਘਰ ਪਰਤਣਾ ਹੈ।"

ਤੇ ਦੇਸ਼ ਬਾਰੇ
"ਮੈਂ ਦੇਸ਼ ਬਾਰੇ ਕੁਝ ਨਹੀਂ ਜਾਣਦਾ" ਉਸ ਨੇ ਕਿਹਾ'
ਮੈਂ ਇਸਨੂੰ ਆਪਣੇ ਲਹੂ-ਮਾਸ ਵਿਚ
ਅਨੁਭਵ ਨਹੀਂ ਕਰਦਾ, ਜਿਵੇਂ ਕਿ ਲੋਕ ਕਵਿਤਾਵਾਂ ਵਿਚ ਆਖਦੇ ਨੇ

ਅਚਾਨਕ ਹੀ ਮੈਂ ਦੇਸ਼ ਨੂੰ ਇੰਝ ਤੱਕਿਆ
ਜਿਵੇਂ ਕੋਈ, ਲੂਣ-ਤੇਲ ਦੀ ਹੱਟੀ,
ਕਿਸੇ ਗਲੀ ਤੇ ਅਖਬਾਰ ਨੂੰ ਵੇਖਦਾ ਹੈ,
ਮੈਂ ਉਸ ਨੂੰ ਪੁੱਛਿਆ,

"ਪਰ ਕੀ ਤੂੰ ਦੇਸ਼ ਨੂੰ ਪਿਆਰ ਨਹੀਂ ਕਰਦਾ?
"ਮੇਰਾ ਪਿਆਰ ਪਿਕਨਿਕ ਹੈ, ਉਸ ਕਿਹਾ
ਵਾਈਨ ਦਾ ਗਲਾਸ
ਤੇ ਇਸ਼ਕ"

– ਕੀ ਤੂੰ ਦੇਸ਼ ਲਈ ਮਰੇਂਗਾ?
– ਨਾ, ਨਾ !
ਦੇਸ਼ ਨਾਲ ਮੇਰਾ ਮੋਹ
ਕਿਸੇ ਕਹਾਣੀ ਜਾਂ ਭੜਕਾਊ ਭਾਸ਼ਣ ਤੋਂ ਵੱਧ ਨਹੀਂ,
ਉਹਨਾਂ ਮੈਨੂੰ ਇਸ ਨੂੰ ਪਿਆਰ ਕਰਨ ਦੀ ਸਿਖਿਆ ਦਿੱਤੀ ਸੀ,
ਪਰ ਮੈਂ ਕਦੇ ਵੀ ਆਪਣੇ ਦਿਲ ਵਿਚ ਮਹਿਸੂਸ ਨਹੀਂ ਕੀਤਾ।
ਮੈਂ ਕਦੇ ਵੀ ਇਸ ਦੀਆਂ ਜੜ੍ਹਾਂ ਤੇ
ਟਾਹਣੀਆਂ ਨੂੰ ਨਹੀਂ ਜਾਣਿਆ
ਨਾ ਹੀ ਇਸ ਦੇ ਘਾਹ ਦੀ ਮਹਿਕ ਨੂੰ "

ਤੇ ਇਸ ਦੇ ਪਿਆਰ ਬਾਰੇ
ਕੀ ਇਹ ਸੂਰਜਾਂ ਵਾਂਗ ਤੇ ਖ਼ਾਹਿਸ਼
ਵਾਂਗ ਬਲਦਾ ਸੀ ?

ਉਸ ਨੇ ਸਿੱਧਾ ਮੇਰੇ ਵੱਲ ਵੇਖਿਆ
ਤੇ ਕਿਹਾ," ਮੈਂ ਇਸ ਨੂੰ ਆਪਣੀ ਬੰਦੂਕ ਨਾਲ ਪਿਆਰ ਕਰਦਾਂ।
ਤੇ ਬੀਤੇ ਦੇ ਕੂੜੇ ਵਿੱਚੋਂ ਪ੍ਰੀਤੀ-ਭੋਜਨਾਂ ਨੂੰ ਪੁੱਟਦਾ ਹੋਇਆ
ਤੇ ਗੁੰਗੇ ਬੋਲੇ ਬੁੱਤ ਵਾਂਗ



ਜਿਸ ਦੀ ਉਮਰ ਤੇ ਅਰਥ ਪਤਾ ਨਹੀਂ।

ਉਸ ਨੇ ਆਪਣੀ ਵਿਦਾਇਗੀ ਦੇ ਪਲ ਬਾਰੇ ਦੱਸਿਆ
ਜਿਵੇਂ ਉਸ ਦੀ ਮਾਂ ਚੁੱਪ-ਚਾਪ ਰੋਈ ਸੀ
ਜਦੋਂ ਉਹ ਉਸ ਨੂੰ ਮੋਰਚੇ ਵੱਲ ਲੈ ਗਏ।

ਕਿਵੇਂ ਉਸ ਦੀ ਪੀੜਤ ਆਵਾਜ਼ ਨੇ
ਉਸ ਦੇ ਜਿਸਮ ਵਿੱਚ ਇੱਕ ਨਵੀਂ ਆਸ ਨੂੰ ਜਨਮ ਦਿੱਤਾ ਸੀ।
ਕਿ ਸ਼ਾਇਦ ਜੰਗ ਦੀ ਵਜ਼ਾਰਤ ਵਿੱਚੋਂ
ਘੁੱਗੀਆਂ ਦੇ ਝੁੰਡ ਉਡਾਰੀ ਮਾਰਨ।

ਉਸ ਨੇ ਆਪਣੀ ਸਿਗਰਿਟ ਕੱਢੀ ਤੇ ਇੰਝ ਕਿਹਾ,
ਜਿਵੇਂ ਕੋਈ ਲਹੂ ਦੀ ਦਲਦਲ ਵਿੱਚੋਂ ਦੀ ਦੌੜਦਾ ਹੈ
" ਮੈਂ ਚਿੱਟੇ Tulips
ਜੈਤੂਨ ਦੀ ਟਾਹਣੀ
ਤੇ ਸਰਘੀ ਵੇਲੇ, ਨਿੰਬੂ ਦੀ ਟਾਹਣੀ
ਨੂੰ ਗਲਵੱਕੜੀ ਪਾਉਂਦੇ ਪੰਛੀ ਦਾ ਸੁਪਨਾ ਲਿਆ ਸੀ।"
–ਤੇ ਤੂੰ ਕੀ ਤੱਕਿਆ
–ਮੈਂ ਉਹੀ ਕੁਝ ਵੇਖਿਆ, ਜੋ ਕੀਤਾ ਸੀ।
ਇਕ ਲਹੂ-ਰੰਗੀ ਕੰਡਿਆਲੀ-ਝਾੜੀ ।
ਮੈਂ ਉਹਨਾਂ ਨੂੰ ਫੱਟੜ ਕਰਕੇ ਰੇਤ ਵਿਚ ਪਟਕਾ ਮਾਰਿਆ
ਉਹਨਾਂ ਦੀਆਂ ਛਾਤੀਆਂ ਵਿੱਚ......
ਉਹਨਾਂ ਦੇ ਢਿੱਡਾਂ ਵਿਚ"
ਤੁਸੀਂ ਕਿੰਨੇ ਮਾਰ-ਮੁਕਾਏ ?
ਇਹ ਦੱਸਣਾ ਮੁਸ਼ਕਿਲ ਹੈ
ਮੈਨੂੰ ਇੱਕ ਤਗਮਾਂ ਮਿਲਿਆ ਸੀ।

ਦੁਖੀ ਹੋਏ ਨੇ, ਮੈਂ ਉਸ ਨੂੰ ਮਾਰੇ ਗਏ ਕਿਸੇ ਇੱਕ
ਬੰਦੇ ਬਾਰੇ ਦੱਸਣ ਲਈ ਕਿਹਾ।

ਉਹ ਆਪਣੀ ਕੁਰਸੀ ਤੋਂ ਉੱਠਿਆ
ਤੇ ਅਖਬਾਰ ਨੂੰ ਫੋਲਣ ਲੱਗ ਪਿਆ'
ਫਿਰ ਕਿਹਾ ਜਿਵੇਂ ਕੋਈ ਗੀਤ ਪਾਟ ਨਿਕਲਿਆ ਹੋਵੇ,
" ਉਹ ਪੱਥਰਾਂ ਉੱਤੇ
ਤੰਬੂ ਵਾਂਗ ਢੇਰੀ ਹੋ ਗਿਆ
ਤੇ ਪਾਟੇ ਹੋਏ ਨਖੱਤਰਾਂ ਨੂੰ ਘੁੱਟਦਾ ਹੋਇਆ
ਉਸ ਦਾ ਚੌੜਾ ਮੱਥਾ ਲਹੂ ਨਾਲ
ਗੜੁੱਚ ਸੀ।
ਉਸ ਦੀ ਛਾਤੀ ਤਗਮਿਆਂ ਤੋਂ ਸੱਖਣੀ ਸੀ।
ਉਹ ਚੰਗਾ ਸਿਖਿਅਤ-ਲੜਾਕਾ ਨਹੀਂ ਸੀ

ਸਗੋਂ ਇੱਕ ਕਿਸਾਨ, ਇੱਕ ਮਜ਼ਦੂਰ
ਜਾਂ ਫੇਰੀ-ਵਾਲਾ ਜਾਪਦਾ ਸੀ।

ਉਹ ਤੰਬੂ ਵਾਂਗ ਡਿੱਗਾ ਤੇ ਮਰ ਗਿਆ
ਉਸ ਦੀਆਂ ਬਾਹਵਾਂ ਸੁੱਕੇ ਨਾਲੇ ਦੇ ਪਾੜ
ਵਾਂਗ ਫੈਲੀਆਂ ਹੋਈਆਂ ਸਨ।

ਜਦੋਂ ਮੈਂ ਉਸ ਦਾ ਨਾਂ ਜਾਨਣ ਲਈ
ਉਸ ਦੀ ਜੇਬ ਫੋਲੀ
ਤਾਂ ਮੈਨੂੰ ਦੋ ਤਸਵੀਰਾਂ ਲੱਭੀਆਂ
ਇਕ ਉਸ ਦੀ ਪਤਨੀ ਦੀ
ਤੇ ਦੂਸਰੀ ਉਸ ਦੀ ਧੀ ਦੀ।"
ਕੀ ਤੂੰ ਉਦਾਸ ਨਾ ਹੋਇਆ? ਮੈਂ ਪੁੱਛਿਆ
ਮੇਰੀ ਗੱਲ ਨੂੰ ਟੋਕਦਾ ਹੋਇਆ ਆਖਣ ਲੱਗਾ,
"ਮੇਰੇ ਮਿੱਤਰ ਸੁਣ
ਉਦਾਸੀ ਉਹ ਚਿੱਟਾ ਪਿੰਦਾ ਹੈ
ਜੋ ਮੈਦਾਨੇ-ਜੰਗ ਦੇ ਲਾਗੇ ਨਹੀਂ ਫਟਕਦਾ।
ਸਿਪਾਹੀ ਗੁਨਾਹ ਕਰਦੇ ਹਨ, ਜਦੋਂ ਉਹ ਉਦਾਸ ਹੁੰਦੇ ਨੇ।
ਮੈਂ ਉਥੇ ਇੱਕ ਉਸ ਮਸ਼ੀਨ ਵਾਂਗ ਸੀ,
ਜੋ ਦੋਜ਼ਖ ਦੀ ਅੱਗ ਤੇ ਮੌਤ
ਦਾ ਮੀਂਹ ਵਰ੍ਹਾਉਂਦੀ ਹੈ,
ਤੇ ਪੁਲਾੜ ਨੂੰ ਕਾਲੇ ਪੰਛੀ ਵਿਚ ਬਦਲ ਦਿੰਦੀ ਹੈ।"

ਉਸ ਨੇ ਮੈਨੂੰ ਆਪਣੇ ਪਹਿਲੇ ਪਿਆਰ,
ਬਾਰੇ ਦੱਸਿਆ
ਤੇ ਪਿੱਛੋਂ ਦੁਰਾਡੀਆਂ ਗਲੀਆਂ
ਪ੍ਰੈਸ ਤੇ ਰੇਡੀਓ ਤੋਂ
ਜੰਗ ਬਾਰੇ ਆਪਣੇ ਪ੍ਰਤੀ ਕਰਮਾਂ ਬਾਰੇ।
ਜਦੋਂ ਉਸ ਨੇ ਰੁਮਾਲ ਨਾਲ ਖੰਘ ਰੋਕੀ
ਤਾਂ ਮੈਂ ਪੁੱਛਿਆ
"ਕੀ ਅਸੀਂ ਫਿਰ ਵੀ ਮਿਲਾਂਗੇ?
ਹਾਂ, ਪਰ ਕਿਸੇ ਦੂਰ-ਦੁਰਾਡੇ ਸ਼ਹਿਰ ਵਿੱਚ'

ਜਦੋਂ ਮੈਂ ਉਸ ਦਾ ਚੌਥਾ ਗਲਾਸ ਭਰਿਆ
ਤਾਂ ਮੈਂ ਮਖੌਲ ਵਜੋਂ ਪੁੱਛਿਆ, "ਕੀ ਪੈਰ ਉੱਖੜ ਗਏ ?
ਤੇ ਦੇਸ਼ ਬਾਰੇ ਕੀ ਰਾਏ ਹੈ?
ਕਹਿਣ ਲੱਗਾ,"ਇੱਕ ਮਿੰਟ ਰੁਕੋ।
ਮੈਂ ਚਿੱਟੇ (Tulips) ਫੁੱਲਾਂ, ਗੀਤ ਦੀਆਂ ਗਲੀਆਂ,
ਚਾਨਣ ਦੇ ਘਰ ਬਾਰੇ ਸੁਪਨਾ ਲੈਂਦਾ ਹਾਂ'
ਮੈਨੂੰ ਮਿਹਰਬਾਨ ਦਿਲ ਦੀ ਲੋੜ ਹੈ



ਗੋਲੀ ਦੀ ਨਹੀਂ।
ਮੈਂ ਚਮਕਦਾ ਦਿਨ ਚਾਹੁੰਦਾ ਹਾਂ,
ਪਾਗਲ, ਤੇ ਜਿੱਤ ਦੀ ਫਾਸ਼ੀਵਾਦੀ ਘੜੀ ਨਹੀਂ।
ਮੈਂ ਹਾਸੇ ਵਿੱਚ ਦਿਨ ਬਤੀਤ ਕਰਨ ਲਈ
ਬੱਚੇ ਦੀ ਲੋੜ ਅਨੁਭਵ ਕਰਦਾਂ'
ਜੰਗ ਦਾ ਹਥਿਆਰ ਨਹੀਂ.
ਮੈਂ ਚੜ੍ਹਦੇ ਸੂਰਜਾਂ ਹੇਠ ਰਹਿਣ ਲਈ ਆਇਆ ਸੀ
ਡੁੱਬਦਿਆਂ ਨੂੰ ਵੇਖਣ ਲਈ ਨਹੀਂ।

ਉਸ ਨੇ ਅਲਵਿਦਾ-ਆਖੀ
ਤੇ ਚਿੱਟੇ Tulips)ਫੁੱਲਾਂ
ਜ਼ੈਤੂਨ ਦੀ ਟਾਹਣੀ ਤੇ ਬੈਠੇ
ਸਰਘੀ ਦਾ ਸੁਆਗਤ ਵਾਲੇ ਪੰਛੀ ਨੂੰ
ਲੱਭਣ ਚਲਾ ਗਿਆ।
ਉਹ ਚੀਜ਼ਾਂ ਨੂੰ ਅਨੁਭਵ ਕਰਕੇ
ਅਤੇ ਸੁੰਘ ਕੇ ਸਮਝਦਾ ਹੈ
ਦੇਸ਼ ਉਸ ਲਈ, ਮਾਂ ਦੀ ਬਣੀ ਕਾਫ਼ੀ ਪੀਣਾ
ਤੇ ਰਾਤ ਪਏ, ਸੁਰੱਖਿਅਤ ਘਰ ਪਰਤਣਾ ਹੈ। •

(1967)

## 2. ਕਾਮ-ਸੂਤਰ ਵਿੱਚੋਂ ਸਬਕ

ਆਸਮਾਨੀ ਰੰਗ ਦੇ ਪਿਆਲੇ ਨਾਲ
ਉਸ ਦੀ ਉਡੀਕ ਕਰੀਂ।
ਬਸੰਤ ਰੁੱਤ ਵਿੱਚ, ਸ਼ਾਮ ਨੂੰ
ਮਹਿਕਾਂ ਖਿਲਾਰਦੇ ਗੁਲਾਬਾਂ ਵਿੱਚ,
ਉਸ ਦੀ ਉਡੀਕ ਕਰੀਂ।
ਪਹਾੜਾਂ ਲਈ ਸਿਖਾਏ ਹੋਏ ਘੋੜੇ
ਦੇ ਧੀਰਜ ਨਾਲ ਉਸ ਦੀ ਉਡੀਕ ਰੱਖੀਂ
ਰਾਜਕੁਮਾਰ ਦੇ ਕਲਾਤਮਿਕ ਤੇ ਅਲੋਕਾਰ ਸੁਆਦ
ਨਾਲ ਉਸ ਦਾ ਇੰਤਜ਼ਾਰ ਕਰੀਂ।

ਬੱਦਲ ਦੇ ਸੱਤ ਸਰ੍ਹਾਣਿਆਂ ਨਾਲ
ਉਸ ਦੀ ਉਡੀਕ ਕਰੀਂ।
ਔਰਤ ਦੀਆਂ ਮੀਢੀਆਂ ਵਿੱਚੋਂ
ਆਉਂਦੇ ਹਵਾ ਦੇ ਸੁਗੰਧਤ ਬੁੱਲੇ ਨਾਲ
ਉਸ ਦੀ ਉਡੀਕ ਰੱਖੀਂ।

ਘੋੜੇ ਦੀ ਪਿੱਠ ਤੇ ਮਰਦਾਂ ਵਾਲੀ
ਚੰਦਨ ਦੀ ਮਹਿਕ ਨਾਲ ਉਸ ਦੀ ਉਡੀਕ ਕਰੀਂ,

ਉਡੀਕ ਰੱਖੀਂ ਤੇ ਕਾਹਲਾ ਨਾ ਪਵੀਂ।
ਜੇ ਉਹ ਦੇਰ ਨਾਲ ਆਵੇ
ਤਾਂ ਵੀ ਉਡੀਕ ਰੱਖੀਂ।

ਉਸ ਦੇ ਗੁੰਦੇ ਹੋਏ ਵਾਲਾਂ ਵਿਚਾਲੇ
ਪਿੰਦਿਆਂ ਨੂੰ ਡਰਾ ਨਾ ਦੇਵੀਂ।
ਪੂਰੀ ਤਰ੍ਹਾਂ ਖਿੜੇ ਹੋਏ ਬਾਗ ਵਿਚ
ਘੜੀ-ਪਲ ਲਈ ਬਹਿਣ ਵਾਸਤੇ
ਉਸ ਦਾ ਇੰਤਜ਼ਾਰ ਕਰੀਂ।
ਉਡੀਕੀਂ ਕਿ ਉਹ ਇਸ ਹਵਾ ਵਿਚ ਸਾਹ ਲੈ ਸਕੇ
ਜੋ ਉਸ ਦੇ ਦਿਲ ਲਈ ਅਲੋਕਾਰ ਹੈ,
ਉਡੀਕੀਂ ਕਿ ਉਹ ਬੱਦਲ-ਦਰ ਬੱਦਲ
ਆਪਣੀ ਲੱਤ ਤੋਂ ਲੀੜਾ ਉਤਾਂਹ ਚੁੱਕੇ।
ਉਸ ਨੂੰ ਉਡੀਕ ਲਵੀਂ।

ਉਸ ਨੂੰ ਬਾਲਕੋਨੀ ਵਿੱਚ ਲੈ ਜਾਵੀਂ
ਤਾਕਿ ਉਹ ਚੰਨ ਨੂੰ ਦੁੱਧ ਵਿਚ ਡੁੱਬਦਾ ਤੱਕ ਲਵੇ।
ਉਸ ਦਾ ਇੰਤਜ਼ਾਰ ਕਰੀਂ
ਤੇ ਵਾਈਨ ਤੋਂ ਪਹਿਲਾਂ ਪਾਣੀ ਪੇਸ਼ ਕਰੀਂ।
ਉਸ ਦੀ ਛਾਤੀ ਵਿਚ ਸੁੱਤੇ ਦੋ ਜੋੜੇ ਤਿੱਤਰਾਂ
ਵੱਲ ਨਾ ਤੱਕੀਂ।
ਉਡੀਕ ਲਵੀਂ ਤੇ ਹੌਲੀ ਜਹੀ
ਉਸ ਦੇ ਹੱਥ ਨੂੰ ਛੋਹੀਂ
ਜਦੋਂ ਉਹ ਸੰਗ-ਮਰ-ਮਰ ਉੱਤੇ
ਪਿਆਲਾ ਟਿਕਾਵੇ।

ਇੰਝ ਉਡੀਕੀਂ,
ਜਿਵੇਂ ਤੂੰ ਉਸ ਲਈ ਤ੍ਰੇਲ ਲਿਜਾ ਰਿਹਾ ਹੋਵੇਂ।
ਉਸ ਨਾਲ ਇੰਝ ਬੋਲੀਂ,
ਜਿਵੇਂ ਬੰਸਰੀ
ਡੁੱਬਦੀ ਹੋਈ ਸਿਤਾਰ ਦੀ ਤਾਰ
ਨਾਲ ਬੋਲਦੀ ਹੈ।
ਇੰਝ ਜਿਵੇਂ ਤੈਨੂੰ ਪਤਾ ਹੋਵੇ
ਕਿ ਕੱਲ੍ਹ ਨੂੰ ਕੀ ਹੋਣ ਵਾਲਾ ਹੈ।
ਉਡੀਕੀਂ
ਤੇ ਮੁੰਦਰੀ ਨਾਲ ਮੁੰਦਰੀ ਵਟਾ
ਉਸ ਦੀ ਰਾਤ ਨੂੰ ਰੰਗਤ ਕਰੀਂ।

ਉਡੀਕੀਂ, ਜਦੋਂ ਤੱਕ ਕਿ ਰਾਤ ਤੈਨੂੰ ਇਸ ਤਰ੍ਹਾਂ ਨਾ ਕਹੇ।



"ਤੁਹਾਡੇ ਦੋਹਾਂ ਤੋਂ ਬਿਨਾਂ
ਕੋਈ ਜ਼ਿੰਦਾ ਨਹੀਂ ਰਿਹਾ।
ਤੇ ਹੁਣ ਹੌਲੀ ਜਹੀ ਉਸ ਨੂੰ ਮੌਤ ਕੋਲ ਲੈ ਚੱਲ
ਜਿਵੇਂ ਤੂੰ ਚਾਹੁੰਦਾ ਹੈ
ਤੇ ਉਡੀਕੀਂ।" • (1999)

## 3. ਇੱਕ ਆਦਮੀ

ਉਸ ਦੇ ਮੂੰਹ ਨੂੰ ਜ਼ੰਜੀਰਾਂ ਨਾਲ ਭਰ
ਉਹਨਾਂ ਨੇ ਮੌਤ ਦੀ ਚੱਟਾਨ ਨਾਲ ਬੰਨ ਦਿੱਤਾ
ਤੇ ਕਿਹਾ,"ਤੁਸੀਂ ਹਤਿਆਰੇ ਹੋ,
ਉਸ ਦੀ ਰੋਟੀ, ਕੱਪੜੇ ਤੇ ਝੰਡੇ ਖੋਹ ਕੇ,
ਉਹਨਾਂ ਨੇ ਉਸ ਨੂੰ ਮੌਤ ਦੇ ਕਮਰੇ ਵਿੱਚ ਡੱਕ ਦਿੱਤਾ
ਤੇ ਆਖਿਆ," ਤੁਸੀਂ ਚੋਰ ਹੋ"।
ਉਸ ਨੂੰ ਸਾਰੀਆਂ ਬੰਦਰਗਾਹਾਂ 'ਤੇ ਧੱਕੇ ਮਾਰੇ ਗਏ
ਉਹਦੀ ਪਿਆਰੀ ਛੋਟੀ ਬੱਚੀ ਨੂੰ ਖੋਹ ਕੇ
ਉਹਨਾਂ ਆਖਿਆ ,"ਤੂੰ ਸ਼ਰਨਾਰਥੀ ਹੈਂ"
ਆਪਣੇ ਖ਼ੂਨੀ ਦਸਤਾਨੇ ਤੇ ਗੁੱਸੇ ਭਰੇ ਹੱਥਾਂ ਨੂੰ ਦੱਸੋ
ਰਾਤ ਚਲੀ ਜਾਵੇਗੀ
ਜ਼ੰਜ਼ੀਰ ਤੇ ਜੇਲ੍ਹ ਦੇ ਨਿਸ਼ਾਨ ਨਹੀਂ ਬਚਣਗੇ
ਨੀਰੋ ਮਰ ਗਿਆ
ਤੇ ਆਪਣੇ ਹੱਥਾਂ ਨਾਲ ਲੜਦਾ ਰੋਮ ਜਿਊਂਦਾ ਰਿਹਾ
ਕਣਕ ਦੇ ਇੱਕ ਸੁੱਕੇ ਸਿੱਟੇ ਦੇ ਦਾਣੇ
ਲੱਖਾਂ ਹਰੇ ਸਿੱਟਿਆਂ ਨਾਲ ਧਰਤੀ ਨੂੰ ਭਰ ਦੇਣਗੇ। •

## 4. ਮੈਂ ਕਤਲੇ-ਆਮ ਵੇਖਿਆ ਹੈ

ਮੈਂ ਕਤਲੇ-ਆਮ ਵੇਖਿਆ ਹੈ
ਮੈਂ ਇੱਕ ਨਕਸ਼ੇ ਦਾ ਸ਼ਿਕਾਰ ਹੋਇਆ ਹਾਂ
ਮੈਂ ਸਪਸ਼ਟ ਸ਼ਬਦਾਂ ਦੀ ਇਬਾਰਤ ਹਾਂ
ਮੈਂ ਕੰਕਰ ਉੱਡਦੇ ਤੱਕੇ ਹਨ
ਮੈਂ ਤਰੇਲ-ਤੁਪਕਿਆਂ ਨੂੰ ਬੰਬਾਂ ਵਾਂਗ ਤੱਕਿਆ ਹੈ

ਜਦੋਂ ਉਹਨਾਂ ਮੇਰੇ ਲਈ ਦਿਲ-ਦਰਵਾਜੇ ਢੋ ਦਿੱਤੇ,
ਰੁਕਾਵਟਾਂ ਉਸਾਰ ਲਈਆਂ
ਤੇ ਕਰਫਿਊ ਲਾ ਦਿੱਤਾ
ਮੇਰਾ ਦਿਲ ਇੱਕ ਬੰਦ ਗਲੀ ਦਾ ਰੂਪ ਧਾਰ ਗਿਆ
ਮੇਰੇ ਅੰਗ ਪੱਥਰ ਹੋ ਗਏ
ਤੇ ਗੁਲਾਬੀ ਫੁੱਲ ਉੱਗ ਪਏ
ਇੰਝ ਉੱਗਦੇ ਨੇ ਗੁਲਾਬੀ ਫੁੱਲ! • (1977)

## 5. ਪੁੱਛ-ਪੜਤਾਲ

ਲਿਖੋ ਕਿ ਮੈਂ ਇਕ ਅਰਬੀ ਹਾਂ
ਮੇਰਾ ਕਾਰਡ ਨੰਬਰ ਪੰਜਾਬ ਹਜ਼ਾਰ ਹੈ
ਅੱਠ ਬੱਚੇ ਹਨ
ਆਉਂਦੇ ਹੁਨਾਲ ਨੌਵਾਂ ਜਨਮੇਗਾ
ਤੁਹਾਨੂੰ ਗੁੱਸਾ ਲੱਗਿਆ ਹੈ?

ਲਿਖੋ ਕਿ ਮੈਂ ਇੱਕ ਅਰਬੀ ਹਾਂ
ਅੱਠ ਬੱਚਿਆਂ ਲਈ
ਇੱਕ ਇੱਕ ਰੋਟੀ ਕਮਾਉਣ ਲਈ
ਮੈਂ ਸਾਥੀ ਕਾਮਿਆਂ ਨਾਲ ਪੱਥਰ ਤੋੜਦਾਂ।
ਚੱਟਾਨਾਂ ਪੀਂਹਦਾ
ਪਰ ਭੀਖ ਨਹੀਂ ਮੰਗਦਾ
ਤੁਹਾਡੀ ਹੈਂਕੜ ਅੱਗੇ ਗੋਡੇ ਨਹੀਂ ਰਗੜਦਾ
ਗੁੱਸਾ ਲੱਗਿਆ ਹੈ ?

ਲਿਖੋ ਕਿ ਮੈਂ ਇੱਕ ਅਰਬੀ ਹਾਂ
ਕਿਸੇ ਅਹੁਦੇ ਤੋਂ ਵਿਰਵਾ
ਬੁਖ਼ਾਰ ਮਾਰਿਆ, ਪਰ ਅਡੋਲ
ਮੇਰੀਆਂ ਜੜ੍ਹਾਂ ਪਤਾਲ 'ਚ ਹਨ
ਯੁੱਗਾਂ ਤੇ ਸਮੇਂ ਤੋਂ ਡੂੰਘੀਆਂ
ਮੈਂ ਖੇਤਾਂ ਦਾ ਜਾਇਆ ਹਾਂ
ਗਰੀਬ ਟੱਬਰ ਦਾ ਜੰਮਪਲ
ਮੈਂ ਛੰਨ 'ਚ ਰਹਿੰਦਾ ਹਾਂ
ਕੱਖ-ਕਾਨਿਆਂ ਦੀ ਛੰਨ
ਵਾਲ-ਕਾਲੇ
ਅੱਖਾਂ ਭੂਰੀਆਂ
ਮੇਰਾ ਅਰਬੀ ਪਟਕਾ
ਚੋਰ-ਹੱਥਾਂ ਨੂੰ ਵਲੂੰਧਰ ਸੁੱਟਦਾ
ਮੈਂ ਤੇਲ ਦੇ ਤੁਪਕੇ ਤੇ ਪੂਦਨੇ ਨਾਲ ਸੰਤੁਸ਼ਟ ਹਾਂ

ਅਖੀਰ 'ਤੇ ਲਿਖੋ,
"ਮੈਂ ਕਿਸੇ ਨੂੰ ਘਿਰਣਾ ਨਹੀਂ ਕਰਦਾ
ਕਿਸੇ ਨੂੰ ਲੁੱਟਦਾ ਨਹੀਂ
ਪਰ ਜਦੋਂ ਭੁੱਖਾ ਮਰਦਾ ਹਾਂ
ਮੈਂ ਲੁਟੇਰਿਆਂ ਦਾ ਮਾਸ ਨੋਚਣਾ ਚਾਹੁੰਦਾ
ਮੇਰੀ ਭੁੱਖ ਤੋਂ ਖ਼ਬਰਦਾਰ!
ਰੋਹ ਤੋਂ ਘਬਰਾਓ!!" •

(1964)



## 6. ਉਹ ਜਦੋਂ ਪਰੇ ਤੁਰ ਜਾਂਦਾ ਹੈ

ਦੁਸ਼ਮਣ ਜਿਹੜਾ ਸਾਡੀ ਝੁੱਗੀ ਵਿਚ
ਚਾਹ ਪੀਂਦਾ ਹੈ
ਉਸ ਕੋਲ ਧੂੰਏ ਵਿਚ ਘਿਰਿਆ ਇੱਕ ਘੋੜਾ ਹੈ।
ਸੰਘਣੇ ਭਰਵੱਟਿਆਂ ਵਾਲੀ ਇੱਕ ਧੀ
ਭੂਰੀਆਂ ਅੱਖਾਂ
ਲੰਮੇ ਗੁੰਦੇ ਹੋਏ ਵਾਲ।
ਜੋ ਗੀਤਾਂ ਦੀ ਰਾਤ ਵਾਂਗ
ਮੋਢਿਆਂ ਉੱਤੋਂ ਦੀ ਲਮਕਦੇ ਹਨ।

ਉਸ ਕੋਲ ਹਮੇਸ਼ਾਂ ਹੀ ਉਸ ਧੀ ਦੀ ਮੂਰਤ ਹੁੰਦੀ ਹੈ
ਜਦੋਂ ਉਹ ਸਾਡੇ ਕੋਲ ਚਾਹ ਪੀਣ ਆਉਂਦਾ ਹੈ
ਪਰ ਉਹ ਉਸ ਦੇ ਰਾਤ ਦੇ ਸਮੂਹ-ਗਾਣ ਬਾਰੇ ਦੱਸਣਾ
ਭੁੱਲ ਜਾਂਦਾ ਹੈ।
ਪ੍ਰਾਚੀਨ ਸੁਰ-ਤਾਲ ਵਾਲੇ ਘੋੜੇ ਬਾਰੇ
ਜੋ ਉਹ ਪਹਾੜੀ ਦੀ ਚੋਟੀ ਤੇ ਛੱਡ ਗਿਆ ਸੀ

ਸਾਡੀ ਕੁਟੀਆ ਵਿਚ ਆਰਾਮ ਕਰਦੇ ਹੋਏ
ਦੁਸ਼ਮਣ ਆਪਣੀ ਬੰਦੂਕ
ਬਾਬੇ ਦੀ ਕੁਰਸੀ ਨਾਲ ਲਟਕਾ ਦਿੰਦਾ ਹੈ
ਪ੍ਰਾਹੁਣਿਆਂ ਵਾਂਗ ਸਾਡੀ ਰੋਟੀ ਖਾਂਦਾ ਹੈ
ਘੜੀ-ਪਲ ਲਈ ਸਾਡੇ ਬੈਂਤ ਦੇ ਪਲੰਘ ਉੱਤੇ
ਉਂਘਲਾਉਂਦਾ ਹੈ
ਤੇ ਫਿਰ, ਤੁਰਿਆ ਜਾਂਦਾ
ਸਾਡੀ ਬਿੱਲੀ ਦੇ ਪਿੰਡੇ ਤੇ ਹੱਥ ਫੇਰਦਾ
ਆਖਦਾ ਹੈ
"ਫਸੇ ਹੋਏ ਵਿਅਕਤੀ ਨੂੰ ਦੋਸ਼ ਨਾ ਦਿਓ,
"ਉਹ ਕੌਣ ਹੋ ਸਕਦਾ ਹੈ" ਅਸੀਂ ਪੁੱਛਦੇ ਹਾਂ
ਲਹੂ, ਜੋ ਰਾਤ ਨੂੰ ਖੁਸ਼ਕ ਨਾ ਹੋ ਜਾਵੇ"
ਉਸ ਦੇ ਕੋਟ ਦੇ ਬਟਨ ਚਮਕਦੇ ਹਨ
ਤੇ ਉਹ ਪਰੇ ਤੁਰ ਜਾਂਦਾ ਹੈ,

"ਸ਼ੁਭ ਸੰਧਿਆ! ਸਾਡੇ ਖੂਹ ਨੂੰ ਦੁਆ-ਸਲਾਮ ਆਖੋ
ਸਾਡੇ ਅੰਜੀਰ ਦੇ ਰੁੱਖਾਂ ਨੂੰ

ਬਾਜਰੇ ਦੇ ਖੇਤਾਂ ਵਿਚਲੇ
ਸਾਡੇ ਪਛਾਵਿਆਂ ਉੱਤੇ ਸਾਵਧਾਨੀ ਨਾਲ
ਪੈਰ ਰੱਖ।
ਸਾਡੇ ਉੱਚੇ ਚੀਲ ਦੇ ਰੁੱਖਾਂ ਦਾ ਸਵਾਗਤ ਕਰੋ
ਪਰ ਕਿਰਪਾ ਕਰਕੇ
ਰਾਤ ਨੂੰ ਦਰਵਾਜ਼ੇ ਨੂੰ ਖੁੱਲ੍ਹਾ ਨਾ ਛੱਡੋ
ਤੇ ਘੋੜਿਆਂ ਦੇ ਜਹਾਜ਼ਾਂ ਹੱਥੋਂ ਡਰ ਜਾਣ ਨੂੰ
ਕਦੇ ਨਾ ਭੁੱਲੋ
ਤੇ ਸਾਨੂੰ ਮਿਲੇ ਤਾਂ ਸਲਾਮ ਆਖਣਾ
ਜੇ ਤੁਹਾਡੇ ਕੋਲ ਵਕਤ ਹੋਵੇ ਤਾਂ"

ਇਹ ਗੱਲਾਂ ਹਨ ਜੋ ਅਸੀਂ
ਬੂਹੇ ਦੀਆਂ ਪੌੜੀਆਂ ਲਾਗੇ
ਆਖਣਾ ਚਾਹੁੰਦੇ ਹਾਂ।
ਉਹ ਇਹਨਾਂ ਨੂੰ ਧਿਆਨ ਨਾਲ ਸੁਣਦਾ ਹੈ
ਪਰ ਖੰਘ ਕੇ ਆਵਾਜ਼ ਨੂੰ ਘਟਾ ਦਿੰਦਾ ਹੈ
ਤੇ ਹੱਥ ਹਿਲਾਉਂਦਾ ਪਰੇ ਚਲੇ ਜਾਂਦਾ ਹੈ।
ਫਿਰ ਉਹ ਹਰ ਸ਼ਾਮ ਆਪਣੇ ਫਸੇ ਹੋਏ ਸ਼ਿਕਾਰ ਵੱਲ
ਗੇੜਾ ਕਿਓਂ ਮਾਰਦਾ ਹੈ ?
ਸਾਡੇ ਵਾਂਗ ਹੀ, ਸਾਡੀਆਂ ਅਖਾਉਤਾਂ ਨੂੰ
ਮੂੰਹ-ਜੁਬਾਨੀ ਯਾਦ ਕਰਦਾ ਹੈ
ਸਾਡੀ ਪਵਿੱਤਰ ਜਗ੍ਹਾ ਤੇ
ਵਿਸ਼ੇਸ਼ ਛੁੱਟੀਆਂ ਮੌਕੇ
ਸਾਡੇ ਗੀਤਾਂ ਨੂੰ ਕਿਉਂ ਦਹੁਰਾਉਂਦਾ ਹੈ ?

ਜੇ ਬੰਦੂਕ ਨਾ ਹੁੰਦੀ
ਤਾਂ ਸਾਡੀਆਂ ਬੰਸਰੀਆਂ ਨੇ
ਦੁਗਾਣਾ ਗਾ ਦੇਣਾ ਸੀ।

ਜਿੰਨਾ ਚਿਰ ਇਹ ਧਰਤੀ ਸਾਡੇ ਅੰਦਰ ਘੁੰਮਦੀ ਹੈ
ਜੰਗ ਦਾ ਅੰਤ ਨਹੀਂ ਹੋਵੇਗਾ
ਆਓ ਫਿਰ ਨੇਕ ਬਣ ਜਾਈਏ
ਜਦੋਂ ਅਸੀਂ ਏਥੇ ਸੀ,
ਉਸ ਨੇ ਸਾਨੂੰ ਚੰਗੇ ਬਣਨ ਲਈ ਆਖਿਆ।

ਉਹ "ਆਇਰਿਸ਼ ਹਵਾ ਬਾਜ਼" ਬਾਰੇ ਯੀਟਸ ਦੀ ਕਵਿਤਾ



ਸੁਣਾਉਂਦਾ ਹੈ,
" ਮੈਂ ਜਿਹਨਾਂ ਦੇ ਵਿਰੁੱਧ ਲੜਦਾ ਹਾਂ
ਉਹਨਾਂ ਨੂੰ ਨਫਰਤ ਨਹੀਂ ਕਰਦਾ।
ਜਿਹਨਾਂ ਦੀ ਮੈਂ ਰਖਵਾਲੀ ਕਰਦਾ ਹਾਂ,
ਉਹਨਾਂ ਨੂੰ ਪਿਆਰ ਨਹੀਂ ਕਰਦਾ।"

ਫਿਰ ਉਹ ਲੱਕੜੀ ਦੀ ਉੱਖੜੀ-ਪੁਖੜੀ ਝੁੱਗੀ
ਨੂੰ ਤੁਰ ਜਾਂਦਾ ਹੈ
ਤੇ ਮੈਦਾਨ ਦੇ ਕੰਢੇ ਤੇ ਬਣੇ
ਸਾਡੇ ਪੱਥਰਾਂ ਦੇ ਪੁਰਾਣੇ ਘਰ ਵਿੱਚ, ਅੱਸੀ ਮੀਟਰ ਤੁਰਕੇ ਚਲੇ ਜਾਂਦਾ ਹੈ।
ਐ ਅਜਨਬੀ !
ਸਾਨੂੰ ਆਪਣੇ ਹੀ ਘਰ ਵਿਚ ਜੀ ਆਇਆਂ ਆਖ
ਕਾਫੀ ਦੇ ਪਿਆਲੇ ਉਹੀ ਹਨ
ਕੀ ਤੂੰ ਉਹਨਾਂ ਉੱਤੋਂ ਅਜੇ ਵੀ
ਸਾਡੀਆਂ ਉਂਗਲਾਂ ਦੀ ਛੋਹ ਸੁੰਘ ਸਕਦਾ ਹੈਂ ?

ਕੀ ਤੂੰ ਆਪਣੀ ਧੀ ਨੂੰ ਦੱਸ ਸਕਦਾ ਹੈਂ,
ਜਿਸ ਦੇ ਸੰਘਣੇ ਭਰਵੱਟੇ ਤੇ ਗੁੰਦੇ ਵਾਲ ਨੇ
ਕਿ ਉਸ ਦਾ ਇੱਕ ਗੈਰ ਹਾਜ਼ਰ ਦੋਸਤ ਹੈ
ਜੋ ਉਸ ਨੂੰ ਮਿਲਣਾ ਚਾਹੁੰਦਾ ਹੈ
ਉਸ ਦੇ ਸ਼ੀਸ਼ੇ ਵਿਚ ਪ੍ਰਵੇਸ਼ ਕਰਨਾ
ਤੇ ਆਪਣਾ ਰਾਜ਼ ਦੱਸਣਾ ਚਾਹੁੰਦਾ ਹੈ।

ਉਸ ਨੇ ਇਸ ਥਾਂ ਤੇ ਆ ਕੇ
ਉਸ ਮਿੱਤਰ ਦੀ ਉਮਰ ਦਾ
ਭੇਤ ਕਿਵੇਂ ਪਾ ਲਿਆ?

ਜੇ ਵਕਤ ਹੋਵੇ ਤਾਂ ਉਸ ਨੂੰ ਹੈਲੋ-ਹੈਲੋ ਆਖੀਂ!
ਅਸੀਂ ਉਸ ਨੂੰ ਜੋ ਕੁਝ ਵੀ ਆਖਣਾ ਚਾਹੁੰਦੇ ਹਾਂ
ਉਹ ਚੰਗੀ ਤਰ੍ਹਾਂ ਸੁਣਦਾ ਹੈ,
ਪਰ ਥੋੜ੍ਹਾ ਜਿਹਾ ਖੰਘ ਕੇ
ਹੱਥ ਹਿਲਾਉਂਦਾ ਪਰੇ ਚਲੇ ਜਾਂਦਾ ਹੈ,

ਜਦੋਂ ਉਹ ਪਰੇ ਜਾਂਦਾ ਹੈ
ਤਾਂ ਉਸ ਦੇ ਕੋਟ ਦੇ ਬਟਨ ਚਮਕਦੇ ਹਨ। •

ਵਿਸ਼ਵ ਕਵਿਤਾ

# ਇੱਕ ਅਜ਼ਰਾਈਲੀ ਸੈਨਿਕ ਨੂੰ ਖ਼ਤ

(ਦੋ ਕਵੀਆਂ ਦੀ ਇੱਕ ਸਾਂਝੀ ਕਵਿਤਾ)

1. ਮਹਿਮੂਦ ਦਰਵੇਸ਼
2. ਮਾਈਨ ਬਸੀਸੋ
(ਦੋ ਫਲਸਤੀਨੀ ਕਵੀ)

ਬੈਰੂਤ!!!
ਬੈਰੂਤ ਵਿਚ ਹੈ
ਪੰਛੀ ਘੇਰਾਬੰਦੀ ਉੱਤੇ
ਬੈਰੂਤ
ਬੈਰੂਤ ਵਿਚ ਹੈ
ਖਿੜਕੀ ਟੁੱਕੜੇ-ਟੁੱਕੜੇ ਹੋ ਗਈ ਹੈ
ਬੈਰੂਤ! ਰੱਬ ਦਾ ਵਿਸ਼ਵਾਸ-ਪਾਤਰ
ਆਪਣੀਆਂ ਉਂਗਲਾਂ ਨਾਲ ਝੱਖੜ ਦਾ ਦੁੱਧ ਚੁੰਘਦਾ
ਇਸ ਤੋਂ ਪਹਿਲਾਂ ਕਿ ਗੋਲਾ ਤੈਨੂੰ ਜਾਂ ਸਾਨੂੰ ਉਡਾ ਦੇਵੇ
ਅਸੀਂ ਤੈਨੂੰ ਇਕ ਖਤ ਲਿਖ ਰਹੇ ਹਾਂ
ਘੇਰੇ ਵਿਚ ਆਏ ਆਖ਼ਰੀ ਬੰਦਿਆਂ ਵਲੋਂ
ਘੇਰਾ ਘੱਤਣ ਵਾਲੇ ਆਖਰੀ ਬੰਦਿਆਂ ਨੂੰ
ਅਸੀਂ ਤੁਹਾਡੇ ਵੱਲੋਂ ਭੇਜੇ ਆਖਰੀ ਬੰਬ ਖੋਲ
ਚੋਂ ਲਿਖ ਰਹੇ ਹਾਂ
ਤਾਕਿ ਇਹ ਖਤ ਤੁਹਾਨੂੰ ਹਨੇਰੇ ਯਹੂਦੀ-ਕਵਾਟਰਾਂ
ਚੋਂ ਕੱਢ ਕੇ ਸਾਡੇ ਜਿਸਮਾਂ ਦੇ ਕੋਲ ਲੈ ਆਵੇ।

ਅਸੀਂ ਤੁਹਾਨੂੰ ਇਹ ਪੁੱਛਣ ਲਈ ਲਿਖਦੇ ਹਾਂ
ਕਿ ਇਕ ਟਾਪੂ ਸਮੁੰਦਰ ਨਾਲ ਕਿੰਨਾ ਚਿਰ ਯੁੱਧ ਲੜੇਗਾ
ਤੁਸੀਂ ਕਿੰਨਾ ਚਿਰ ਸਾਡੇ ਅੰਗਾਂ ਦੇ ਸੇਬ
ਤੇ ਸਾਡੀਆਂ ਅੱਖਾਂ ਚੋਂ ਚੰਬੇਲੀ ਦੇ ਫੁੱਲ
ਫਲੂੰਦਰਦੇ ਰਹੋਗੇ?
ਕਿ ਕਬਰ ਵਿਚ ਰਹਿੰਦਿਆਂ
ਤੁਸੀਂ ਕਿੰਨਾ ਚਿਰ ਇਸ ਨੂੰ ਡੂੰਘਾ ਕਰਦੇ ਰਹੋਗੇ?
ਇਸ ਤੋਂ ਪਹਿਲਾਂ ਕਿ ਬੰਬ ਗੋਲਾ ਤੁਹਾਨੂੰ ਤੇ ਸਾਨੂੰ
ਦੋਹਾਂ ਨੂੰ ਉਡਾ ਦੇਵੇ, ਅਸੀਂ ਤੁਹਾਨੂੰ ਲਿਖਦੇ ਹਾਂ।

ਅਸੀਂ ਤੁਹਾਨੂੰ ਬੈਰੂਤ ਤੋਂ ਲਿਖ ਰਹੇ ਹਾਂ
ਕਿ ਘੇਰਾਬੰਦੀ ਦੀ ਕਵਿਤਾ ਵਿਚੋਂ
ਇਸ ਦੀ ਪਹਿਲੀ ਪੰਗਤੀ ਵਿਚੋਂ
ਇਹ ਪੁੱਛਣ ਲਈ
ਕਿ ਉਹ ਕੌਣ ਹੈ



ਜੋ ਦੂਸਰੇ ਨੂੰ ਘੇਰਾ ਪਾਉਂਦਾ ਹੈ?
ਕਿ ਉਹ ਜਿਹੜਾ ਲੋਹੇ ਘਰ ਵਿਚ ਰਹਿੰਦਾ ਹੈ?
ਜਾਂ ਉਹ ਜਿਹੜਾ ਕਵਿਤਾ ਵਿਚ ਵਿਚਰਦਾ ਹੈ?

ਬੰਬ ਧਮਾਕੇ ਦੇ ਨਾਲ
ਤੁਹਾਨੂੰ ਜਾਂ ਸਾਨੂੰ ਉਡਾ ਦਿੱਤੇ ਜਾਣ ਤੋਂ ਪਹਿਲਾਂ
ਅਸੀਂ ਲਿਖਦੇ ਹਾਂ
ਇਹ ਪੁੱਛਣ ਲਈ ਕਿ ਸੰਜੋਅ ਦਾ ਕੋਟ ਪਹਿਨੀ
ਸਿੱਕੇ ਨਾਲ ਬੱਝੇ, ਕਿੱਲਾਂ ਨਾਲ ਬਕਤਰਬੰਦ ਪੱਤਰੇ ਲਾਈ
ਟੈਂਕ ਦੀ ਮਾਲ਼ ਦੀ ਲੀਹ ਬਣਾਈ
ਕੈਦੀ ਤੇ ਦਾਰੋਗਾ
ਕੀ ਤੁਸੀਂ ਸੱਚਮੁੱਚ ਹੀ ਸੁਰੱਖਿਅਤ ਹੈਂ?

ਹੁਣ ਤੂੰ ਇਕ ਟੈਂਕ ਵਿਚ ਕੈਦ ਕੋਠੜੀ ਵਾਂਗ ਹੈਂ,
ਹੁਣ ਤੂੰ ਸਭ ਤੋਂ ਸ਼ਕਤੀਸ਼ਾਲੀ ਬਕਤਰ ਬੰਦ
ਪੱਤਰਿਆਂ ਪਿੱਛੇ
ਕੀ ਸੱਚਮੁੱਚ ਸੁਰੱਖਿਅਤ ਹੈ?

ਅਸੀਂ ਈਸਟਰ ਬਾਰੇ ਪੁੱਛਦੇ ਹਾਂ
ਕੀ ਉਹ ਹਾਲੀ ਵੀ "ਅਸਕੀਲੋਨ" ਦੇ
ਸਮੁੰਦਰੀ ਤੱਟ ਲਾਗੇ ਨਹਾਉਣ ਜਾਂਦੀ ਹੈ?
ਕੀ ਉਹ ਲਹਿਰਾਂ ਨੂੰ ਚੀਰਦੀ ਹੈ?
ਖੋਪਾ ਗਿਰੀ ਤੋੜਦੀ ਹੈ
ਕੀ ਉਹ ਆਰਾਮ ਨਾਲ ਬੱਚਿਆਂ ਨੂੰ ਜਨਮ ਦਿੰਦੀ ਹੈ।

ਤੁਸਾਂ ਜੋ ਤਬਾਹ ਕਰਨਾ ਸੀ ਕਰ ਦਿੱਤਾ
ਜੋ ਝਟਕਾਉਣਾ ਸੀ ਝਟਕਾ ਦਿੱਤਾ
ਜੋ ਵੇਖਣਾ ਸੀ ਵੇਖ ਲਿਆ
ਤੁਸਾਂ ਉਡਾ ਦਿੱਤਾ ਹੈ
ਤੇ ਆਪ ਉੱਡ ਰਹੇ ਹੋ,
ਤੁਸਾਂ ਤਬਾਹੀ ਕਰ ਦਿੱਤੀ ਹੈ, ਤੇ ਤਬਾਹ ਹੋ ਗਏ ਹੋ?
ਕੀ ਤੁਸੀਂ ਸੱਚੀ ਸੁਰੱਖਿਅਤ ਹੈ?

ਲੈਬਨਾਨ ਵਿਚ ਹੁਣ ਤੁਸੀਂ ਸਾਨੂੰ ਕਿਵੇਂ ਤੱਕਦੇ ਹੋ?
ਇਕ ਰੇਤ ਦੀ ਬੋਰੀ,
ਜਾਂ ਸੜੇ ਹੋਏ, ਸ਼ਰਧਾ ਦੇ ਚੜ੍ਹਾਵੇ ਵਾਂਗੂ?
ਤੁਸੀਂ ਪੁਲਾੜ ਤੇ ਸਮੇਂ ਦੇ ਵਹਿਮਾਂ ਅਧੀਨ
ਗਲਤੀ ਕੀਤੀ ਹੈ
ਤੁਸਾਂ ਭੁਲਾਵੇ ਦੇ ਨਕਸ਼ੇ ਉੱਤੇ ਗਲਤੀ ਕੀਤੀ
ਓਏ! ਸ਼ਿਕਾਰ ਹੋਇਆਂ ਦੇ ਪੁੱਤਰੋ!

ਅੱਗ ਤੇ ਚਾਕੂਆਂ ਦੇ ਸ਼ਹਿਜਾਦਿਓ
ਤੁਸਾਂ ਯਾਦ-ਸ਼ਕਤੀ ਤੋਂ ਕੀ ਸਿੱਖਿਆ ਹੈ?
'ਆਸ ਵਿਟਜ਼' ਵਿਚ ਪੀਠੇ ਗਏ ਮਾਸ ਦੀ
ਸਵਾਹ ਵਿਚੋਂ
ਤੁਸੀਂ ਕੀਮਾ ਕਰਦੀ ਮਸ਼ੀਨ ਦੇ ਮਗਰ ਘਸੀਟੇ ਜਾ ਰਹੇ ਹੋ
ਯੋਰੋਸ਼ਲਮ ਦੀ ਹਾਰ ਪਿੱਛੋਂ, ਕੀ ਤੁਸਾਂ ਸੱਚੀ
ਕੁਝ ਜਿੱਤਿਆ ਹੈ।

ਆਪਣੀ ਪੁਰਾਣੀ ਕੈਦ ਵਿਚੋਂ
ਪ੍ਰਾਚੀਨ ਬਾਈਬਲ ਵਿਚੋਂ
ਡੇਵਿਡ ਦੀ ਗੁਲੇਲ ਵਿਚਲੇ ਤੋਤਿਆਂ ਤੋਂ ਬਿਨਾਂ
ਜਿਹਨਾਂ ਨਾਲ ਤੁਸੀਂ ਪੈਗੰਬਰਾਂ ਤੇ ਹਥਿਆਰਾਂ
ਨਾਲ ਸੱਟਾਂ ਮਾਰਦੇ ਹੋ
ਕੀ ਤੁਸਾਂ ਤਗਮਿਆਂ ਤੇ ਸ਼ਾਨ ਲਈ
ਅਹਿਰਣ ਉੱਤੇ ਮਾਸ ਨੂੰ ਰੱਖ ਕੇ ਕੁਤਰਦੇ ਹੋ?
ਓ ਜੱਲਾਦ ਤੇ ਸ਼ਿਕਾਰ
ਕੀ ਤੁਸੀਂ ਸੱਚੀ ਸੁਰੱਖਿਅਤ ਹੋ?

ਆਇਸ਼ਾ ਹੁਣ ਦਸਾਂ ਸਾਲਾਂ ਦੀ ਹੈ,
ਤੇ ਉਸ ਕੋਲ ਬਿਸਤਰ ਦੀ ਥਾਂ ਰੇਤ ਦੀ ਬੋਰੀ ਹੈ
'ਸਾਰਾਹ' ਵੀ ਦਸਾਂ ਸਾਲਾਂ ਦੀ ਹੈ
ਪਰ ਉਸ ਦੀ ਖਿੜਕੀ ਚੋਂ ਸਾਡੀ ਮਾਂ ਦਾ
ਅਕਸ ਦਿਸਦਾ ਹੈ।
ਸਾਡੀ ਮਾਂ ਦਾ ਬਿੰਬ ਉਭਰਦਾ ਹੈ
ਤੇ ਤੂੰ ਇਕ ਟੈਂਕ ਵਿਚੋਂ ਉਭਰਦਾ ਹੈਂ
ਆਪਣੀਆਂ ਬਾਹਾਂ ਵਿਚ ਮਾਤਮੀ
ਮੋਮਬੱਤੀਆਂ ਥੰਮ੍ਹੀ ਸਾਡਾ ਲਹੂ ਵੇਖਦਾ ਹੈਂ
ਕੀ ਤੂੰ ਸੱਚੀ ਸੁਰੱਖਿਅਤ ਹੈਂ?

ਸਾਡਾ ਘੇਰਾ ਲੰਮਾ ਹੈ
ਸਾਡੇ ਪਿੱਛੇ ਸਮੁੰਦਰ ਹੈ
ਸਾਡਾ ਘੇਰਾ ਲੰਮਾ ਹੈ
ਸਾਡੇ ਜਿਸਮ ਖੰਦਕਾਂ ਹਨ
ਸਾਡਾ ਲਹੂ ਇਕ ਲਾਟ ਹੈ
ਤੇ ਰਚਣਹਾਰ ਰੱਬ, ਬੰਦੂਕ ਦੀ ਨਾਲੀ ਚੋਂ
ਰੀਂਘ ਕੇ ਲੰਘਿਆ ਹੈ
ਤੇ ਉਸ ਨੇ 'ਗਲੀਲੀ' ਨੂੰ ਰਚਿਆ ਹੈ।

ਸਾਡੀ ਨਾਕਾਬੰਦੀ ਦੇਰ ਤੱਕ ਰਹੇਗੀ
ਅਸੀਂ ਪੱਥਰ ਨੂੰ ਭੰਨਾਂਗੇ



ਚੰਨ ਨੂੰ ਗੁੰਨ੍ਹਾਂਗੇ
ਤੇ ਆਪਣੇ ਸੁੰਦਰ ਦਰਿਆ ਉੱਤੇ
ਸਫਰ ਦਾ ਅੰਤ ਕਰਾਂਗੇ।

ਸਾਡੀ ਨਾਕਾਬੰਦੀ ਲੰਮੀ ਹੈ
ਸਾਡਾ ਨਾਮ ਅੰਗੂਠੀ ਮੋਹਰ ਤੇ ਹੈ
ਤੇ ਰੱਬ ਆਦਮੀ ਦੇ ਹਿਰਦੇ ਵਿਚ
ਸ਼ਾਂਤੀ ਸਾਡੇ ਜ਼ਖ਼ਮਾਂ ਵਿਚੋਂ ਜਨਮਦੀ ਹੈ
ਤੇ ਸਾਡੀ ਘੇਰਾ ਬੰਦੀ ਲੰਮੀ ਹੈ।

ਅੱਜ ਕੱਲ ਫਸਲ ਕਿਹਦੇ ਵਰਗੀ ਹੈ
ਲਹੂ ਦੀ ਗੂੰਜ ਨਾਲ ਭਰੀ ਹੋਈ
ਕੀ ਤੈਨੂੰ ਵੱਢ ਦਿੱਤਾ ਗਿਆ ਹੈ?
ਹੁਣ ਸੰਤੁਸ਼ਟ ਹੈਂ?
ਜਾਂ ਤੂੰ ਕਤਲ ਕੀਤਾ ਹੈ, ਲੱਭ ਲਿਆ ਹੈ
ਕੀ ਤੇਰੇ ਕੋਲ ਆਕਾਸ਼ ਨੂੰ, ਕਣਕ ਦੇ ਝੂੰਮਦੇ ਖੇਤ
ਤੇ ਫੁੱਲਾਂ ਦੇ ਗੁਲਦਸਤੇ ਨੂੰ ਅੱਗ ਲਾਉਣ ਲਈ
ਕਾਫੀ ਪੈਟਰੋਲ ਦੇ ਬੰਬ ਹਨ?

ਐ ਚਿਹਰੇ! ਤੈਨੂੰ ਤੱਕ ਕੇ ਤਾਂ ਬੱਚਿਆਂ ਦੀਆਂ
ਗੁੱਡੀਆਂ ਪਟੋਲੇ ਵੀ ਡਰਦੇ ਨੇ
ਐ ਚਿਹਰੇ! ਸ਼ੰਕੇ ਦੇ ਪ੍ਰਛਾਵੇਂ ਚੋਂ ਵੀ ਵੰਚਿਤ
ਐ ਚਿਹਰੇ ਤੂੰ ਇਕ ਅਵਾਰਾ ਕਾਤਲ
ਦੂਜਿਆਂ ਨੂੰ ਕਤਲ ਕਰਨ ਆਇਆ
ਪਰ ਆਪ ਕਤਲ ਹੋ ਗਿਆ
ਬਾਬਲ ਸ਼ਹਿਰ ਤੋਂ ਬਾਬਲ ਤੀਕ,
ਲੰਮੀਆਂ ਜ਼ੰਜੀਰਾਂ ਫੈਲੀਆਂ ਪਈਆਂ ਨੇ
ਤੂੰ ਕਦੋਂ ਤੋਂ ਸ਼ੀਸ਼ੇ ਤੋੜ ਕੇ ਬਾਬਲ ਸ਼ਹਿਰ
ਤੋਂ ਬਾਬਲ ਸ਼ਹਿਰ ਤੀਕਰ
ਸਿਪਾਹੀਆਂ ਤੇ ਜੰਗੀ ਕੈਦੀਆਂ ਨੂੰ
ਘੜੀਸੀ ਫਿਰਦਾ ਹੈਂ
ਤੂੰ ਕਦੋਂ ਤੱਕ ਜੰਗ ਦੀ ਚਵਾਤੀ ਲਈ ਫਿਰੇਂਗਾ
ਕਦੋਂ ਤੀਕ ਤੂੰ ਧੂੰਏਂ ਨਾਲ
ਸੰਸਾਰ ਦੀਆਂ ਅੱਖਾਂ ਅੰਨ੍ਹੀਆਂ ਕਰਦਾ ਰਹੇਂਗਾ?
ਕਦੋਂ ਤਕ ਤੂੰ ਸੁਰੱਖਿਅਤ ਮਹਿਸੂਸ ਕਰੇਂਗਾ?

ਅੱਠ ਨੁਕਰਾਂ ਵਾਲੇ ਚਿਹਰੇ
ਕਰੂਪ ਹੋਈਆਂ ਗਲੀਆਂ ਵਿਚ ਗੂੰਜਦੀ
ਕਾਂਸੀ ਦੇ ਭਾਂਡੇ ਦੀ ਆਵਾਜ਼
ਤੂੰ ਸਾਡੇ ਲਈ ਇਕ ਮਾਰੂਥਲ ਲੱਭਦਾ ਹੈ

ਇੱਕ ਕਬਰ
ਇਕ ਗਲੀ ਦੇ ਖਲਾ ਵਿਚ ਇਕ ਟੋਆ
ਟੈਂਕ ਦੀ ਮਾਲ੍ਹ ਨਾਲ ਹੋਂਦ ਵਿਚ ਆਏ ਜੀਵ
ਕੀ ਤੈਨੂੰ ਕਬਰਸਤਾਨ ਲੱਭ ਰਿਹਾ ਸੀ?
ਵਕਤ ਦੇ ਬੀਤਣ ਤੋਂ ਪਹਿਲਾਂ
ਕੀ ਤੂੰ ਮੰਨਦਾ ਹੈ ਕਿ ਏਥੇ ਸਾਡਾ ਘਰ ਵੀ ਹੈ
ਕਿ ਇੱਥੇ ਸਾਡਾ ਸਮੁੰਦਰ ਵੀ ਹੈ
'ਦਾਲੀਲਾਹ' ਦੇ ਤੱਟ ਉੱਤੇ ਫੁੱਲ ਤੇ ਆਏ
ਸੰਤਰਿਆਂ ਦੇ ਬੂਟੇ ਵੀ ਏਥੇ ਹਨ
ਤੇ ਬਚਪਨ ਦੇ ਸਾਲ ਵੀ ਇਥੇ ਹੀ।

ਮੀਂਹ ਸਾਡਾ ਇਤਿਹਾਸ ਹੈ
ਸਾਡਾ ਇਰਾਦਾ ਪੱਥਰ ਦਾ ਹੈ
ਅਸੀਂ ਅਜੇ ਵੀ ਏਥੇ ਹਾਂ
ਏਥੇ ਹੀ
ਏਥੇ
ਤੂੰ ਸਾਡੀਆਂ ਜੜ੍ਹਾਂ ਵੇਖ ਲਵੀਂ
ਬੱਚਿਆਂ ਨੂੰ ਆਪਣੇ ਵਰਗੇ ਰਾਹ ਤੇ ਚੱਲਣ
ਦੀ ਸਿੱਖਿਆ ਦੇਣ ਵੱਲੋਂ ਸਾਵਧਾਨ!
ਜੁਆਲਾਮੁਖੀ ਦੀ ਜਵਾਨੀ ਤੋਂ ਸਾਵਧਾਨ!
ਸੁਰੱਖਿਅਤ ਮਹਿਸੂਸ ਕਰਨਾ ਛੱਡ ਦੇ।

ਹੇ ਟੈਂਕ ਵਾਸੀ!
ਕੀ ਆਦਮੀ ਸਾਰੀ ਉਮਰ ਟੈਂਕ ਵਿਚ
ਪਿਸ਼ਾਬ ਕਰ ਸਕਦਾ ਹੈ?
ਕੀ ਆਦਮੀ ਟੈਂਕ ਵਿਚ ਲਿਖ ਪੜ੍ਹ ਸਕਦਾ ਹੈ?
ਕੀ ਆਦਮੀ ਟੈਂਕ ਵਿਚ ਘੁੱਗੀਆਂ ਉਡਾ ਸਕਦਾ ਹੈ?
ਕੀ ਆਦਮੀ ਟੈਂਕ ਵਿਚ ਔਰਤ ਨਾਲ
ਪਿਆਰ ਕਰ ਸਕਦਾ ਹੈ?
ਕੀ ਆਦਮੀ ਟੈਂਕ ਵਿਚ ਰੁੱਖ ਉਗਾ ਸਕਦਾ ਹੈ?
ਤੂੰ ਜਿਹੜਾ ਟੈਂਕ ਦੀਆਂ ਆਤੜੀਆਂ ਚੋਂ
ਬਾਹਰ ਆਇਆ ਹੈਂ
ਤੂੰ ਜਿਹੜਾ ਟੈਂਕ ਦੀਆਂ ਆਤੜੀਆਂ ਵਿੱਚ
ਜਾ ਵੜਿਆ ਹੈਂ
ਤੂੰ ਕਿੰਨੀ ਦੇਰ ਟੈਂਕ ਦੀਆਂ ਦਾੜ੍ਹਾਂ ਹੇਠ
ਕਾਬੂ ਆਇਆ ਰਹੇਂਗਾ?

ਅੱਜ ਤੂੰ ਦੂਰ ਬੈਠੇ 'ਈਸਥਰ' ਨੂੰ ਆਪਣੇ ਤਾਜ਼ਾ
ਖਤ ਵਿਚ ਕੀ ਲਿਖਿਆ ਹੈ?
ਕੀ ਤੂੰ ਲਿਖਿਆ ਹੈ, 'ਮੈਂ ਛੇਤੀ ਵਾਪਸ ਆਵਾਂਗਾ'



ਤੇ ਜੰਗ ਛੇਤੀ ਹੀ ਮੁੱਕ ਜਾਵੇਗੀ
ਤੇ ਸਿਵਾਏ ਲਾਟਾਂ, ਬੰਦੂਕਾਂ ਗੋਲੀਆਂ ਤੇ
ਤਬਾਹੀ ਦੇ ਢੇਰਾਂ ਵਿਚ ਘਿਰੇ ਮੁੱਠੀ ਭਰ
ਆਦਮੀ ਤੋਂ ਏਥੇ ਕੁਝ ਨਹੀਂ ਬਚਿਆ।

ਜੰਗ ਮੁੱਕ ਰਹੀ ਹੈ, ਹੋਰ ਜੰਗ ਨੂੰ ਸੱਦਾ ਦਿੰਦੀ ਹੋਈ
ਤੇ ਇੰਝ ਇਹ ਚੱਕਰ ਅਗਾਂਹ ਤੁਰਿਆ ਜਾਏਗਾ
ਹੱਥ ਧੋਂਦਾ
ਪਰ ਤੂੰ ਹੱਥ ਕਿਵੇਂ ਧੋਏਂਗਾ?
ਬੱਚੇ ਦਾ ਸਿਰ ਸਾਬਣ ਦੀ ਚਿੱਪਰ ਹੈ
ਰੇਤ ਦੇ ਕਿਣਕੇ ਪਾਣੀ ਹੈ
ਆਖਰ ਤੂੰ ਕਿਵੇਂ ਬਚਿਆ ਰਹੇਂਗਾ?
ਐ ਛੇ-ਨੁੱਕਰੇ ਮੂੰਹ ਵਾਲੇ
ਸਾਡੀ ਮਾਂ ਭੂਮੀ ਨੂੰ ਬਸਤੀ ਬਣਾਉਂਦੇ,
ਤੂੰ ਸਮੇਂ ਦੇ ਵਿਰੁੱਧ ਜੰਗ ਕਿਵੇਂ ਲੜੇਂਗਾ?

ਕਿੰਨੀ ਦੇਰ ਯਾਦਾਂ ਦਾ ਮੁਰਦਾ ਜਿਸਮ
ਕੰਧ ਉੱਤੇ ਲੱਗੇ ਕਲਾਕ ਵਾਂਗ ਵੱਜੇਂਗਾ?
ਆਪਣਾ ਰੁਮਾਲ ਉਛਾਲ ਕੇ ਸੁੱਟਦੀ ਹਰ
ਲਹਿਰ ਤੋਂ ਡਰਦਾ ਰਹੇਂਗਾ?
ਕਿੰਨੀ ਦੇਰ ਤੂੰ ਪਹਾੜਾਂ ਉੱਤੇ ਆਪਣਾ ਨੂਰ
ਖਿੰਡਾਉਂਦੇ ਗੁਲਾਬ ਕੋਲੋਂ ਡਰਦਾ ਰਹੇਂਗਾ?

ਕਦੋਂ ਤੱਕ ਤੂੰ ਗੱਜ਼ਾਲੀ ਦੇ ਪੈਰਾਂ ਤੋਂ ਡਰੇਂਗਾ
ਕਦੋਂ ਤੱਕ ਖਿੜਦੇ ਭੁਚਾਲ ਤੋਂ ਡਰੇਂਗਾ?
ਕਦੋਂ ਤੱਕ ਅਸੀਂ ਤੈਨੂੰ ਉਡੀਕਦੇ ਰਹਾਂਗੇ?
ਕੀ ਅਸੀਂ ਫਟ ਜਾਈਏ ਤੇ ਤੈਨੂੰ ਉਡਾ ਦੇਈਏ।
ਕਦੋਂ ਤੱਕ ਇਹ ਪਾਣੀ ਸਾਡੇ ਲਈ
ਮੌਤ ਦਾ ਦਰਿਆ ਬਣਿਆ ਰਹੇਗਾ
ਤੇ ਰੋਟੀ ਸਾਡੇ ਦਰਮਿਆਨ ਚਿੰਤਾ ਦੀ
ਬੁਰਕੀ ਬਣੀ ਰਹੇਗੀ?

ਤੂੰ ਕਦੋਂ ਤੱਕ ਮਰਦਾ ਰਹੇਂਗਾ?
ਅਸੀਂ, ਇਕ ਲਾਸ਼ ਦੇ ਦੋ ਚਿਹਰੇ ਹਾਂ
ਪਰ ਸਾਡੇ ਵਿਚਕਾਰ ਮੌਤ ਦਾ ਹੜ੍ਹ ਹੈ
ਤੂੰ ਕਦੋਂ ਤੱਕ ਆਪਣੇ ਮੋਢਿਆਂ ਤੇ
ਤਾਬੂਤ ਚੁੱਕੀ ਫਿਰੇਂਗਾ?
ਤੂੰ ਤਾਬੂਤ ਦਾ ਮਾਲਕ
ਕੀ ਤੂੰ ਸੱਚੀਂ ਸੁਰੱਖਿਅਤ ਹੈਂ? •

**(ਪੰਜਾਬੀ ਰੂਪ ਹ.ਸ. ਹ.)**

# ਮਹਿਮੂਦ-ਦਰਵੇਸ਼ ਦੀ ਕਾਵਿ-ਵਿਲੱਖਣਤਾ

ਬੀਬਾਸਦਾ ਮੈਰੀ ਲੈਂਡ

ਜਦੋਂ ਦਾ ਮੈਂ ਮਹਿਮੂਦ-ਦਰਵੇਸ਼ ਨੂੰ ਜਾਨਣ ਲੱਗਾ ਹਾਂ, ਮੈਂ ਉਸ ਨੂੰ ਸਰੋਤਿਆਂ ਦੇ ਉਤਸ਼ਾਹ ਦੀ ਮਾਰ ਝੱਲਦੇ ਅੱਖੀਂ ਵੇਖਿਆ ਹੈ। ਆਪਣੀ ਪੀੜ੍ਹੀ ਦੇ ਹੋਰ ਫਲਿਸਤੀਨੀ ਕਵੀਆਂ ਦੇ ਉਲਟ, ਉਸ ਦੀ ਇੱਕ ਨਾਇਕ ਵਾਂਗ ਉਸਤਤੀ ਹੁੰਦੀ ਆਈ ਹੈ, ਜੋ ਵਧ ਕੇ ਇੱਕ ਮਿੱਥ ਦਾ ਰੂਪ ਧਾਰ ਗਈ ਹੈ ਤੇ ਇਸ ਨਾਲ ਉਹ ਫਲਿਸਤੀਨ ਦਾ ਕੌਮੀ ਕਵੀ ਬਣ ਗਿਆ ਹੈ। ਉਸ ਦੇ ਲੋਕ ਉਸ ਨੂੰ ਪਿਆਰ ਕਰਦੇ ਹਨ। ਉਹ ਉਸਦੇ ਗੀਤਾਂ ਨੂੰ ਖੇਤਾਂ ਵਿੱਚ, ਆਪਣੇ ਸਕੂਲਾਂ ਵਿੱਚ ਅਤੇ ਟੀਨ ਦੀਆਂ ਟੱਪਰੀਆਂ ਵਾਲੇ ਘਿਰਣਤ ਨਗਰ ਵਿੱਚ ਗਾਉਂਦੇ ਰਹਿੰਦੇ ਹਨ। ਐਪਰ ਉਸ ਦੇ ਬਹੁਤ ਸਾਰੇ ਪ੍ਰਸੰਸਕ ਸੋਚਦੇ ਹਨ ਕਿ ਉਹ ਉਸ ਦੇ ਮਾਲਕ ਹਨ, ਤੇ ਉਹ ਉਸ ਦੀ ਮਨੁੱਖੀ ਪ੍ਰਕਿਰਤੀ ਦੇ ਕਾਵਿਕ-ਪੱਖ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਤੇ ਉਸ ਨੂੰ ਸਖ਼ਤੀ ਨਾਲ ਪੜਚੋਲਦੇ ਹਨ। ਜਦੋਂ ਉਹ ਮਨੁੱਖੀ ਮਨੋ-ਭਾਵਾਂ, ਜਿਵੇਂ ਉਦਾਸ ਹੋ ਜਾਣਾ, ਕਮਜ਼ੋਰ ਜਾਂ ਖ਼ੁਸ਼ ਹੋਣਾ ਆਦਿ ਦਾ ਸ਼ਿਕਾਰ ਹੋ ਜਾਂਦਾ ਹੈ, ਜਾਂ ਗ਼ੈਰ-ਕਾਵਿਕ ਤੌਰ 'ਤੇ ਖਰ੍ਹਵਾ ਹੁੰਦਾ ਹੈ ਤੇ ਰਾਜਸੀ ਅਤਿਆਚਾਰ ਦੀਆਂ ਕਵਿਤਾਵਾਂ ਦੀ ਥਾਂ ਪਿਆਰ-ਕਵਿਤਾਵਾਂ ਲਿਖਣ ਲੱਗ ਪੈਂਦਾ ਹੈ। ਬਹੁਤ ਵਾਰ, ਬਹੁਤ ਹੀ ਵੱਖਰੀਆਂ ਸੰਦੇਵਨਾਵਾਂ ਵਾਲੇ ਚੰਗੇ ਲੋਕ ਵੀ ਉਸ ਦੀ ਅੱਖਰੀ ਕਲਪਨਾ ਉੱਤੇ ਆਪਣੀ ਪਕੜ ਮਜ਼ਬੂਤ ਕਰਨੀ ਚਾਹੁੰਦੇ ਹਨ, ਅਤੇ ਉਸਨੂੰ ਡਿਕਟਾ ਫੋਨ ਵਾਂਗ ਲਿਖਣ ਤੇ ਕਵਿਤਾ-ਪਾਠ ਕਰਨ ਲਈ ਮਜਬੂਰ ਕਰਨਾ ਚਾਹੁੰਦੇ ਹਨ।

ਪਿੱਛੇ ਜਹੇ, ਫਲਿਸਤੀਨ ਦੇ ਇੱਕ ਨਾਵਲਕਾਰ ਤੇ ਵਿਦਵਾਨ ਨੇ, ਜੋ ਮਹਿਮੂਦ-ਦਰਵੇਸ਼ ਦੇ ਪਿਆਰੇ ਮਿੱਤਰਾਂ ਵਿੱਚੋਂ ਹੈ, ਉਸ ਉੱਤੇ ਬੜੀ ਨਿਰਦਾਇਤਾ ਨਾਲ ਇਸ ਕਾਰਨ ਹਮਲਾ ਕੀਤਾ, ਕਿਉਂਕਿ ਉਸ ਨੇ ਸਪੱਸ਼ਟ ਭਾਂਤ ਪਿਆਰ-ਕਵਿਤਾਵਾਂ ਦਾ ਸੰਗ੍ਰਹਿ ਛਾਪਿਆ ਸੀ, ਜਿਸ ਦਾ ਸਿਰਲੇਖ ਸੀ, "ਅਜਨਬੀ ਲਈ ਬਿਸਤਰ"। ਉਸ ਨੇ ਦੋਸ਼ ਲਾਇਆ ਸੀ ਕਿ ਦਰਵੇਸ਼ ਆਪਣੇ ਲੋਕਾਂ ਨੂੰ ਤਿਆਗ ਕੇ ਸਵਾਰਥੀ ਸਰੋਕਾਰਾਂ ਵੱਲ ਰੁਚਿਤ ਹੋ ਗਿਆ ਹੈ। ਇਸ ਪੁਰਾਣੇ ਸਾਥੀ ਨੇ ਨਿਚੋੜ ਕੱਢਿਆ ਸੀ ਕਿ "ਕਵੀ ਬੜਾ ਨਿਰਾਸਤਾ ਭਰਿਆ ਤੇ ਆਕੜ ਵਾਲਾ ਸੰਦੇਸ਼ ਭੇਜ ਰਿਹਾ ਪ੍ਰਤੀਤ ਹੁੰਦਾ ਹੈ, "ਢੱਠੇ ਖ਼ੂਹ ਵਿੱਚ ਪਵੇ ਫਲਿਸਤੀਨ ਹੁਣ ਮੈਂ ਮਨ-ਮਰਜ਼ੀ ਕਰਾਂਗਾ।"

ਦਰਵੇਸ਼ ਨਾਲ ਮੇਰੀ ਪਹਿਲੀ ਮੁਲਾਕਾਤ 1967 ਦੀ ਗਰਮੀ ਦੀ ਰੁੱਤ ਵਿੱਚ, ਲੈਬਾਨਾਨੀ ਸਾਹਿਤਕ ਪਤ੍ਰਿਕਾ (Shi 'r) (ਕਵਿਤਾ) ਰਾਹੀਂ ਹੋਈ ਸੀ। ਆਧੁਨਿਕ ਕਵਿਤਾ ਦੇ ਖੇਤਰ ਵਿੱਚ, ਹਮਲਾ-ਕਰੂ ਯਤਨਾਂ ਦੀ ਪਹਿਲ ਕਰਦਿਆਂ, "ਕਵਿਤਾ" ਪੱਤ੍ਰਿਕਾ ਦਾ ਸੰਪਾਦਕ ਤੇ ਨੀਂਹ ਰੱਖਣ ਵਾਲਾ ਪ੍ਰਤਿਭਾਸ਼ੀਲ, ਪਰ ਨਿਰਮਾਣ ਕਵੀ ਯੂਸਫ਼-ਅਲ ਖ਼ਾਲ ਸੀ, ਜਿਹੜਾ ਆਧੁਨਿਕ ਅਮਰੀਕੀ ਕਵਿਤਾ ਦਾ ਬੇਹੱਦ ਮਤਵਾਲਾ ਸੀ। ਅਜ਼ਰਾਈਲ-ਤੇ ਅਰਬਾਂ ਦੀ ਜੂਨ 1967 ਵਿਚਲੀ ਜੰਗ ਦੌਰਾਨ ਅਰਬਾਂ ਦੀ ਹਾਰ ਦਾ ਤਾਜ਼ਾ ਜ਼ਖ਼ਮ ਅਜੇ ਨਾਟਕੀ ਰੂਪ ਵਿੱਚ ਦੁੱਖ-ਦਾਈ ਤੇ ਲਹੂ ਵਗਣ ਵਾਲਾ ਸੀ ਅਤੇ ਬੈਰੂਤ ਵਿਚਲੀਆਂ ਵਧੇਰੇ ਸਾਹਿਤਕ ਪੱਤਰਕਾਵਾਂ ਉਹ ਸਮੱਗਰੀ ਛਪ ਰਹੀਆਂ ਸਨ ਜਿਸ ਨੂੰ ਉਸ ਸਮੇਂ ਤੋਂ ਲੱਗ ਕੇ "ਫਲਿਸਤੀਨੀ-ਵਿਰੋਧ ਦੀ ਕਵਿਤਾ" ਕਿਹਾ ਜਾਣ ਲੱਗਾ ਹੈ। ਉਸ ਵਕਤ ਦੀ ਪ੍ਰਮੁੱਖ ਸਾਹਿਤਕ ਪੱਤ੍ਰਿਕਾ "ਕਵਿਤਾ" ਨੇ ਆਪਣੇ ਗਰਮੀ ਰੁੱਤ ਦੇ ਅੰਕ ਵਿੱਚ ਦਰਵੇਸ਼ ਦੀਆਂ ਚਾਰ ਕਵਿਤਾਵਾਂ ਛਾਪੀਆਂ ਸਨ ਤੇ ਉਸ ਦੀ ਜਾਣ-ਪਛਾਣ ਕਰਦਿਆਂ ਲਿਖਿਆ ਸੀ,



"ਇੱਕ ਫਲਿਸਤੀਨੀ ਕਵੀ ਜੋ ਕਬਜ਼ੇ ਹੇਠਲੀ ਮਾਤ-ਭੂਮੀ ਵਿਚ ਕਦੇ ਘਰ ਤੇ ਕਦੇ ਜੇਲ੍ਹ ਵਿੱਚ ਰਹਿੰਦਾ ਹੈ। ਇਸ ਅੰਕ ਵਿੱਚ ਪ੍ਰਕਾਸ਼ਿਤ ਚਾਰ ਕਵਿਤਾਵਾਂ ਸਾਡੇ ਕੋਲ ਗੁਪਤ ਢੰਗ ਨਾਲ ਪਹੁੰਚੀਆਂ ਹਨ।"

ਦਰਵੇਸ਼ ਦੀਆਂ ਨਜ਼ਮਾਂ ਦਾ ਕਵਿਤਾ ਦੇ ਇਸ ਮੋਢੀ ਪਰਚੇ ਰਾਹੀਂ ਸਾਹਮਣੇ ਆਉਣ ਨਾਲ ਸਿਰਫ ਮੇਰੇ ਉੱਤੇ ਡੂੰਘਾ ਪ੍ਰਭਾਵ ਹੀ ਨਹੀਂ ਪਿਆ, ਸਗੋਂ ਹਰ ਉਸ ਵਿਅਕਤੀ ਉੱਤੇ ਪਿਆ ਜੋ ਆਧੁਨਿਕ ਅਰਬੀ ਕਵਿਤਾ (ਜੋ ਕੇ ਅਜੇ ਆਪਣੇ ਬਚਪਨ ਵਿਚ ਸੀ) ਦੇ ਵਿਕਾਸ ਵਿੱਚ ਦਿਲਚਸਪੀ ਰੱਖਦਾ ਸੀ, ਵਿਸ਼ੇਸ਼ ਤੌਰ ਤੇ ਉਭਰਦੇ ਹੋਏ ਜੋੜੀਦਾਰ (Binary Star) ਸਿਤਾਰੇ ਜੋ ਮਹਿਮੂਦ ਦਰਵੇਸ਼ ਅਤੇ ਵਿਰੋਧ ਦੀ ਕਵਿਤਾ ਦੇ ਵਿਕਾਸ ਵਿੱਚ ਦਿਲਚਸਪੀ ਰੱਖਦਾ ਸੀ। ਉਸ ਪ੍ਰਚੰਡ ਸਮੇਂ ਨੂੰ ਹੁਣ ਤੀਕ ਤਿੰਨ ਦਹਾਕੇ ਬੀਤ ਚੁੱਕੇ ਹਨ ਅਤੇ ਮੈਂ ਅਜੇ ਵੀ ਅਨੁਭਵ ਕਰਦਾ ਹਾਂ ਕਿ ਦਰਵੇਸ਼ ਦੀ ਆਰੰਭਕ ਆਸਾਧਾਰਨ ਪ੍ਰਸਿੱਧਤਾ ਵਿੱਚ ਕਵਿਤਾ ਨਾਲੋਂ ਕਿਸਮਤ ਦਾ ਪ੍ਰਸ਼ਨ ਵੱਧ ਭਾਰੂ ਸੀ। ਉਸ ਦੀ ਪਹਿਲੀਆਂ ਅਤੇ ਸਭ ਤੋਂ ਵੱਧ ਹਰਮਨ-ਪਿਆਰੀਆਂ ਕਵਿਤਾਵਾਂ, ਕਾਵਿਕ ਨਾਲੋਂ ਨਾਹਰੇ ਮਈ ਵਧੇਰੇ ਸਨ ਅਤੇ ਇਹ ਘੱਟ ਹੀ ਕਵਿਤਾਵਾਂ ਪ੍ਰਤੀਤ ਹੁੰਦੀਆਂ ਸਨ। ਐਪਰ ਦਰਵੇਸ਼ ਦੀ ਉਭਰਦੀ ਅਤੇ ਗੂੰਜਦੀ ਆਵਾਜ਼ ਦੀ ਬੇਹੱਦ ਲੋੜ ਸੀ ਤੇ ਅਰਬੀਆਂ ਦੀ ਲੋਕ-ਮਾਨਸਿਕਤਾ ਨੇ ਇਸ ਦਾ ਭਰਪੂਰ ਜੋਸ਼ ਨਾਲ ਸਵਾਗਤ ਕੀਤਾ ਸੀ। ਤੇਜ਼-ਦਿਮਾਗ ਆਲੋਚਕਾਂ ਨੇ ਉਸ ਦੀ ਵਕਤ ਤੋਂ ਪਹਿਲਾਂ ਦੀ ਰਚਨਾ ਨੂੰ "ਸੂਰਮਤਾਈ ਵਾਲੇ ਯਥਾਰਥਵਾਦ" ਨਾਲ ਜੋੜਨ ਦਾ ਯਤਨ ਕੀਤਾ। ਕਈਆਂ ਨੇ ਉਸ ਨੂੰ ਆਪਣੇ ਆਪ ਵਿੱਚ ਨਵੀਂ ਲਹਿਰ ਦੇ ਰੂਪ ਵਿੱਚ ਐਲਾਨ ਕਰ ਦਿੱਤਾ। ਪਿੱਛੇ ਵੱਲ ਝਾਕਦਿਆਂ, ਉਹ ਗੱਲ ਕੁਝ ਵਕਤ ਤੋਂ ਪਹਿਲਾਂ ਦੀ ਪ੍ਰਤੀਤ ਹੁੰਦੀ ਸੀ ਕਿ ਉਹ ਕੈਸਾ ਕਵੀ ਸੀ।

ਉਸ ਦੀਆਂ ਮੁਢਲੇ ਦੌਰ ਦੀਆਂ ਕਵਿਤਾਵਾਂ ਵਿੱਚੋਂ ਵਧੇਰੇ ਵਿਚ ਪ੍ਰਾਚੀਨ ਰੂਪਾਂ ਅਤੇ ਬੰਦਸ਼ਾਂ ਦੀ ਵਰਤੋਂ ਕੀਤੀ ਮਿਲਦੀ ਹੈ, ਜੋ ਕਿ ਬਹੁਤ ਸਾਰੇ ਅਰਬੀ ਤੇ ਗੈਰ-ਅਰਬੀ ਸਥਾਪਤ ਕਵੀਆਂ ਦੇ ਪ੍ਰਭਾਵ ਅਧੀਨ ਲਿਖੀਆਂ ਗਈਆਂ ਸਨ, ਜਿਵੇਂ ਕਿ ਨੇਰੂਦਾ, ਨਾਜ਼ਿਮ ਹਿਕਮਤ, ਮਾਇਆ ਕੋਵਸਕੀ, ਸਿਆਬ, ਬਾਇਯਾਤੀ, ਕੁਬਾਨੀ ਜਾਂ ਫਿਰ ਨਵੀਂ ਪੀੜ੍ਹੀ ਦੇ ਘੱਟ ਹਰਮਨ ਪਿਆਰਤਾ ਵਾਲੇ ਕਵੀਆਂ ਜਿਵੇਂ ਮਰਹੂਮ ਰਸ਼ੀਦ ਹੁਸੈਨ ਆਦਿ ਦੇ ਪ੍ਰਭਾਵ ਅਧੀਨ। ਉਸ ਵਕਤ ਅਜ਼ਰਾਈਲੀ ਕਵੀਆਂ ਹਯੀਮ ਬਾਈਲੀਕ ਜਾਂ ਯੀਹੂਦਾ ਅਮੀਚਾਈ ਜਾਂ ਹੋਰ ਆਧੁਨਿਕ ਯੂਹਦੀ ਕਵੀਆਂ ਦੇ ਦਰਵੇਸ਼ ਉੱਤੇ ਪਏ ਪ੍ਰਭਾਵ ਨੂੰ ਪਛਾਨਣਾ ਸੌਖਾ ਕੰਮ ਨਹੀਂ ਸੀ। ਇਹਨਾਂ ਕਵਿਤਾਵਾਂ ਵਿਚ, ਅਤਿ ਬਿੰਬਾਂ 'ਤੇ ਮਿੱਥਾਂ ਦੀ ਵਰਤੋਂ ਕੀਤੀ ਗਈ ਸੀ ਜਾਂ "ਘੁਸ-ਬੈਠ" ਕੀਤੀ ਗਈ ਸੀ। ਜਿਹੜੀ ਗੱਲ ਵਿਅੰਗ-ਮਈ ਤੇ ਵਿਆਖਿਆ ਦੇ ਆਯੋਗ ਹੈ ਉਹ ਇਹ ਕਿ ਦਰਵੇਸ਼ ਦੇ ਜੋਸ਼ੀਲੇ ਅਰਬੀ ਸਰੋਤਿਆਂ ਨੇ ਅਜ਼ਰਾਈਲੀ ਬਿੰਬਾਂ ਤੇ ਮਿੱਥਾਂ ਨੂੰ (ਫਲਿਸਤੀਨੀ, "ਵਿਰੋਧ) ਦੀ ਕਵਿਤਾ ਦਾ ਅਟੁੱਟ ਭਾਗ ਸਮਝ ਲਿਆ ਸੀ।

ਇਸ ਤੱਤ ਦੇ ਬਾਵਜੂਦ ਕਿ 'ਯੂਸਫ-ਅਲ-ਖਾਲ' ਵੱਲੋਂ ਦਰਵੇਸ਼ ਦੀਆਂ ਚਾਰ ਛਪੀਆਂ ਕਵਿਤਾਵਾਂ ਸਿੱਧੀ ਬਿਆਨਬਾਜ਼ੀ ਦੀ ਜ਼ਿਆਦਾ ਵਰਤੋਂ ਨਹੀਂ ਕਰਦੀਆਂ, ਪਰ ਇਹਨਾਂ ਦੇ ਕਵਿਤਾ ਪੱਤ੍ਰਿਕਾ ਵਿੱਚ ਪਹਿਲੇ ਸਫ਼ਿਆਂ ਤੇ ਛਪ ਜਾਣਾ, ਉਹਨਾਂ ਲੋਕਾਂ ਵੱਲੋਂ ਸਪੱਸ਼ਟ ਪ੍ਰਵਾਨਗੀ ਸੀ ਜਿਹੜੇ ਕਿ ਆਪਣੇ ਆਪ ਨੂੰ" ਆਧੁਨਿਕ ਅਰਬੀ ਕਵਿਤਾ ਦੇ ਮੋਢੀ ਸਮਝਦੇ ਸੀ ਅਤੇ ਇਹ ਦਰਵੇਸ਼ ਦੇ ਉਹਨਾਂ ਦੀ ਦੇਵ-ਮਾਲਾ ਵਿੱਚ ਆ ਰਲਣ ਦੀ ਯੋਗਤਾ ਦਾ ਕਵੀ ਵਜੋਂ ਪ੍ਰਮਾਣ ਸੀ। ਇਹ ਏਸੇ ਤਰ੍ਹਾਂ ਦੀ ਹੀ ਗੱਲ ਸੀ, ਜਿਵੇਂ ਕੋਈ ਨੌਜਵਾਨ ਅਮਰੀਕੀ ਕਵੀ 'ਪੋਇਟਰੀ' ਗਰੈਂਡ ਸਟਰੀਟ ਜਾਂ ਨੀਊ ਯਾਰਕ ਪੱਤ੍ਰਿਕਾਵਾਂ ਵਿਚ ਛਪ ਜਾਵੇ।

ਐਪਰ ਦਰਵੇਸ਼ ਨੂੰ 'ਕਵਿਤਾ' ਪੱਤ੍ਰਿਕਾ ਨਾਲ ਡੂੰਘੀ ਤਰ੍ਹਾਂ ਜੋੜਨ ਜਾਂ ਇਸ ਪੱਤ੍ਰਿਕਾ ਤੇ ਇਸ ਦੇ ਬਾਨੀ-ਸੰਪਾਦਕ ਯੂਸਫ ਅਲ-ਖਾਨ ਦੀ ਮਨਮੋਹਕ ਤਸਵੀਰ ਖਿੱਚਣਾ ਗੁਮਰਾਹ ਕਰਨ ਵਾਲੀ ਗੱਲ ਹੋਵੇਗੀ। ਕਿਉਂਕਿ ਆਧੁਨਿਕ ਅਰਬੀ-ਕਵਿਤਾ ਦੇ ਪ੍ਰਫੁਲਣ ਵਿਚ ਉਹਨਾਂ ਦੇ ਨਾਟਕੀ ਮਹੱਤਵ-ਪੂਰਨ ਰੋਲ ਦੇ ਬਾਵਜੂਦ ਅਤੇ ਨਾਲ ਹੀ, ਰਵਾਇਤੀ, ਕਟੜਪੰਥੀ ਨਾਲੋਂ ਤੋੜਨ ਦੀਆਂ ਉਹਨਾਂ ਦੀਆਂ ਸ਼ਰਤੀਸ਼ਾਲੀ ਕੋਸ਼ਿਸ਼ਾਂ ਦੇ ਬਾਵਜੂਦ, ਉਹਨਾਂ ਦੀ ਪ੍ਰਤਿਭਾ (ਉਨਸੀ-ਅਲ-ਹਾਜ ਤੇ ਫਾਊਦ ਰੇਵਕਾ" ਨੂੰ ਛੱਡ ਕੇ, ਉਹਨਾਂ ਦੇ ਜ਼ੋਰਦਾਰ) ਦਾਹਵਿਆਂ ਤੋਂ ਦੂਰ ਹੀ ਰਹਿ ਜਾਂਦੀ ਹੈ। ਉਹਨਾਂ ਦੇ ਸਾਰੇ ਉਪਰਾਲੇ ਦਰਵੇਸ਼ ਦੇ ਯਤਨਾਂ ਦੇ ਉਲਟ ਜਾਂਦੇ ਸਨ, ਖ਼ਾਸ ਤੌਰ ਤੇ ਉਸ ਦੀ ਕਲਪਣਾ ਦੀ ਵਿਸ਼ਾਲਤਾ, ਤੇ ਉਸ ਦੇ ਵਿਸ਼ਾਲ ਸਭਿਆਚਾਰਕ ਤੇ ਮਨੁੱਖਵਾਦੀ ਧਰਤ-ਦ੍ਰਿਸ਼ ਦੇ ਘੇਰੇ ਦੇ ਪੱਖੋਂ ਵੀ। ਆਮ ਕਰਕੇ ਜੋ ਕਵਿਤਾਵਾਂ 'ਕਵਿਤਾ' ਪੱਤ੍ਰਿਕਾ ਦੇ ਪੰਨਿਆਂ ਉੱਤੇ ਅਕਸਰ ਛਪਦੀਆਂ ਸਨ, ਉਹ ਪ੍ਰਚਲਤ ਭੈੜੀਆਂ ਕਵਿਤਾਵਾਂ ਦੀ ਪੱਧਰ ਨਾਲੋਂ ਵੱਖਰੀਆਂ ਨਹੀਂ ਸਨ ਹੁੰਦੀਆਂ। ਉਹਨਾਂ ਵਿਚੋਂ ਘੱਟ ਹੀ ਪੜ੍ਹਨ-ਯੋਗ ਕਵਿਤਾਵਾਂ ਹੁੰਦੀਆਂ ਸਨ। ਆਧੁਨਿਕਤਾ ਨੂੰ ਫੈਸ਼ਨ ਨਾਲ ਰਲ-ਗੱਡ ਕੀਤਾ ਹੁੰਦਾ ਸੀ ਅਤੇ ਕਵੀ ਆਪਣੀ ਸ਼ਕਤੀ ਨੂੰ ਕਲਾ ਦੇ ਬਾਹਰੀ ਰੂਪ ਤੇ ਬਦਲਦੇ ਕਾਵਿ-ਪੈਟਰਨਾਂ ਉੱਤੇ ਜ਼ਾਇਆ ਕਰਦੇ ਸਨ ਅਤੇ Tel Qull ਅਤੇ Concret ਕਵਿਤਾ ਨੂੰ ਔਟੋਮਾਨ ਦੀ ਪਤਨਸ਼ੀਲ ਨਿਰਾਰਥਕ ਕਵਿਤਾ ਨਾਲ ਜੋੜ ਰਹੇ ਸਨ। ਉਹਨਾਂ ਵਿੱਚੋਂ ਬਹੁਤਿਆਂ ਲਈ, ਕਵੀ ਨੂੰ ਸ਼ੈਤਾਨ ਦੇ ਰੂਪ ਵਿੱਚ ਪੇਸ਼ ਕਰਨਾ ਹੁੰਦਾ ਸੀ। ਕਈ ਵਾਰ ਉਹ ਹਰ ਭਾਂਤ ਦੀ ਸਾਹਿਤਕ ਪ੍ਰਕਿਰਿਆ ਨੂੰ ਤਿਲਾਂਜਲੀ ਦੇ ਛੱਡਦੇ ਸਨ। Beat ਪੀੜ੍ਹੀ ਵਾਂਗ ਉਹ ਆਪਣੇ ਆਪ ਨੂੰ ਨਿਧੜਕਤਾ ਨਾਲ action Painting ਨਾਲ ਜੋੜਨਾ ਚਾਹੁੰਦੇ ਸੀ।

ਯੂਸਿਫ-ਅਲ-ਖਾਲ ਦਾ ਸੁਭਾਅ ਮੌਜ-ਮੇਲੇ ਤੇ ਹਾਸੇ-ਠੱਠੇ ਵਾਲਾ ਸੀ ਤੇ ਉਸ ਕੋਲ ਪਿਆਰ ਭਰਿਆ ਦਿਲ ਸੀ। ਫਿਰ ਵੀ ਉਸ ਦੀ ਬੈਰੂਤ ਵਿਚ ਟੀ. ਐਸ. ਈਲੀਅਟ ਦੇ ਭੂਤ-ਪ੍ਰੇਤ ਨੂੰ ਜਗਾਉਣ ਦੀ ਕੋਸ਼ਿਸ਼ ਹਾਸੋ ਹੀਣੀ ਸੀ ਕਿਉਂਕਿ ਪਹਿਲਾਂ ਹੀ ਟੀ. ਐਸ. ਈਲੀਅਟ ਦਾ ਸਮੁੱਚਾ ਕਬਰਸਤਾਨ ਕੰਢਿਆਂ ਤੀਕ ਭਰ ਚੁੱਕਾ ਸੀ। ਅਲ-ਖਾਲ ਖ਼ੁਦ ਇਕ ਸਾਧਾਰਨ ਕਵੀ ਸੀ, ਭਾਵੇਂ ਕਿ ਉਹ ਨਵੀਂ ਪ੍ਰਤਿਭਾ ਨੂੰ ਤਲਾਸ਼ਣ ਦੀ ਯੋਗਤਾ, ਉਸ ਨੂੰ ਨਾਲ ਜੋੜਨ ਤੇ ਉਸ ਦੀ ਮਦਦ ਕਰਨ ਵਿਚ ਲਾਰੈਂਸ ਫਰਲਿੰਗੇਨੀ ਨਾਲ ਮਿਲਦਾ ਸੀ। ਉਸ ਦਾ ਰੋਲ ਰਚਨਾਤਮਿਕ ਨਾਲੋਂ ਪਿਤਾ-ਪੁਰਖੀ ਵਧੇਰੇ ਸੀ। ਅਚੇਤ ਹੀ ਦਿੱਬ ਦ੍ਰਿਸ਼ਟੀ ਵਜੋਂ, ਉਸ ਨੇ ਇੱਕ ਵਾਰ ਕਿਹਾ ਸੀ ਕਿ ਮਹਿਮੂਦ ਦਰਵੇਸ਼ ਲਈ ਮਹਾਨ ਕਵੀ ਬਣਨ ਵਾਸਤੇ, ਸਰੋਤਿਆਂ ਦੀ ਰੁਚੀ ਨਾਲ ਸਮਝੌਤਾ ਕਰਨ ਤੋਂ ਬਚਣਾ ਚਾਹੀਦਾ ਹੈ।"

ਦਰਵੇਸ਼ ਨਾਲ 1973 ਵਿਚ ਮੇਰੀ ਪਹਿਲੀ ਗੁਫਤਗੂ ਵੇਲੇ ਅਤੇ 'ਕਵਿਤਾ' ਪੱਤ੍ਰਿਕਾ ਵਿਚ ਉਸ ਦੀਆਂ ਚਾਰ ਕਵਿਤਾਵਾਂ ਦੇ ਛਪਣ ਦੇ ਛੇ ਸਾਲ ਪਿੱਛੋਂ, ਮੈਂ ਉਸ ਕੋਲ ਅਲ-ਖਾਲ ਦੇ ਬਿਆਨ ਦਾ ਜ਼ਿਕਰ ਕੀਤਾ ਸੀ, ਅਤੇ ਸਰੋਤਿਆਂ ਨਾਲ ਉਸ ਦੇ ਜਟਿਲ ਰਿਸ਼ਤੇ ਸਬੰਧੀ ਆਪਣੇ ਤੋਖਲੇ ਵੀ, ਨਾਲ ਜੋੜ ਦਿੱਤੇ ਸਨ। ਅਸੀਂ ਕੁਝ ਸਮਾਂ ਘਟਨਾਵੀ ਤੇ ਅਸਲੀ ਦਰਵੇਸ਼ ਦੀ ਗੱਲ ਕੀਤੀ ਸੀ ਤੇ ਫਿਰ ਮੈਂ ਉਸ ਨੂੰ ਪੁੱਛਿਆ ਸੀ,

"ਕਲਪਣਾ ਕਰ ਕਿ ਜੇ ਤੂੰ ਕਬਜ਼ੇ ਹੇਠ ਆਈ ਮਾਤ-ਭੂਮੀ ਦੀ ਥਾਂ ਕਿਸੇ ਹੋਰ ਥਾਂ ਜਨਮਿਆਂ ਹੁੰਦਾ, ਕੀ ਫਿਰ ਕਵੀ ਵਜੋਂ ਤੇਰੀ ਮਸ਼ਹੂਰੀ ਏਨੀ ਹੀ ਵੱਡੀ ਹੁੰਦੀ?"

ਦਰਵੇਸ਼ ਨੇ ਉੱਤਰ ਦਿੱਤਾ, "ਮੈਂ ਹਮੇਸ਼ਾ ਹੀ ਅਨੁਭਵ ਕੀਤਾ ਹੈ ਕਿ ਚਾਣ ਚੱਕ ਅਤੇ ਖ਼ੁਸ਼-ਕਿਸਮਤ ਹਾਲਾਤ ਨੇ ਜੋ ਕੁਝ ਪੈਦਾ ਕੀਤਾ, ਮੈਂ ਉਸ ਤੋਂ ਮੁਕਤ ਹੋਣ ਲਈ ਸਖ਼ਤ ਮਿਹਨਤ ਕਰਦਾ ਹਾਂ। ਮੈਂ ਕਿਸਮਤ ਉੱਤੇ ਉੱਡਣਾ ਨਹੀਂ ਚਾਹੁੰਦਾ। ਮੈਂ ਇਸ ਤੋਂ ਪਾਰ ਜਾਣਾ ਚਾਹੁੰਦਾ ਹਾਂ, ਕਿਉਂਕਿ ਇਸ ਖੇਡ ਵਿੱਚ ਮੈਂ ਗਵਾ ਹੀ ਰਿਹਾ ਹਾਂ ਤੇ ਨਿਰਸੰਦੇਹ



ਇਸ ਦੇ ਵਿਰੁੱਧ ਬਗਾਵਤ ਕਰਨ ਵਾਲਾ ਮੈਂ ਪਹਿਲਾ ਆਦਮੀ ਹਾਂ। ਮੈਂ ਸਦਾ ਹੀ ਇਹ ਗੱਲ ਚੇਤੇ ਰੱਖਦਾ ਹਾਂ ਕਿ ਘਟਨਾਵਾਂ ਸਿਰਫ਼ ਦੁਰਘਟਨਾਵਾਂ ਹਨ ਤੇ ਇਹਨਾਂ ਨੇ ਲੋਕਾਂ ਸਾਹਮਣੇ ਮੇਰੇ ਪੇਸ਼ ਹੋਣ ਵਿੱਚ ਕਾਹਲੀ ਕੀਤੀ ਹੈ। ਇਸ ਨਾਲ ਮੇਰਾ ਸਮਾਂ ਬਚਿਆਂ ਹੈ ਤੇ ਮੇਰੇ ਵਿਕਾਸ ਦਾ ਰਾਹ ਖੁੱਲ੍ਹਾ ਹੈ। ਵਿਡੰਬਨਾ ਇਹ ਹੈ ਕਿ ਮੈਂ ਦੁਰਘਟਨਾ ਦਾ ਦੇਣਦਾਰ ਹਾਂ, ਪਰ ਨਾਲ ਹੀ ਮੈਂ ਇਸ ਵਿਰੁੱਧ ਬਗਾਵਤ ਕਰਦਾ ਹਾਂ, ਪਰ ਕਿਵੇਂ? ਆਪਣੀਆਂ ਅੰਦਰਲੀਆਂ ਰਚਨਾਤਮਿਕ ਸ਼ਕਤੀਆਂ (ਜੇ ਉਹ ਅਸਲ ਵਿੱਚ ਹਨ) ਦੀ ਤਲਾਸ਼ ਕਰ ਕੇ, ਦੁਰਘਟਨਾਵਾਂ ਨੂੰ ਘਟਾ ਕੇ ਅਤੇ ਅਸਲੀ, ਆਵਸ਼ੱਕ ਤੇ ਸਦੀਵੀਂ ਉੱਤੇ ਜ਼ੋਰ ਦੇ ਕੇ।"

ਉਸ ਇੰਟਰਵਿਊ ਤੋਂ ਲੱਗ ਕੇ ਹੁਣ ਤੀਕ ਤਿੰਨ ਦਹਾਕੇ ਹੋ ਚੱਲੇ ਹਨ, ਦਰਵੇਸ਼ ਨੇ ਸਮਝਦਾਰੀ ਅਤੇ ਪੂਰੀ ਜ਼ਿੱਦ ਨਾਲ ਆਪਣੇ ਘਟਨਾਵੀ ਬ੍ਰਹਿਮੰਡ ਦੇ ਵਿਰੁੱਧ ਬਗ਼ਾਵਤ ਕੀਤੀ ਹੈ ਅਤੇ ਜੋ ਕੁਝ ਅਸਲੀ ਆਵੱਸ਼ਕ ਤੇ ਸਦੀਵੀਂ ਹੈ, ਉਸ ਤੇ ਜ਼ੋਰ ਦਿੱਤਾ ਹੈ ਤੇ ਨਾਲ ਹੀ ਆਪਣੀ ਮੁੱਢਲੀ ਕਵਿਤਾ ਲਈ ਸਰੋਤਿਆਂ ਦੇ ਜੋਸ਼ ਨੂੰ ਵੀ ਬਰਦਾਸ਼ਤ ਕੀਤਾ ਹੈ। ਜੇ ਕੋਈ ਪਾਠਕ ਸੱਠਵਿਆਂ ਵਿਚਲਾ, ਉਸ ਦਾ ਸੰਗ੍ਰਹਿ, ਜੈਤੂਨ ਦੇ ਪੱਤੇ (Leaves of Olive) ਪੜ੍ਹਦਾ ਹੈ ਤੇ ਫਿਰ Eleven Planets (ਗਿਆਰਾਂ ਨਖੱਤਰ) ਤੇ "ਤੂੰ ਘੋੜੇ ਨੂੰ ਇਕੱਲਾ ਕਿਉਂ ਛੱਡਿਆ ਸੀ" (Why have you left the horse alone) ਪੜ੍ਹਦਾ ਹੈ, ਤਾਂ ਉਹ ਆਸਾਨੀ ਨਾਲ ਵੇਖ ਸਕਦਾ ਹੈ ਕਿ ਕਵੀ ਨੇ ਆਪਣੇ ਲੰਮੇ ਤੇ ਪ੍ਰਬਲ ਮਨੋ-ਭਾਵਾਂ ਵਾਲੇ ਜੀਵਨ ਵਿਚ ਕਿੰਨਾ ਵੱਡਾ ਵਿਕਾਸ ਕੀਤਾ ਹੈ। 1970 ਦੇ ਸ਼ੁਰੂ ਵਿਚ ਉਸ ਦੇ ਬੈਰੂਤ ਵਿੱਚ ਆਉਣ ਦੇ ਪਹਿਲੇ ਹਫ਼ਤੇ ਵਿਚ, ਮੈਂ ਦਰਵੇਸ਼ ਨੂੰ ਸੀਰੀਆਈ ਕਵੀ ਐਡੋਨੀਸ ਦੇ ਅਸ਼ਰਫੀਏਵ ਮਹੱਲੇ ਵਿਚਲੇ ਘਰ ਵਿਚ ਮਿਲਿਆ ਸੀ। ਅਸੀਂ ਪੰਜ ਜਣੇ ਸੀ ਤੇ ਸਤਿਕਾਰਤ ਮਹਿਮਾਨ ਦਰਵੇਸ਼ ਮੇਰੇ ਬਿਲਕੁਲ ਸਾਹਮਣੇ ਬੈਠਾ ਸੀ। ਹਮੇਸ਼ ਵਾਂਗ ਉਸ ਦੀਆਂ ਨਾੜੀਆਂ ਫੜਕ ਰਹੀਆਂ ਸਨ। ਇਹ ਪਤਲਾ ਨੌਜਵਾਨ ਸੀ, ਜਿਸ ਦੀ ਨਜ਼ਰ ਚਮਕਦੇ ਸ਼ੇਰ ਵਰਗੀ ਸੀ ਤੇ ਉਸ ਦੀ ਹਾਜ਼ਰੀ ਸਭ ਤੇ ਭਾਰੂ ਸੀ। ਉਹ ਸ਼ਹਿਦ ਦੀ ਮੱਖੀ ਵਾਂਗ ਫੁਰਤੀ ਨਾਲ ਗੱਲ ਕਰਦਾ ਸੀ ਅਤੇ ਸਾਨੂੰ ਆਪਣੀ ਸਰੀਰਕ ਸ਼ਿੱਦਤ ਤੇ ਬੋਲ-ਚਾਲ ਨਾਲ ਚਕ੍ਰਿਤ ਕਰ ਰਿਹਾ ਸੀ। ਕਈ ਵਾਰ ਇੰਝ ਲਗਦਾ ਸੀ ਕਿ ਉਹ ਸੁਣ ਰਿਹਾ ਸੀ ਤੇ ਉਹ ਏਨਾ ਨਿਮਾਣਾ ਹੋ ਜਾਂਦਾ ਸੀ ਜਿਵੇਂ ਉਹ ਬੇਬੱਸ ਬਿਨਾਂ ਇਰਾਦੇ ਤੋਂ ਸਿਆਣੇ ਤੇ ਖਿਚਪਾਊ ਢੰਗ ਨਾਲ ਦੁਖਾਂਤਕ ਪ੍ਰਤੀਤ ਹੁੰਦਾ ਸੀ। ਫਿਰ ਅਚਾਨਕ ਹੀ ਉਹ ਖੁੱਲੇ ਆਮ ਵਿਖਾਲਦਾ ਸੀ ਕਿ ਉਸ ਦੀ ਇਹ ਦੁਨਿਆਵੀਂ ਨਿਰਮਾਣਤਾ, ਇੱਕ ਬਹੁਤ ਹੀ ਤਗੜਾ ਤੇ ਵਿਅੰਗਮਈ ਸ਼ਖ਼ਸੀਅਤ ਦਾ ਬਾਹਰਲਾ ਦਿਖਾਵਾ ਹੀ ਸੀ। ਏਹੋ ਕੁਝ ਉਸ ਦਾ ਚਮਤਕਾਰੀ ਪ੍ਰਗਟਾਊ ਵਾਰਤਕ ਤੇ ਨਾਲ ਦੀ ਨਾਲ ਉਸ ਦੀ ਜੋਸ਼ੀਲੀ ਬਾਤ-ਚੀਤ ਦਾ ਲੱਛਣ ਸੀ।

1993 ਵਿਚ ਉਸਨੇ (Oslo) ਸਮਝੌਤੇ ਤੋਂ ਅਗਲੇ ਦਿਨ ਜਦੋਂ ਇਰਾਫਤ ਨੇ ਦਰਵੇਸ਼ ਨੂੰ ਜ਼ੋਰ ਦਿੱਤਾ ਕਿ ਉਹ ਫਲਿਸਤੀਨੀ ਮੰਤਰੀ-ਮੰਡਲ ਵਿਚ ਸ਼ਾਮਿਲ ਹੋਵੇ, ਤਾਂ ਉਹ ਹੱਕ ਤੇ ਵਿਰੋਧ ਵਿੱਚ ਦਲੀਲਾਂ ਦਿੰਦੇ ਰਹੇ। ਅਖੀਰ ਇਰਾਫਤ ਨੇ ਕਿਹਾ, "ਮਾਲਰਾਕਸ ਚਾਰਲਸ-ਡੀ-ਗਾਲ ਦੇ ਮੰਤਰੀ-ਮੰਡਲ ਵਿੱਚ ਵਜ਼ੀਰ ਵਜੋਂ ਸ਼ਾਮਿਲ ਹੋਣ ਵਿਚ ਕੀ ਨੁਕਸਾਨ ਸੀ" ਤੇ ਬਿਨਾਂ ਝਿਜਕ ਤੋਂ ਦਰਵੇਸ਼ ਨੇ ਉੱਤਰ ਦਿੱਤਾ, "ਇਸ ਨਾਲੋਂ ਘੱਟੋ ਘੱਟ ਤਿੰਨ ਫਰਕ ਹਨ। ਫਰਾਂਸ ਗਾਜ਼ਾ ਪੱਟੀ ਤੇ ਵੈਸਟ ਬੈਂਕ ਨਹੀਂ ਹੈ। ਦੂਸਰਾ ਚਾਰਲਸ-ਡੀ-ਗਾਲ ਦਾ ਕੱਦ ਕਾਠ ਯਾਸਰ ਅਰਾਫਤ ਜਿੱਡਾ ਨਹੀਂ ਤੇ ਤੀਸਰਾ ਇਹ ਕਿ ਮਹਿਮੂਦ ਦਰਵੇਸ਼ ਆਦਰੇ ਮਾਲਰਾਕਸ (M alroux) ਨਹੀਂ। ਤੁਸੀਂ ਕਹਿ ਸਕਦੇ ਹੋ ਕਿ ਇਹ ਫਰਕ ਛੋਟੇ ਹਨ। ਪਰ ਜੇ ਇਹ ਗੱਲ ਵਾਪਰਦੀ ਹੈ ਕਿ ਫਲਿਸਤੀਨ ਦਾ ਰਾਜ ਫਰਾਂਸ ਜਿਤਨਾ ਸ਼ਕਤੀਸ਼ਾਲੀ ਬਣ ਜਾਂਦਾ ਹੈ ਤੇ ਮੇਰਾ ਕੱਦ-ਕਾਠ ਮਾਲਰਾਕਸ ਦੇ ਬਰਾਬਰ ਹੋ ਜਾਂਦਾ ਹੈ, ਫਿਰ ਮੈਂ ਜੀਨ-ਪਾਲ-ਸਾਰਤਰ ਬਣਨਾ ਚਾਹਾਂਗਾ।"

ਪਰ ਦਰਵੇਸ਼ ਦੀ ਸਵੈ-ਪੜਚੋਲ ਦੀ ਸਮਰੱਥਾ ਉਸ ਦੇ ਵਿਅੰਗ ਨਾਲ ਵਧੇਰੇ ਤੇਜ਼ ਹੈ। ਇੱਕ ਵਾਰ, ਇੰਟਰਵਿਊ ਦੇ ਸਮੇਂ ਉਸ ਦੀ ਕਵਿਤਾ ਦੀ ਦ੍ਰਿਸ਼ਟੀਗਤ ਬਣਤਰ (Visual Texture) ਬਾਰੇ ਮੇਰੀਆਂ ਟਿੱਪਣੀਆਂ ਬੜੀਆਂ ਤਿੱਖੀਆਂ ਤੇ ਹਮਲਾਕਰੂ ਸਨ। ਪਰ ਉਸ ਨੇ ਉੱਤਰ ਦਿੱਤਾ,

"ਠੀਕ ਹੈ, ਜੇ ਮੇਰੀ ਕਵਿਤਾ ਦੀ ਦ੍ਰਿਸ਼ਟੀਗਤ ਬੁਣਤੀ ਬਾਰੇ ਇਹ ਗੱਲ ਹੈ ਅਤੇ ਜੇ ਤੁਸੀਂ ਸਮਝਦੇ ਹੋ ਕਿ ਮੈਨੂੰ ਅਜੇ ਮੇਰਾ ਆਪਣਾ ਢੁਕਵਾਂ ਕਾਵਿ-ਰੂਪ ਨਹੀਂ ਲੱਭਾ, ਤਾਂ ਇਹ ਮੇਰੇ ਇਰਾਦੇ ਦੀ ਘਾਟ ਕਾਰਨ ਨਹੀਂ ਹੋਵੇਗਾ, ਸਗੋਂ ਮੇਰੇ (ਸਿਰਜਣਾਤਮਿਕ ਤਜਰਬੇ ਵਿਚਲੀ ਕੋਈ ਘਾਟ ਕਾਰਨ ਹੋਵੇਗਾ।"

ਸ਼ਾਇਦ ਅਜੇਹੀ ਆਤਮ ਆਲੋਚਨਾ, ਜੋ ਕੇ ਆਧੁਨਿਕ ਕਵੀਆਂ ਵਿੱਚੋਂ ਦਰਵੇਸ਼ ਵਿੱਚ ਅਦੁੱਤੀ ਹੈ, ਨੇ ਉਸ ਨੂੰ ਆਪਣੇ ਆਪ ਬਾਰੇ ਅਤੇ ਆਪਣੀ ਕਵਿਤਾ ਬਾਰੇ ਕੁਝ ਸਖ਼ਤ-ਦਿਲ ਬਣਾ ਦਿੱਤਾ ਹੈ। ਪਰ ਇਸ ਗੱਲ ਨੇ ਉਸ ਨੂੰ ਵਕਤ ਤੋਂ ਪਹਿਲਾਂ ਮਿਲੀ ਹਰਮਨ-ਪਿਆਰਤਾ ਤੇ ਆਸਾਨ ਸਫਲਤਾ ਦੇ ਵਿਰੁੱਧ ਬਾਗ਼ੀ ਹੋਣ ਵਿਚ ਵੀ ਸਹਾਇਤਾ ਕੀਤੀ ਹੈ। ਇਸ ਗੱਲ ਨੇ ਉਸ ਨੂੰ ਇਹ ਨਕਲਚੀ ਅਤੇ ਸੌਖੀ ਸਿੱਧੀ ਸਟੇਟਮੈਂਟ ਦੇ ਕਵੀ ਤੋਂ ਪ੍ਰੀਵਰਤਨ ਕਰਕੇ, ਕੌਮਾਂਤਰੀ ਪ੍ਰਸਿੱਧੀ ਵਾਲਾ ਅਤੇ ਅਸਾਧਾਰਨ ਅੰਤਰ-ਦ੍ਰਿਸ਼ਟੀ ਵਾਲਾ ਤੇ ਲਾਜਵਾਬ ਸਿਆਣਪ ਵਾਲੀ ਤਕਨੀਕ ਦਾ ਕਵੀ ਬਣਾਉਣ ਵਿਚ ਮਦਦ ਕੀਤੀ ਸੀ, ਕਵੀ ਜੋ ਕਿ ਮਨੁੱਖੀ ਜਜ਼ਬਿਆਂ ਨੂੰ ਤਾਰਾ-ਵਿਗਿਆਨਕ ਵਿਸਥਾਰ ਦੇ ਕੇ, ਸਪੱਸ਼ਟ ਤੇ ਪਾਰ-ਦਰਸ਼ੀ ਕਵਿਤਾ ਦਾ ਰੂਪ ਦੇ ਦਿੰਦਾ ਹੈ। ਉਸ ਦੇ ਹੱਥਾਂ ਵਿਚ ਅਰਬੀ ਕਵਿਤਾ, ਤੇ ਸ਼ਾਇਦ ਕਵਿਤਾ ਦਾ ਸਮੁੱਚਾ ਅਸਤਿੱਤਵ ਹੀ, ਨਵੀਂ ਜ਼ਿੰਦਗੀ ਵੱਲ ਕਦਮ ਪੁੱਟਦਾ ਪ੍ਰਤੀਤ ਹੁੰਦਾ ਹੈ। ਜਿਵੇਂ ਕਿ ਹਥਲੇ ਸੰਗ੍ਰਹਿ (The Adam of two Edens) 'ਦੋਹਾਂ ਅਦਨਾਂ ਦਾ ਬਾਬਾ ਆਦਮ' ਤੋਂ ਸਪੱਸ਼ਟ ਹੁੰਦਾ ਹੈ। ਦਰਵੇਸ਼ ਦੀ ਕਵਿਤਾ ਸਥਾਨਕ ਦੁਖਾਂਤ ਨੂੰ ਉੱਚਾ ਚੁੱਕ ਕੇ ਤੇ ਉਸ ਦੀ ਸ਼ਿੱਦਤ ਨੂੰ ਵਧਾ ਕੇ ਇਸ ਨੂੰ ਸਰਬ-ਵਿਆਪੀ ਬਣਾ ਦਿੰਦੀ ਹੈ। ਇਹ ਉਹਨਾਂ ਜਜ਼ਬਿਆਂ ਨੂੰ ਆਵਾਜ਼ ਦਿੰਦੀ ਹੈ, ਜੋ ਸਾਡੀਆਂ ਹੋਂਦਾਂ ਨੂੰ ਪਿਆਰੇ ਹਨ, ਉਹ ਡੂੰਘੀਆਂ ਤੇ ਪਿਆਰੀਆਂ ਡੂੰਘਾਵਾਂ ਜੋ ਧਰਤੀ ਉੱਤੇ ਹਨ, ਜਲਾਵਤਨ ਮਨੁੱਖੀ ਮਾਨਸਿਕਤਾ ਖੁਦ ਅਨੁਭਵ ਕਰਦੀ ਹੈ। ਇਹਨਾਂ ਕਵਿਤਾਵਾਂ ਦੀ ਸ਼ਕਤੀ ਇਹ ਹੈ ਕਿ ਇਹਨਾਂ ਵਿਚ ਧਰਤੀ ਦੇ ਦੁਖਿਆਰੇ ਦਾ ਪ੍ਰਤੀਬਿੰਬਨ ਹੁੰਦਾ ਹੈ, ਤੇ ਇਹਨਾਂ ਦਾ ਹਰ ਸ਼ਬਦ ਕਿਸੇ ਨਾ ਕਿਸੇ ਦੀ ਸਿਮ੍ਰਿਤੀ ਵਿੱਚੋਂ ਲਿਆ ਹੋਇਆ ਹੁੰਦਾ ਹੈ, ਜਿਹੜਾ ਕਿ ਬੀਤ ਗਏ ਵੇਲੇ ਨੂੰ ਤੱਕਦਾ ਹੈ ਤੇ ਰੁਦਨ ਕਰਦਾ ਹੈ।

ਦਰਵੇਸ਼ ਦਾ "ਅੰਦਰਲਾ ਆਲੋਚਕ" ਉਸ ਦੇ ਤੀਬਰ ਵਹਾਓ ਨੂੰ ਕਾਬੂ ਵਿਚ ਰੱਖਦਾ ਹੈ ਤੇ ਉਸ ਨੂੰ ਆਪਣੀ ਨਜ਼ਮ ਦੇਰ ਤੀਕ ਛਪਵਾਉਣ ਤੋਂ ਰੋਕੀ ਰੱਖਦਾ ਹੈ। ਇਹ ਗੱਲ ਉਸ ਦੇ ਪੱਕੇ ਮਿੱਤਰਾਂ ਲਈ ਚਿੰਤਾ ਦਾ ਕਾਰਨ ਬਣਦੀ ਹੈ, ਜੋ ਉਸ ਦੀ ਖੁਰਚਣੀ ਨੂੰ ਜ਼ਿਆਦਾ ਵਰਤੋਂ ਕੀਤੇ ਜਾਣ ਤੋਂ ਰੋਕਦੇ ਹਨ। ਆਪਣੇ ਤੀਹ ਸਾਲਾਂ ਵਿਚ ਦਰਵੇਸ਼ ਦੀ ਕਵਿਤਾ ਨੂੰ ਪੜ੍ਹਦੇ ਸਮੇਂ, ਅਤੇ ਉਸ ਦੇ ਕਾਵਿਕ-ਸਫ਼ਰ ਨੂੰ ਗਹੁ ਨਾਲ ਤੱਕਦੇ ਹੋਏ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦੀ ਰਚਨਾਤਮਿਕਤਾ ਦਾ ਉਘੜਵਾਂ ਪੱਖ ਅਣਥੱਕ ਤੌਰ ਤੇ ਤਬਦੀਲ ਹੋਣ ਦੀ ਯੋਗਤਾ ਵਿੱਚ ਹੈ, ਤੇ ਉਸ ਸ਼ੈਲੀ ਨੂੰ ਵਿਕਸਿਤ ਕਰਨ ਵਿਚ ਹੈ, ਜਿਹੜੀ ਆਪਣੇ ਵਰਤਮਾਨ ਨਾਲੋਂ ਸਦਾ ਹੀ ਅੱਗੇ ਹੁੰਦੀ ਹੈ। ਸੱਠਵਿਆਂ ਵਿੱਚ ਆਪਣੇ ਆਰੰਭਕ ਕਾਵਿ ਸੰਗ੍ਰਹਿਆਂ ਦੇ ਛਪਣ ਬਾਅਦ ਉਹ ਆਪਣੀਆਂ ਸਭ ਤੋਂ ਸਫ਼ਲ ਕਾਵਿ ਸ਼ੈਲੀਆਂ ਦੀ ਕਾਮਯਾਬੀ ਪ੍ਰਤੀ ਇਨਕਾਰੀ ਤੇ ਬਹੁਤ ਜ਼ਿਆਦਾ ਸ਼ੰਕਾਵਾਦੀ ਹੋ ਗਿਆ ਸੀ। ਪਰ ਉਹ ਉਸ ਜਾਲ ਤੋਂ ਵੀ ਸੁਚੇਤ ਸੀ, ਜਿਸ ਸਦਕਾ, ਦੂਜੇ "ਮੋਢੀ" ਆਪਣੇ ਕਾਵਿ-ਰੂਪਾਂ ਨੂੰ ਠੋਸ ਬਣਾਉਣ ਵਿੱਚ ਸਫਲ ਹੋਏ ਸਮਝ ਰਹੇ ਸਨ ਤੇ ਜਾਂ ਇੱਕ ਕੱਟੜਤਾ ਦੀ ਥਾਂ



ਦੂਜੇ ਸੁਖਾਲੇ ਰਾਹ ਤੇ ਤੁਰ ਰਹੇ ਸਨ।

ਦਰਵੇਸ਼ ਦਾ ਆਪਣੇ ਪ੍ਰਸੰਸਾ-ਕਰੂ ਸਰੋਤਿਆਂ ਨਾਲ ਨਿਰੰਤਰ ਸੰਘਰਸ਼ ਰਿਹਾ ਹੈ, ਜਿਹੜਾ ਉਸ ਨੂੰ ਉਦਾਸ ਕਰਦਾ ਹੈ, ਖ਼ਾਸ ਤੌਰ ਤੇ ਜਦੋਂ ਉਸ ਦਾ ਵਾਹ ਉਹਨਾਂ ਦੀ ਭਾਰੂ ਰੁੱਚੀ ਨਾਲ ਪੈਂਦਾ ਹੈ ਜਾਂ ਸਮੁੱਚੇ ਤੌਰ ਤੇ ਉਹ ਉਸ ਦੀਆਂ ਮੁੱਢਲੀਆਂ ਕੱਚੀਆਂ ਕਵਿਤਾਵਾਂ ਪ੍ਰਤੀ ਭਗਤੀ ਭਾਵਨਾ ਰੱਖਦੇ ਹਨ। ਅਜੇਹੀ ਸਥਿਤੀ ਵਿੱਚ ਹੀ ਉਹ ਚਾਹੁੰਦਾ ਹੈ ਕਿ ਕੋਈ ਆਲੋਚਨਾਤਮਿਕ ਯੰਤਰ ਹੋਵੇ, ਜਿਸ ਰਾਹੀਂ ਜੰਤਾ ਦੀ ਸੰਵੇਦਨਾ ਨੂੰ ਚੰਗੇਰਾ ਬਣਾਇਆ ਜਾ ਸਕੇ ਤੇ ਕਵਿਤਾ ਦੇ ਮੁਲਾਂਕਣ ਨੂੰ ਉਚੇਰੇ ਪੱਧਰ ਤੇ ਲਿਜਾਇਆ ਜਾਵੇ, ਫਿਰ ਉਹ ਖਰ੍ਹਵੀ ਆਲੋਚਨਾ ਅਤੇ ਸਮੇਂ-ਸਮੇਂ ਦੇ ਕਵਿਤਾ ਤੋਂ ਬਾਹਰਲੇ ਪ੍ਰਸੰਸਕਾਂ ਦੀ ਧੱਕੜਸ਼ਾਹੀ ਤੋਂ ਬਚਿਆ ਰਹਿ ਸਕੇ ਜਾਂ ਨੇਰੂਦਾ ਦੀ ਉਕਤੀ ਅਨੁਸਾਰ "ਕਵਿਤਾ ਦੇ ਦੁਸ਼ਮਣਾਂ" ਤੋਂ ਬਚ ਸਕੇ, ਜੋ ਨਾਹ-ਵਾਚਕ ਤੇ ਹਾਂ-ਵਾਚਕ ਸਿਰਿਆਂ ਉੱਤੇ ਬੈਠੇ ਹਨ ਤੇ ਜੋ ਉਸ ਦੇ ਗੰਭੀਰ ਕਾਰਜ ਵਿਚ ਵੀ ਤਰੇੜਾਂ ਭਾਲਦੇ ਹਨ।

1994 ਵਿਚ ਜਦੋਂ ਅਰਬ-ਅਮਰੀਕੀ ਯੂਨੀਵਰਸਟੀ ਗਰੈਜੂਏਟਾਂ ਨੇ ਉਸ ਨੂੰ ਆਪਣੀ 27ਵੀਂ ਕਨਵੈਨਸ਼ਨ ਵਿੱਚ ਐਟਲਾਂਟਾ, ਜਾਰਜੀਆਂ ਵਿੱਚ ਕਵਿਤਾ-ਪਾਠ ਲਈ ਸੱਦਿਆ ਸੀ, ਤਾਂ ਦਰਵੇਸ਼ ਇਸ ਗੱਲ ਬਾਰੇ ਫਿਕਰਮੰਦ ਸੀ ਕਿ ਸਰੋਤਿਆਂ ਦੀ ਸੰਵੇਦਨਾ ਵਿਚਲੀਆਂ ਇਹਨਾਂ ਤਰੇੜਾਂ ਕਾਰਨ, ਕਿਤੇ ਉਹ ਕਵਿਤਾ ਨੂੰ ਪੂਰੀ ਤਰ੍ਹਾਂ ਖੁਸ਼ਕ ਨਾ ਕਰ ਸੁੱਟਣ।

"ਮੈਂ ਚਾਹੁੰਦਾ ਹਾਂ ਕਿ ਉਹ (ਸਰੋਤੇ) ਆਪਣੇ ਆਪ ਨੂੰ ਨਾਹਰਿਆਂ. ਨਾਲ ਨਹੀਂ, ਕਵਿਤਾ ਨਾਲ ਜੋੜਨ।" ਚੰਗੀ ਕਿਸਮਤ ਨੂੰ, ਪ੍ਰਬੰਧਕ ਦਰਵੇਸ਼ ਬਾਰੇ ਲਿਖੀ ਹੋਈ ਕਿਸੇ ਲਿਖਤ ਨੂੰ ਲੱਭ ਰਿਹਾ ਸੀ ਜੋ ਉਸ ਦੀ ਜਾਣ ਪਛਾਣ ਵਿਚ ਸਹਾਇਤਾ ਕਰ ਸਕੇ, ਤਾਂ ਮੈਂ ਉਸ ਨੂੰ ਸ਼ਕਤੀਸ਼ਾਲੀ ਢੰਗ ਨਾਲ ਸੰਖੇਪ ਕੀਤੇ ਤੇ ਦਰਵੇਸ਼ ਦੀ ਕਵਿਤਾ ਬਾਰੇ ਲਿਖੇ ਉਸ ਨਿਬੰਧ ਦੀ ਵਰਤੋਂ ਕਰਨ ਦਾ ਸੁਝਾਅ ਦਿੱਤਾ ਸੀ ਜੋ ਐਡਵਰਡ ਸਈਦ ਨੇ ਲਿਖਿਆ ਸੀ ਤੇ ਜੋ Grand Street ਪੱਤ੍ਰਿਕਾ ਵਿੱਚ ਛਪਿਆ ਸੀ। ਦਰਵੇਸ਼ ਦੀ ਤਾਜ਼ਾ ਕਵਿਤਾ ਉੱਤੇ ਵਿਚਾਰ ਕਰਦਿਆਂ ਸਈਦ ਨੇ ਲਿਖਿਆ ਸੀ,

"ਦਰਵੇਸ਼ ਦੀ ਨਵੀਂ ਕਵਿਤਾ ਵਿਚਲੀ ਜੋ ਖਿਚਾਅ-ਭਰੀ ਅਤੇ ਜਾਣ-ਬੁੱਝ ਕੇ ਅਣ-ਸੁਲਝਾਈ ਵਿਸ਼ੇਸ਼ਤਾਈ ਹੈ, ਉਹ ਉਸ ਨੂੰ ਐਸਾ ਦ੍ਰਿਸ਼ਟਾਂਤ ਬਣਾ ਦਿੰਦੀ ਹੈ ਜਿਸ ਨੂੰ ਥੀਓਡੋਰ ਅਡਾਰਨੋ (Adorno) Late Style ਆਖਦਾ ਹੈ, ਜਿਸ ਵਿੱਚ ਰਵਾਇਤੀ ਤੇ ਅਲੌਕਿਕ ਇਤਿਹਾਸਿਕ ਅਤੇ ਅਨੁਭਵ ਤੋਂ ਪਰੇ ਦੀ ਸੁਹਜਾਤਮਿਕਤਾ ਮਿਲ ਕੇ ਐਸੇ ਅਸਚਰਜ-ਜਨਕ ਠੋਸ ਅਰਥ ਬਣਾਉਂਦੇ ਹਨ, ਜੋ ਕਿਸੇ ਨੇ ਕਦੇ ਯਥਾਰਥ ਵਿਚ ਘੱਟ ਹੀ ਹੰਢਾਏ ਹਨ।"

ਉਸ ਦੇ ਵਿਕਾਸ ਦੀ ਲੰਮੀ ਗਤੀ-ਰੇਖਾ ਵਿੱਚ ਦਰਵੇਸ਼ ਨੇ ਅਰਬੀ ਕਵਿਤਾ ਵਿੱਚ ਨਮੂਨਿਆਂ ਦੀ ਜ਼ਰੂਰਤ ਦਰਸਾ ਕੇ ਆਧੁਨਿਕ ਕਵਿਤਾ ਨੂੰ ਆਧੁਨਿਕਤਾ ਅਤੇ ਵਿਸ਼ੇਸ਼ ਤੌਰ ਤੇ ਸਹੀ ਕਵਿਤਾ ਦਾ ਸਮਝੌਤਾ ਕਰਵਾ ਦਿੱਤਾ ਹੈ। ਇਹ ਯਤਨ ਕਲਾਸਕੀ ਗੁਲਾਬ ਅਤੇ ਰਸਮੀ ਸਡੌਲਤਾ ਦੇ ਮੋਹ ਦੀ, ਬੁਲੰਦ ਪਿਆਰ ਤੇ ਬੇਅੰਤ ਤ੍ਰਿਸ਼ਨਾ ਦੀ ਮੰਗ ਹੀ ਨਹੀਂ ਕਰਦਾ ਸੀ ਸਗੋਂ ਇਸ ਦਾ ਸਬੰਧ ਸਾਧਾਰਨ ਮਨੁੱਖੀ ਧੰਦਿਆਂ ਨਾਲ ਵੀ ਹੁੰਦਾ ਹੈ ਤੇ ਜਿਸ ਨੂੰ ਉਹ ਬੜੀ ਕਾਰੀਗਰੀ ਨਾਲ ਆਪਣੀ ਕਵਿਤਾ ਵਿੱਚ ਸਮੋ ਲੈਂਦਾ ਹੈ। ਇਹਨਾਂ ਉਦਾਹਰਣਾਂ ਦੀ ਕਿਰਿਆਸ਼ੀਲਤਾ ਨਾਲ, ਦਰਵੇਸ਼ ਫਲਿਸਤੀਨੀ ਸਿਮ੍ਰਿਤੀ ਤੇ ਪਰੰਪਰਾ ਦੇ ਉਹਨਾਂ ਗਵਾਚੇ ਖੇਤਰਾਂ ਵਿੱਚ ਪ੍ਰਵੇਸ਼ ਕਰ ਗਿਆ ਹੈ, ਖਾਸ ਕਰਕੇ ਪ੍ਰਾਚੀਨ ਬਾਤ (Fable) ਬੀਰ-ਕਥਾ (Legend) ਲੋਕ-ਕਹਾਣੀ, ਐਪਿਕ ਅਤੇ ਮਿੱਥ ਵਿੱਚ ਜੋ ਕੁਝ ਘੁਲਿਆ-ਮਿਲਿਆ ਹੁੰਦਾ ਸੀ। ਗਵਾਚੇ ਖੇਤਰਾਂ ਦੀ ਆਪਣੀ ਤਲਾਸ਼ ਦੇ ਸਮੇਂ ਉਸ ਨੇ ਕਵਿਤਾ ਦੀ ਰਚਨਾ ਵਿਚਲੇ ਜ਼ਰੂਰੀ ਤੱਤਾਂ ਨੂੰ ਲੱਭਿਆ। ਉਸ ਨੇ ਜਲਾਵਤਨੀ ਦੀ ਧਰਤੀ

ਤੇ ਜਲਾਵਤਨੀ ਦੀ ਆਤਮਾ ਵਿਚਲੀ ਤੀਖਣ ਆਵਾਜ਼ ਨੂੰ ਸੁਣ ਲਿਆ ਸੀ। ਜਦੋਂ ਵਧੇਰੇ ਲੋਕ ਗਵਾਚੇ ਖੇਤਰਾਂ ਬਾਰੇ ਸੋਚਦੇ ਹਨ, ਉਹ ਥਾਮਸਮਾਨ ਦੇ ਜਾਦੂ ਦੇ ਪਹਾੜ ਸ਼ਰਾਬ ਦੇ ਥਲਾਂ ਬਾਰੇ ਵੀ ਸੋਚ ਸਕਦੇ ਹਨ ਜਿਹਨਾਂ ਵਿੱਚ, ਆਖਰੀ "ਬਾਂਨਰ ਆਦਮੀ" ਪਹਿਲੇ ਮਨੁੱਖ ਬਣੇ ਸਨ ਜਾਂ ਫਿਰ ਉਹ ਅਲੋਪ ਹੋਈ Atlantis ਟਾਪੂ ਬਾਰੇ ਅਦਨ ਤੇ ਹੋਰ ਚੇਤੇ ਵਿੱਚ ਰੜਕਦੇ ਸੁਪਨ-ਚਿੱਤਰਾਂ ਬਾਰੇ ਵੀ ਸੋਚ ਸਕਦੇ ਹਨ। ਪਰ ਦਰਵੇਸ਼ ਦੀਆਂ ਕਵਿਤਾਵਾਂ ਵਾਲੇ ਗਵਾਚੇ ਖੇਤਰ ਬਿਲਕੁੱਲ ਵੱਖਰੇ ਹਨ। ਉਹ ਅਸਲੀ ਪਿੰਡਾਂ, ਅਸਲੀ ਸ਼ਹਿਰਾਂ, ਅਸਲੀ ਸਭਿਆਤਾਵਾਂ ਤੇ ਅਸਲੀ ਲੋਕਾਂ ਦਾ ਜ਼ਿਕਰ ਕਰਦਾ ਹੈ।

ਕੁਝ ਅਮਰੀਕੀ ਵਿਦਵਾਨ (ਜੈਕ ਵੈਦਰਫੋਲਡਾ ਦੀ ਵਧੀਆ ਪੁਸਤਕ Indian Givers ਦਾ ਹਵਾਲਾ ਦਿੰਦੇ ਹੋਏ) ਜ਼ਿਕਰ ਕਰਦੇ ਹਨ ਕਿ "ਵਸ਼ਿੰਗਟਨ ਦਾ ਸ਼ਹਿਰ ਕੋਨੋਈ ਦੇ ਮੁੱਖ ਵਪਾਰਕ ਨਗਰ, 'ਨਾਕਨਚਾਤਾਕੇ ਦੀ ਚੋਟੀ ਤੇ ਉਸਰਿਆ ਸੀ। ਵਸ਼ਿੰਗਟਨ ਦੇ ਸ਼ਹਿਰ ਵਾਂਗ ਬਹੁਤੀਆਂ ਅਮਰੀਕੀ ਰਾਜਧਾਨੀਆਂ ਇੰਡੀਅਨ ਬਰਾਦਰੀਆਂ ਦੀਆਂ ਚੋਟੀਆਂ ਤੇ ਉਸਰੀਆਂ ਸਨ। ਕੁਝ ਰਾਜਧਾਨੀਆਂ ਜਿਵੇਂ ਮੈਕਸੀਕੋ ਅਤੇ ਕਿਓਟੋ (Quito) ਉਹਨਾਂ ਸ਼ਹਿਰਾਂ ਦੇ ਖੰਡਰਾਂ ਉੱਤੇ ਉਸਰੀਆਂ ਸਨ, ਜਿਹੜੇ ਪਹਿਲਾਂ ਹੀ ਮੁੱਖ ਪ੍ਰਬੰਧਕੀ ਵਪਾਰਕ ਤੇ ਧਾਰਮਕ, ਕੇਂਦਰ ਸਨ। ਬਾਕੀ ਦੇ ਸ਼ਹਿਰ ਜਿਵੇਂ ਲੀਮਾ, ਉਟਾਵਾ ਅਤੇ ਬੋਇਨੋਸ ਏਅਰੀਸ ਆਦਿ ਹੋਰ ਸਾਧਾਰਨ ਇੰਡੀਅਨ ਬਸਤੀਆਂ ਉੱਤੇ ਉੱਸਰੇ ਸਨ।"

ਦਰਵੇਸ਼ ਦੀਆਂ ਕਵਿਤਾਵਾਂ ਮੁਕਾਬਲੇ ਦੇ ਯਥਾਰਥ ਵੱਲ ਇਸ਼ਾਰਾ ਕਰਦੀਆਂ ਹਨ, ਕਈ ਥਾਈਂ 'ਨਾਨਕੋਨਚਤਾਕੇ' ਵਰਗੀਆਂ ਥਾਵਾਂ ਵਾਂਗ ਤੇ "ਕੋਨੋਈ ਇੰਡੀਅਨ" ਦੇ ਅਸਲੀ ਵਸਨੀਕਾਂ ਵਾਂਗ। ਇਸ ਤਰ੍ਹਾਂ ਦੀਆਂ ਕਹਾਣੀਆਂ ਅਸਲੀ ਲੋਕਾਂ ਦੀਆਂ ਆਸਾਂ ਤੇ ਡਰ ਬਾਰੇ ਕਾਫ਼ੀ ਕੁਝ ਦੱਸਦੀਆਂ ਹਨ। ਉਹਨਾਂ ਦੀਆਂ ਪ੍ਰਾਪਤੀਆਂ ਤੇ ਹਾਰਾਂ ਬਾਰੇ ਤੇ ਸਭ ਤੋਂ ਉੱਪਰ ਜਲਾਵਤਨੀ ਦੀ ਜ਼ਾਲਮਾਨਾਂ ਬਰਬਾਦੀ ਬਾਰੇ। ਸਭ ਤੋਂ ਪੁਰਾਣਾ ਖੇਤਰ, ਜੋ ਆਪਣੀ ਪ੍ਰਕਿਰਤੀ ਕਾਰਨ, ਹੋਰਨਾਂ ਨਾਲੋਂ ਸਾਡੇ ਕੋਲੋਂ ਵਧੇਰੇ ਗਵਾਚ ਗਿਆ ਹੈ, ਉਹ 'ਅਦਨ' (Eden) ਹੈ। ਧਰਤੀ ਉੱਤੇ ਸਵਰਗ ਅਤੇ ਆਦਿ-ਕਾਲੀਨ ਨਿਰਛਲਤਾ ਦਾ ਖੇਤਰ। ਦਰਵੇਸ਼ ਲਈ ਉਹ ਬਹਿਸ਼ਤ ਦੋ ਵਾਰੀ ਖੁੱਸਿਆ ਸੀ।

**ਮੈਂ ਦੋ ਅਦਨਾਂ ਦਾ ਬਾਬਾ ਆਦਮ ਹਾਂ**
**ਜੋ ਮੈਥੋਂ ਦੋ ਵਾਰ ਖੁੱਸਾ ਹੈ,**
**ਮੈਨੂੰ ਹੌਲੀ ਹੌਲੀ ਏਥੋਂ ਕੱਢ ਦਿਓ**
**ਮੈਨੂੰ "ਗਾਰਸ਼ੀਆਂ ਲੋਰਕਾ" ਦੇ ਨਾਲ**
**ਮੇਰੇ ਜ਼ੈਤੂਨ ਦੇ ਬਿਰਖ ਹੇਠਾਂ**
**ਹੌਲੀ ਹੌਲੀ ਕਤਲ ਕਰ ਦਿਓ।**

ਸਰੀਰਕ 'ਅਦਨ' ਨੂੰ ਲੱਭਣਾ ਦਰਵੇਸ਼ ਦੀ ਤਲਾਸ਼ ਦਾ ਇੱਕ ਹਿੱਸਾ ਹੈ। ਇੰਝ 'ਅਦਨ' ਇੱਕ ਖਿਆਲ ਵੀ ਹੈ ਤੇ ਇੱਕ ਥਾਂ ਵੀ। ਅਸਲੀ ਲੋਕਾਂ ਦੇ ਜਨਮ-ਅਧਿਕਾਰ ਦਾ ਖਿਆਲ, ਜੋ ਏਥੋਂ ਧੱਕੇ ਨਾਲ ਕੱਢੇ ਗਏ ਸਨ ਅਤੇ ਇਹ ਉਹ ਖਿਆਲ ਹੈ, ਜਿਸ ਦਾ ਘਰ ਹੇਰਵਾ ਜੀਊਂਦਾ ਰਹਿੰਦਾ ਹੈ। ਮਨੁੱਖ-ਜਾਤੀ 'ਅਦਨ' ਦੇ ਖੁੱਸਣ ਦਾ ਦੁੱਖ ਝੱਲਦੀ ਹੈ ਤੇ ਜਦੋਂ ਉਹ ਖਿਆਲ ਵੀ ਹੱਥੋਂ ਨਿਕਲ ਜਾਵੇ ਤਾਂ ਬੰਦਾ ਆਪਣੇ ਆਪ ਨੂੰ ਜੀਊਂਦੇ ਨਰਕ ਵਿੱਚ ਪਿਆ ਤੱਕਦਾ ਹੈ। ਉਹ ਦਰਵੇਸ਼ ਦੀ ਕਵਿਤਾ ਦੇ ਮੁੱਖ ਵਿਸ਼ਿਆਂ ਵਿੱਚੋਂ ਇੱਕ ਹੈ।

**ਜਿਸ ਦਿਨ ਤੋਂ ਤੂੰ ਬਹਿਸ਼ਤ ਵਿੱਚੋਂ ਦੂਸਰੀ ਵਾਰ**
**ਕੱਢਿਆਂ ਗਿਆ ਸੀ,**
**ਸਾਡਾ ਸਾਰਾ ਸੰਸਾਰ ਬਦਲ ਗਿਆ**
**ਸਾਡੀਆਂ ਆਵਾਜ਼ਾਂ ਬਦਲ ਗਈਆਂ**



**ਸਾਡੇ ਵਿਚਲੀਆਂ ਸ਼ੁਭ-ਇਛਾਵਾਂ ਵੀ**
**ਬੇ-ਆਵਾਜ਼ ਹੋ ਗਿਰ ਗਈਆਂ**
**ਜਿਵੇਂ ਕੋਈ ਬਟਨ ਰੇਤ ਵਿੱਚ ਡਿੱਗ ਪੈਂਦਾ ਹੈ।**

ਇਸ ਗਵਾਚੀ ਬਾਦਸ਼ਾਹਤ ਦੀ ਤਲਾਸ਼ ਦਰਵੇਸ਼ ਦੇ ਜੀਵਨ ਦਾ ਕਦੀ ਨਾ ਮੁੱਕਣ ਵਾਲਾ ਕੰਮ ਹੈ, ਭਾਵੇਂ ਇਹ ਮਾਤ-ਭੂਮੀ ਵੀ ਹੋਵੇ, ਜਾ ਕਾਵਿਕ ਰੂਪ ਦੀ ਜਾਂ ਸਿਰਫ਼ ਆਲੰਕਾਰ ਵਜੋਂ ਹੋਵੇ, ਜਿਸ ਨੂੰ ਕਿ ਸਾਰੇ ਹੀ ਮਨੁੱਖੀ ਜੀਵ ਤਾਂਘਦੇ ਹਨ। ਵਿਟਮੈਨ, ਯੀਟਸ, ਪ੍ਰਾਊਂਡ ਜਾਂ ਗਿਨਜ਼-ਬਰਗ ਦੀ ਕਵਿਤਾ ਵਿਚਲੇ ਦੁੱਖ ਦਾ ਅਨੁਮਾਨ ਲਾਓ, ਜੇ ਉਹਨਾਂ ਦੇ ਬਚਪਨ ਏਨੇ ਹੀ ਬੇਰੰਗਤੇ ਭਿਆਨਕ ਸੁਪਨਿਆਂ ਦੇ ਮਾਰੇ ਹੁੰਦੇ, ਜਾਂ ਗਵਾਚੇ ਖੇਤਰ ਦਾ ਮਸਲਾ ਹੁੰਦੇ, ਜਿਵੇਂ ਕਿ ਦਰਵੇਸ਼ ਦਾ ਬਚਪਨ ਹਮੇਸ਼ਾਂ ਲਈ ਗਵਾਚ ਗਿਆ ਸੀ। ਇਸ ਦੇ ਨਾਲ ਉਸ ਦੇ ਪਿੰਡ ਦੀ ਯਾਦ ਨੂੰ ਜੋੜ ਕੇ ਵੇਖੋ, ਜਿਸ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ, ਢਾਹ ਦਿੱਤਾ ਗਿਆ ਤੇ ਉਸ ਦਾ ਨਾਮੋਨਿਸ਼ਾਨ ਮਿਟਾ ਦਿੱਤਾ ਗਿਆ ਸੀ, ਜਾਂ ਜਦੋਂ ਉਹ ਅਜੇ ਬੱਚਾ ਸੀ, ਤੇ ਚੱਲ ਰਹੀ ਵੱਢ-ਟੁੱਕ ਤੋਂ ਬਚਣ ਲਈ, ਉਸ ਨੂੰ ਆਪਣੇ ਪਿਆਰੇ ਦੇਸ਼ ਤੋਂ ਭੱਜਣਾ ਪਿਆ ਸੀ ਤੇ ਇਸ ਦਾ ਅੰਤ ਕਸ਼ਟਾਂ-ਮਾਰੇ ਰੀਫੀਊਜੀ ਕੈਂਪ ਵਿੱਚ ਪਹੁੰਚ ਕੇ ਹੋਇਆ ਸੀ।

ਸੁਪਨ ਸਾਜ਼ ਜਰਮਨ-ਕਵੀ 'ਹੋਲਡਰ ਲਿਨ' ਦਸੰਬਰ 1801 ਨੂੰ ਜਦੋਂ ਫਰਾਂਸ ਵਿੱਚ 'ਬੋਰਡੀਆਕਸ' ਨੂੰ ਤੁਰਿਆ ਸੀ। ਜਿੱਥੇ ਕਿ ਕਿਸੇ 'ਹੇਰ ਮੇਅਰ' ਦੇ ਘਰ ਇੱਕ ਨੌਕਰ ਦੇ ਪ੍ਰਾਈਵੇਟ ਉਸਤਾਦ ਵਜੋਂ ਉਸ ਦੀ ਉਡੀਕ ਹੋ ਰਹੀ ਸੀ, ਆਪਣੀ ਆਪ ਸਹੇੜੀ ਜਲਾਵਤਨੀ ਵੱਲ ਰਵਾਨਗੀ ਦੇ ਸਮੇਂ ਉਸਨੇ ਲਿਖਿਆ ਸੀ,

"ਆਪਣੀ ਮਾਤ-ਭੂਮੀ ਨੂੰ ਸ਼ਾਇਦ ਹਮੇਸ਼ਾਂ ਲਈ ਤਿਆਗਣ ਦੇ ਮੇਰੇ ਫੈਸਲੇ ਨੇ ਮੇਰੇ ਬੜੇ ਕੌੜੇ ਅੱਥਰੂ ਡੋਲ੍ਹੇ ਹਨ। ਮੈਂ ਜਰਮਨ-ਵਾਸੀ ਹਾਂ 'ਤੇ ਹਮੇਸ਼ਾਂ ਜਰਮਨ-ਵਾਸੀ ਹੀ ਰਹਾਂਗਾ, ਭਾਵੇਂ ਕਿ ਮੇਰੇ ਲੋੜਵੰਦ ਹਿਰਦੇ ਤੇ ਪੇਟ ਨੇ ਮੈਨੂੰ ਦੂਰ-ਦੁਰਾਡੇ 'ਤਾਹੀਤੀ' ਵੱਲ ਧਕੇਲ ਦਿੱਤਾ ਹੈ।"

ਉੱਥੇ ਪਹੁੰਚਣ ਉੱਤੇ ਉਸ ਨੇ ਆਪਣੇ ਘਰ ਵਿਚਲੇ ਪ੍ਰੀਵਾਰ ਨੂੰ ਇੱਕ ਖ਼ਤ ਲਿਖਆ ਸੀ, ਜਿਸ ਬਾਰੇ 'ਰਿਚਿਲਡ ਸਾਈਂ ਬਰਥ' ਲਿਖਦਾ ਹੈ, "ਉਹ ਆਵਰਗਨੀ ਦੇ ਪਹਾੜਾਂ ਵਿੱਚ ਕਿਸੇ ਥਾਂ ਕੱਲ-ਮੁਕੱਲਾ ਬੜੇ ਭਿਆਨਕ ਆਤਮਿਕ ਸੰਕਟ ਵੱਲ ਇਸ਼ਾਰਾ ਕਰਦਾ ਹੈ ਜਿੱਥੇ ਕਿ ਉਹ ਭਰ ਸਿਆਲ ਵਿੱਚ ਆਪਣੇ ਜੀਵਨ ਤੇ ਮਨ ਲਈ ਖਤਰਾ ਅਨੁਭਵ ਕਰਦਾ ਹੈ" ਇਹ ਚਿੱਠੀ ਆਪਣੀ ਮਾਂ ਨੂੰ ਦਿੱਤੇ ਭਰੋਸਿਆਂ ਨਾਲ ਖਤਮ ਹੁੰਦੀ ਹੈ ਕਿ, "ਉਹ ਬੜੀ ਕਠਨ ਪ੍ਰੀਖਿਆ ਵਿੱਚੋਂ ਲੰਘ ਕੇ, ਨਵੇਂ ਜੀਵਨ ਵਿੱਚ ਆਇਆ ਹੈ। ਤਿੰਨ ਮਹੀਨੇ ਪਿੱਛੋਂ ਹੋਲਡਰਲਿਨ ਨੇ ਆਪਣੀ ਜਲਾਵਤਨੀ ਨੂੰ ਖ਼ਤਮ ਕਰਨ ਦਾ ਫੈਸਲਾ ਕਰ ਦਿੱਤਾ। ਵਾਪਸ ਘਰ ਵੱਲ ਪਰਵਾਸ ਕਰਕੇ, ਉਹ ਇੱਕ ਮਿੱਤਰ ਦੇ ਘਰ ਪ੍ਰਗਟ ਹੋਇਆ ਤੇ "ਉਹ ਲਾਸ਼ ਵਾਂਗ ਪੀਲਾ, ਲਿੱਸਾ, ਖੋਖਲੀਆਂ ਵਹਿਸ਼ੀ ਅੱਖਾਂ, ਤੇ ਉਸ ਦੇ ਵਾਲ ਤੇ ਦਾਹੜੀ ਲੰਮੇ ਤੇ ਲੀੜੇ ਮੰਗਤਿਆਂ ਵਰਗੇ ਸਨ।"

"ਉਸ ਤੋਂ ਛੇਤੀ ਹੀ ਪਿੱਛੋਂ, ਸਾਈਬਰਥ ਲਿਖਦਾ ਹੈ, "ਉਹ ਆਪਣੇ ਘਰ ਨੂਰਟਿੰਗਨ ਵਾਪਸ ਪਰਤਦਾ ਹੈ, ਤੇ (ਉਸ ਦੇ ਮਤਰੇਏ ਭਰਾ ਦੇ ਅਨੁਸਾਰ) ਉਸ ਦੇ ਮਾਨਸਿਕ ਪਾਗਲਪਨ ਦੇ ਸਪੱਸ਼ਟ ਨਿਸ਼ਾਨ ਵਿਖਾਲੀ ਦਿੰਦੇ ਹਨ। ਦੋ ਸਾਲ ਬਾਅਦ, ਸਾਸ਼ਲਿੰਗ ਇਕ ਖਤ ਵਿੱਚ ਹੀਗਲ ਨੂੰ ਲਿਖਦਾ ਹੈ ਤੇ ਹੋਲਡਰਲਿਨ ਦੀ ਮਾਨਸਿਕ ਬੀਮਾਰੀ ਦਾ ਕਾਰਨ ਆਪਣੀ ਮਾਤ-ਭੂਮੀ ਤੋਂ ਦੂਰ ਪਰਾਈ ਧਰਤੀ ਉੱਤੇ ਰਹਿਣ ਦੀ ਕੋਸ਼ਿਸ਼ ਨੂੰ ਦੱਸਦਾ ਹੈ। ਖ਼ਤ ਦੇ ਇੱਕ ਹਿੱਸੇ ਵਿੱਚ ਦੱਸਿਆ ਹੈ, "ਉਸ ਦੇ ਮਾਰੂ ਸਫ਼ਰ ਦੇ ਸਮੇਂ ਤੋਂ ਲੱਗ ਕੇ ਉਸ

ਦਾ ਮਨ ਪੂਰਨ ਤੌਰ ਤੇ ਪ੍ਰੇਸ਼ਾਨ ਹੋ ਚੁੱਕਾ ਹੈ...ਉਸ ਦੀ ਮੱਤ ਮੁਕੰਮਲ ਤੌਰ ਤੇ ਮਾਰੀ ਜਾ ਚੁੱਕੀ ਹੈ।...ਉਸ ਦੇ ਠੀਕ ਹੋਣ ਦੀ ਘੱਟ ਹੀ ਉਮੀਦ ਹੈ।" 1806 ਵਿੱਚ ਛੱਤੀ ਸਾਲ ਦੀ ਉਮਰ ਵਿੱਚ ਉਸ ਨੂੰ ਤੂਬਿੰਗਿਨ ਹਸਪਤਾਲ ਵਿੱਚ ਪਾਗਲ ਹੋਣ ਕਾਰਨ ਦਾਖ਼ਲ ਕਰ ਲਿਆ ਗਿਆ ਸੀ।

ਐਪਰ ਦਰਵੇਸ਼ ਕੋਲ 'ਹੋਲਡਰਲਿਨ' ਦੇ ਰੋਗਾਂ ਦੀ ਅੱਯਾਸ਼ੀ ਨਹੀਂ ਸੀ। ਉਹ ਉਦੋਂ ਛੇ ਸਾਲ ਦਾ ਸੀ, ਜਦੋਂ ਉਸ ਦੀ ਮਾਂ ਨੇ ਉਸ ਦੀ ਜਾਨ ਬਚਾਈ ਤੇ ਉਹ ਇੱਕਠੇ ਹੀ ਲੈਬਾਨਾਨ ਨੂੰ ਪ੍ਰਵਾਸ ਕਰ ਗਏ, ਪਰ ਹੋਲਡਰਲਿਨ ਦੇ ਕਿੱਸੇ ਨਾਲ ਅਨੋਖੀ ਸਮਾਨਤਾ ਸਦਕਾ ਉਹ ਬਰਫੀਲੀ ਅੱਧੀਂ ਰਾਤ ਨੂੰ ਘਰੋਂ ਨੱਸ ਗਏ ਤੇ ਆਪਣੀਆਂ ਜ਼ਿੰਦਗੀਆਂ ਦੇ ਡਰ ਦੇ ਕਾਰਨ ਰਮੀਸ਼  ਦੇ ਗੰਦੇ ਛੱਪੜ ਦੇ ਲਾਗੇ ਸੁੱਤੇ, ਜਿੱਥੇ ਸੂਰ ਤੇ ਗਾਈਆਂ ਸਨ, ਤੇ ਵਹਿਸ਼ੀ ਤੂਫ਼ਾਨਾਂ ਦੇ ਵਿਚਕਾਰ, ਉਹ ਗੂਹੜੇ ਹਨੇਰੇ ਜੰਗਲਾਂ ਦੇ ਵਿੱਚ ਦੀ ਤੁਰਦੇ ਗਏ, ਤੇ ਡਰਾਉਣੀਆਂ, ਬਰਫੀਲੀਆਂ ਚੋਟੀਆਂ ਨੂੰ ਪਾਰ ਕਰਦੇ ਉੱਚੇ ਨੀਵੇ ਪਹਾੜਾਂ , ਵਿੱਚੋਂ ਲੰਘਦੇ ਕਦੇ ਦੌੜਦੇ, ਕਦੇ ਲੁਕਦੇ, ਕਦੇ ਢਿੱਡ ਭਾਰ ਰੀਂਗਦੇ ਤੁਰਦੇ ਗਏ।

**ਕੀ ਤੈਨੂੰ ਆਪਣੇ ਲੈਬਨਾਨ ਦੇ ਪ੍ਰਵਾਸ**
**ਦਾ ਰਾਹ ਚੇਤੇ ਹੈ**
**ਜਦੋਂ ਤੂੰ ਮੈਨੂੰ ਡਬਲਰੋਟੀ ਦੀ ਇੱਕ**
**ਬੋਰੀ ਵਿੱਚ ਭੁੱਲ ਗਈ ਸੀ (ਇਹ ਕਣਕ ਦੀ ਬਰੈੱਡ ਸੀ)**
**ਮੈਂ ਚੁੱਪ ਰਿਹਾ, ਤਾਂ ਕਿ ਪਹਿਰੇਦਾਰ ਜਾਗ ਨਾ ਪੈਣ**
**ਸਵੇਰ ਦੀ ਤਰੇਲ ਦੀ ਗੰਧ ਨੇ**
**ਮੈਨੂੰ ਤੇਰੇ ਮੋਢਿਆਂ ਤੇ ਚੁੱਕ ਲਿਆ।**
**ਐ ਹਿਰਨ, ਤੂੰ ਆਪਣਾ ਘਰ ਤੇ ਹਿਰਨੀ**
**ਦੋਵੇਂ ਹੀ ਗਵਾ ਬੈਠਾ।**

ਗੱਲ ਕੀ ਜਿਵੇਂ ਕਿ "ਭੁੱਲ ਜਾਣ ਦੀ ਸਿਮ੍ਰਿਤੀ" ਪੁਸਤਕ ਵਿੱਚ ਚੇਤੇ ਕਰਦਿਆਂ, ਲਿਖਿਆ ਹੈ, ਦਰਵੇਸ਼ ਦੇ ਬਚਪਨ ਵਿੱਚ ਭੱਜਣ ਸਾਹਮਣੇ ਹੋਲਡਰਲਿਨ ਦਾ ਕਰਮਾਂ ਮਾਰਿਆ ਪ੍ਰਵਾਸ ਇੱਕ ਪਿਕਨਿਕ ਵਾਂਗ ਲੱਗਦਾ ਹੈ।

ਤੇ 'ਨਾਕਨਚਟਾਂਕੇ' ਦੇ ਅਮਰੀਕੀ ਆਦਿ ਵਾਸੀਆਂ, ਵਾਂਗ, ਦਰਵੇਸ਼ ਦਾ ਫਲਿਸਤੀਨੀ ਪਿੰਡ ਬਰਵੇਹ (Berweh) ਧਰਤੀ ਦੇ ਚਿਹਰੇ ਤੋਂ ਪੂਰੀ ਤਰ੍ਹਾਂ ਮਿਟਾ ਦਿੱਤਾ ਗਿਆ ਸੀ। ਏਥੇ ਤੀਕ ਕਿ ਥਾਂ ਵੀ ਪੱਧਰੀ ਕਰ ਦਿੱਤੀ ਗਈ ਹੈ ਤੇ ਧਰਤ-ਦ੍ਰਿਸ਼ ਦਾ ਇੱਕ ਹਿੱਸਾ ਬਣਾ ਕੇ ਬਦਲ ਦਿੱਤੀ ਗਈ ਹੈ। ਇਮਾਰਤਾਂ ਜਾ ਰਿਹਾਇਸ਼ ਤੇ ਕੋਈ ਨਿਸ਼ਾਨ ਨਹੀਂ ਰਹਿਣ ਦਿੱਤੇ। ਜਦ ਅਜ਼ਰਾਈਲੀਆਂ ਨੇ ਫਲਿਸਤੀਨ ਦਾ ਬਸਤੀ ਕਰਨ ਕੀਤਾ, ਤਾਂ ਉਹਨਾਂ ਨੇ ਜੋ ਕੁਝ ਵੀ ਉੱਥੇ ਮਿਲਿਆ, ਸਭ ਨੂੰ ਬਰਬਾਦ ਕਰ ਦਿੱਤਾ ਤੇ ਨਾਲ ਹੀ ਹੈਰਾਨੀ ਹੁੰਦੀ ਹੈ ਕਿ ਉਹ ਦਾਅਵਾ ਕਰਦੇ ਹਨ ਕਿ "ਮਾਰੂਥਲ ਖਿੜ ਉੱਠਿਆ ਸੀ।" ਪ੍ਰਸਿੱਧ ਅਜ਼ਰਾਈਲੀ ਆਗੂ ਮੋਸ਼ੇ-ਦਿਆਨ ਦੇਰ ਦੇ ਗਵਾਚੇ ਉਹਨਾਂ ਫਲਿਸਤੀਨੀ ਖੇਤਰਾਂ ਦੀ ਹੋਂਦ ਦੇ ਕਿਰਪਾਲੂ ਪਰਫੁਲਣ ਦਾ ਜ਼ਿਕਰ ਕਰਦਾ ਹੈ ਤੇ ਆਖਦਾ ਹੈ,

"ਅਸੀਂ ਇਸ ਦੇਸ਼ ਵਿੱਚ ਆਏ ਸੀ, ਜਿਹੜਾ ਪਹਿਲਾਂ ਅਰਬਾਂ ਦੀ ਵੱਸੋਂ ਵਾਲਾ ਸੀ ਤੇ ਅਸੀਂ ਹੈਬਰੀਊ ਅਥਵਾ ਯਹੂਦੀ ਸਟੇਟ ਦੀ ਸਥਾਪਨਾ ਕਰ ਰਹੇ ਸੀ...ਅਰਬਾਂ ਦੇ ਪਿੰਡਾਂ ਦੀ ਥਾਂ ਯਹੂਦੀ ਪਿੰਡ ਵਸਾਏ ਗਏ। ਤੁਸੀਂ ਹੁਣ ਉਹਨਾਂ ਅਰਬੀ ਪਿੰਡਾਂ ਦੇ ਨਾਂ ਵੀ ਨਹੀਂ ਜਾਣਦੇ, ਤੇ ਮੈਂ ਤੁਹਾਨੂੰ ਦੋਸ਼ ਵੀ ਨਹੀਂ ਦਿੰਦਾ, ਕਿਉਂਕਿ ਉਹ ਭੂਗੋਲ ਦੀਆਂ ਪੁਸਤਕਾਂ ਹੁਣ ਮਿਲਦੀਆਂ ਨਹੀਂ। ...... ਤੇ ਸਿਰਫ਼ ਉਹ ਕਿਤਾਬਾਂ ਹੀ ਦੁਰਲੱਭ ਨਹੀਂ ਉਹ ਅਰਬ



ਪਿੰਡ ਵੀ ਹੁਣ ਨਹੀਂ ਲੱਭਦੇ। ਮਾਹਾਲੁਲ ਦੀ ਥਾਂ ਨਾਲਾ ਪਿੰਡ ਵੱਸ ਗਿਆ ਹੈ 'ਜੀਬੀਤਾ' ਦੀ ਥਾਂ 'ਗੇਵਾਤ', ਹਾਨੀਫਸ਼ ਦੀ ਥਾਂ ਸਾਰੀਦ, ਟੈਲੈ ਸ਼ਾਮਾਨ ਦੀ ਥਾਂ ਕੇਫਰ ਯੋਗੋਸ਼ੂਆ। ਹੁਣ ਇਸ ਦੇਸ਼ ਵਿਚ ਇਕ ਵੀ ਐਸੀ ਜਗ੍ਹਾ ਨਹੀਂ, ਜਿੱਥੇ ਪਹਿਲੀ ਅਰਬ ਆਬਾਦੀ ਰਹਿੰਦੀ ਹੋਵੇ ( ਹਾਂ-ਅਰੇਤਜ਼-ਅਪ੍ਰੈਲ 4, 1969)

ਅਜ਼ਰਾਈਲ ਦੀ ਫ਼ਿਲਮ-ਨਿਰਮਾਤਾ ਸਾਈਮੋਨ ਬਿਟਨ ਬਰਵੇਹ ਪਿੰਡ ਦੀ ਸਥਿਤੀ ਲੱਭਣ ਗਈ, ਜਿਹੜਾ ਕਦੇ ਜ਼ਿੰਦਗੀ ਨਾਲ ਥੜਕਦਾ ਹੁੰਦਾ ਸੀ, ਤੇ ਉਹ ਦਰਵੇਸ਼ ਦੇ ਬਚਪਨ ਨਾਲ ਸਬੰਧਤ ਧਰਤ-ਦ੍ਰਿਸ਼ਾਂ ਦੀ ਖੰਡਰਾਂ ਵਿੱਚੋਂ ਭਾਲ ਕਰਨ ਗਈ ਸੀ। ਉਹ ਨੇੜਲੀਆਂ ਯਾਦਾਂ ਤੇ ਨਿੱਜੀ ਨਿਸ਼ਾਨੀਆਂ ਦੀ ਸੰਭਾਲ ਕਰਨ ਦੀ ਇੱਛਾ ਨਾਲ ਉਥੇ ਗਈ ਸੀ, ਜੋ ਕਿ ਕਵੀ ਦੀਆਂ ਕਵਿਤਾਵਾਂ ਨਾਲ ਸਬੰਧਤ ਸਨ। ਮਿਸਾਲ ਵਜੋਂ ਇੱਕ ਖੂਹ, ਜਿਸ ਵਿੱਚੋਂ ਚੰਨ ਦਾ ਪ੍ਰਤੀਬਿੰਬ ਦਿਸਦਾ ਹੁੰਦਾ ਸੀ। ਉਹ ਪੀਲਾ ਬਿਨੂਲਾ ਫੁੱਲ, ਜੋ ਇਸ ਦੀ ਮਣ ਲਾਗੇ ਖਿੜਿਆ ਹੁੰਦਾ ਸੀ, ...... ਇੱਕ ਸ਼ਹਿਤੂਤ ਦਾ ਰੁੱਖ, ਜਿਸ ਦੇ ਹੇਠਾਂ ਪੈਰਿਸ ਪਾਦਰੀ ਟਿਕਟ-ਬਾਬੂ ਦੀ ਖੇਡ ਖੇਡਦਾ ਹੁੰਦਾ ਸੀ। ਉਸ ਦਿਲਕਸ਼ ਪ੍ਰਕਿਰਤਕ ਧਰਤ-ਦ੍ਰਿਸ਼ ਨੂੰ ਤੱਕਣ, ਜਿੱਥੋਂ ਆਕਰੇ ਦਾ ਸਮੁੰਦਰੀ-ਕੰਢਾ ਦਿਸਦਾ ਹੁੰਦਾ ਸੀ, ਜਿਸ ਸਦਕਾ ਏਥੋਂ ਦੇ ਪੁੱਤਰਾਂ ਵਿੱਚੋਂ ਇਕ ਨੂੰ ਮਹਾਨ ਕਵੀ ਬਣਨ ਵਿੱਚ ਮਦਦ ਕੀਤੀ ਸੀ। ਜਦੋਂ ਨਵੇਂ ਯਹੂਦੀ ਆਬਾਦਕਾਰਾਂ ਨੇ ਉਸ ਨੂੰ ਫਿਲਮਾਂਕਣ ਕਰ ਤੋਂ ਵਰਜਿਆ ਤੇ ਆਪਣੀ ਤਾਕਤ ਦਾ ਵਿਖਾਵਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਸ ਔਰਤ ਨੇ ਪੁਲੀਸ ਸੱਦ ਲਈ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਕਿਸੇ ਨਾਲ ਝਗੜਾ ਨਹੀਂ ਕਰਨਾ ਚਾਹੁੰਦੀ ਤੇ ਉਹ ਸਿਰਫ਼ ਪਿੰਡ ਦੇ ਖੰਡਰਾਂ ਦੀ ਫਿਲਮ ਬਣਾਉਣਾ ਚਾਹੁੰਦੀ ਹੈ, "ਤੁਸੀਂ ਕਿਹੜੇ ਖੰਡਰਾਂ ਦੀ ਗੱਲ ਕਰ ਰਹੇ ਹੋ?" ਪੁਲਸ ਨੇ ਉੱਤਰ ਦਿੱਤਾ, "ਇਹ ਇਲਾਕਾ ਤਾਂ ਖੰਡਰਾਂ ਨਾਲ ਭਰਿਆ ਪਿਆ ਹੈ।"

ਫਲਿਸਤੀਨੀ ਸਿਮ੍ਰਿਤੀ ਦੇ ਇਹਨਾਂ ਪੁਰਾਤਤਵ ਤੇ ਕਾਵਿਕ ਖੇਤਰ ਦੀ ਪੂਰੀ ਤਰ੍ਹਾਂ ਸੰਭਾਲ ਕਰਨੀ ਹੁਣ ਅਸੰਭਵ ਹੈ। ਬਹੁਤ ਕੁਝ ਗਵਾਚ ਗਿਆ ਹੈ, ਬਹੁਤ ਕੁਝ ਤਬਾਹ ਕਰ ਦਿੱਤਾ ਗਿਆ ਹੈ ਤੇ ਬਹੁਤ ਸਾਰਾ ਜੋ ਅਜ਼ਰਾਈਲੀ ਬਰਬਾਦੀ ਤੋਂ ਅਜੇ ਵੀ ਬਚ ਗਿਆ ਹੈ, ਸਮੇਤ ਦਰਵੇਸ਼ ਦੀ ਕਵਿਤਾ ਦੇ, ਉਹ ਹੁਣ ਤਬਾਹੀ ਦੀ ਗਲੀ ਨੂੰ ਤੁਰਿਆ ਜਾਂਦਾ, ਜਿਵੇਂ ਭੇਡਾਂ ਬੁੱਚੜ-ਖਾਨੇ ਨੂੰ ਧੱਕੀ ਦੀਆਂ ਜਾਂਦੀਆਂ ਹਨ। ਦਰਵੇਸ਼ ਦੀ ਨਵੀਂ ਕਵਿਤਾ ਸਿਰਫ਼ ਸੁਰੱਖਿਆ ਜਾਤੀ ਯਾਦਾਂ ਦੀ ਅਥਵਾ ਸਵੈ-ਰੱਖਿਆ ਦੀ ਹੀ ਕਵਿਤਾ ਨਹੀਂ, ਇਹ ਫਲਿਸਤੀਨੀ ਉਤਪਤੀ (ਕਿ ਕਦੇ ਕੋਈ ਫਲਿਸਤੀਨ ਵੀ ਹੁੰਦਾ ਸੀ) ਅਤੇ ਪੂਰੀ ਕੌਮ ਦੀ ਸਿਮ੍ਰਿਤੀ ਵਿੱਚੋਂ ਖੁਰਚੇ ਜਾਣ ਨੂੰ ਦਿੱਤੀ ਚੁਣੌਤੀ ਦੀ ਕਵਿਤਾ ਹੈ, ਇਹਨਾਂ ਕਵਿਤਾਵਾਂ ਵਿੱਚ ਬੁਲਾਵਾ ਦੇਣ ਵਾਲੀਆਂ ਕਲਾ-ਕਿਰਤਾਂ ਦੀ ਦੌਲਤ ਹੈ, ਜੋ ਉਪਰਲੀ ਤਹਿ ਦੇ ਹੇਠਾਂ ਦੱਬੀਆਂ ਪਈਆਂ ਹਨ। ਕਈਆਂ ਖੇਤਰਾਂ ਵਿੱਚ, ਅਜੇ ਵੀ ਅਸੀਂ ਬੀਤੇ ਦੇ ਵਸੇਬੇ ਦੀ ਗਵਾਹੀ ਨੂੰ ਤੱਕ ਸਕਦੇ ਹਾਂ, ਜਦਕਿ ਹੋਰ ਦੂਸਰੇ ਖੇਤਰਾਂ ਵਿੱਚ ਉਮੀਦ ਤੇ ਆਸ ਦੀ ਪਤਲੀ ਕਿਰਨ ਤੋਂ ਸਿਵਾਏ ਕੁਝ ਨਹੀਂ ਰਹਿ ਗਿਆ, ਖਤਰੇ ਵਿੱਚ ਪਈ ਸਿਮ੍ਰਿਤੀ ਦੇ ਨਾਲ, ਇੱਕ ਸਭਿਆਚਾਰ ਦੀ ਥਾਂ ਸਮੁੱਚੇ ਰੂਪ ਵਿੱਚ ਦੂਸਰੇ ਸਭਿਆਚਾਰ ਦੀ ਥਾਂ ਲੈ ਲੈਣਾ। ਐਸੀ ਸਥਿਤੀ ਵਿੱਚ, ਵਿਰੋਧ ਹੋਂਦਵਾਦੀ ਬਣ ਜਾਂਦਾ ਹੈ ਤੇ ਇਹ ਸਿਰਫ਼ ਕਬਜ਼ੇ ਦੇ ਵਿਰੁੱਧ ਬੜੇ ਹੀ ਸੂਝ-ਭਰੇ ਵਿਰੋਧ ਦੇ ਰੂਪ ਦੀ ਮੰਗ ਰਕਦਾ ਹੈ, ਅਤੇ ਐਸੀ ਸਥਿਤੀ ਵਿਚ ਸੁਪਨ-ਸਾਜ਼ ਦਰਵੇਸ਼, ਜੋ ਦੁੱਖ ਦਾ ਜ਼ਸ਼ਨ ਮਨਾਉਂਦਾ ਹੈ, ਸਾਨੂੰ ਸਮੇਂ ਹੱਥੋਂ ਬੇਕਿਰਕੀ ਨਾਲ ਤਬਾਹੀ ਦੇ ਬੀਜ ਬੀਜੇ ਜਾਣ ਦੇ ਖਤਰੇ ਬਾਰੇ ਚੌਕਿਸ ਕਰਦਾ ਹੈ ਤੇ ਨਾਲ ਹੀ, ਫਲਿਸਤੀਨੀ ਹੋਂਦ ਦੇ ਬਚੇ ਰਹਿਣ ਦੀਆਂ ਗਾਰੰਟੀਆਂ ਦੀ ਬੁਨਿਆਦੀ ਥੁੜੋਂ ਬਾਰੇ ਵੀ ਸਾਵਧਾਨ ਕਰਦਾ ਹੈ।

ਗੁਆਚ ਗਏ ਖੇਤਰਾਂ ਦੀ ਇਸ ਸ਼ਿੱਦਤ-ਭਰੀ ਸਾਂਭ-ਸੰਭਾਲ ਜੋ,  ਬਾਤਾਂ, ਲੋਕ-

ਗਾਥਾ, ਲੋਕ-ਕਹਾਣੀ, ਐਪਿਕ, ਅਤੇ ਮਿੱਥ ਆਦ ਦੇ ਰੂਪ ਵਿੱਚ ਹੈ, ਇਹ ਸਭ ਵਿਰਾਸਤ ਕਵੀ ਦੀ ਸੂਝ-ਭਰੀ ਤਕਨੀਕ ਰਾਹੀਂ ਮਿਥਿਹਾਸਕ ਸਮੱਗਰੀ ਦੀ ਰਸਮੀ ਤੇ ਬਾਹਰੀ ਵਰਤੋਂ ਦੀ ਗੱਲ ਨਹੀਂ ਰਹਿ ਗਈ। ਦੂਜੇ ਪਾਸੇ ਤਥਾ-ਕਥਿੱਤ ਅਰਬੀ ਦੂਮੂਜ਼ੀ ਕਵੀ, ਆਪਣੀਆਂ, ਨਜ਼ਮਾਂ ਨੂੰ ਸਭ ਤਰ੍ਹਾਂ ਦੇ ਮਿਥਿਹਾਸਕ ਅਰਬ-ਦੇਵਤਾਵਾਂ ਦੇ ਨਾਵਾਂ, ਐਪਿਕ ਪੱਧਰ ਦੇ ਪੁਰਾਤਨ, ਸੂਰਮਿਆਂ, ਘਸੀਆਂ ਗੱਲਾਂ ਤੇ ਹਵਾਲਿਆਂ ਨਾਲ ਭਰਨ ਲੱਗੇ, ਜਿਹੜੇ ਉਹ ਆਪਣੀਆਂ ਵਿਦਵਾਨਾਂ ਵਾਲੀਆਂ ਅਲਮਾਰੀਆਂ ਵਿੱਚੋਂ ਕੱਢ / ਲੱਭ ਲੈਂਦੇ ਸਨ। ਰਾਜਨੀਤੀ ਤੋਂ ਪ੍ਰੇਰਤ ਇਸ ਸਾਹਿਤਕ ਲੁਕਾ ਕੇ ਪ੍ਰਚੰਡ ਤਾਪ ਵਿੱਚ ਕਈ ਕਵੀਆਂ ਨੇ ਆਪਣੇ ਅਰਬੀ ਨਾਂ ਬਿਲਕੁਲ ਹੀ ਤਿਆਗ ਦਿੱਤੇ ਤੇ ਉਹਨਾਂ ਦੀ ਥਾਂ ਮਿਥਿਹਾਸਕ ਨਾਂ ਰੱਖ ਲਏ। ਪਰ ਬਦੇਸ਼ੀ ਮਿਥਿਹਾਸਕ ਦਰਾਂਮਦਾਂ ਤੋਂ ਅਜੀਬ ਢੰਗ ਨਾਲ ਬਣੀਆਂ ਉਹਨਾਂ ਦੀਆਂ ਕਵਿਤਾਵਾਂ, ਗੁੰਗੀਆਂ ਹੋ ਗਈਆਂ,

**"ਉਹ ਕੁਝ ਕਹਿੰਦੇ ਨਹੀਂ**
**ਕੁਝ ਵੀ ਵਿਆਖਿਆ ਨਹੀਂ ਕਰਦੇ**
**ਬਸ ਸਿਰਫ਼ ਹੈਗੇ ਨੇ।"**

ਉਹਨਾਂ ਦੀਆਂ ਕਵਿਤਾਵਾਂ ਨੇ ਪਾਠਕਾਂ ਤੇ ਕਵੀਆਂ ਵਿਚਕਾਰ ਕੰਧ ਖੜੀ ਕਰ ਦਿੱਤੀ ਤੇ ਪਾਠਕਾਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਇਹਨਾਂ ਦੇ ਅਰਥ ਲੱਭਣ ਲਈ, ਅਤੇ ਸੰਸਾਰ ਦੇ ਮਿਥਿਹਾਸ ਨੂੰ ਸਮਝਣ ਲਈ, ਕੋਸ਼ ਦੀ ਵਰਤੋਂ ਕਰਨ। ਦੂਸਰੇ ਪਾਸੇ ਦਰਵੇਸ਼ ਨੇ, ਮਿੱਥ ਨੂੰ ਢੀਠ ਬੌਧਿਕ ਬੁਣਤੀ ਵਜੋਂ ਵਰਤਣ ਦੀ ਥਾਂ, ਮਿੱਥ ਦੇ ਆਕਾਰ ਨੂੰ ਜੀਵਨ ਦੀਆਂ ਅਸੀਮ ਸੰਭਾਵਨਾਵਾਂ ਦੇ ਸੰਕੇਤ ਵਜੋਂ ਵਰਤਣ ਦਾ ਖੇਤਰ ਚੁਣਿਆ। ਦਰਵੇਸ਼ ਕੋਲ ਮਿੱਥ ਕਵਿਤਾ ਦੀ ਅਸਲੀ ਆਤਮਾ ਦਾ ਪ੍ਰਗਟਾਅ ਹੈ। ਉਸ ਦੀ ਕਵਿਤਾ, ਅਰਬੀ ਕਵਿਤਾ ਮਿੱਥ ਨੂੰ ਸਿਰਜਣ ਦੀ ਮੌਲਿਕ ਭਾਵਨਾ ਵਜੋਂ ਵਰਤਣ ਦੀ ਪਹਿਲੀ ਕੋਸ਼ਿਸ਼ ਸੀ ਅਤੇ ਇਸ ਮਿੱਥ ਨੂੰ ਸਜਾਵਟੀ ਪ੍ਰਭਾਵ ਵਜੋਂ ਵਰਤਣ ਜਾਂ ਇਹਨਾਂ ਨੂੰ ਪਹਿਲਾਂ ਸੋਚੇ-ਸਮਝੇ ਇਤਿਹਾਸਕ ਨਮੂਨੇ ਜਾਂ ਪੁਰਾਤਨਤਾ ਦੇ ਜਾਣੇ-ਪਛਾਣੇ ਆਕਾਰਾਂ ਵਜੋਂ ਵਰਤਣ ਦੀ ਥਾਂ, ਅਤਿ ਡੂੰਘੇਰੇ ਜਜ਼ਬਾਤੀ ਤਜ਼ਰਬਿਆਂ ਨੂੰ ਕਾਲਪਨਿਕ ਪੁਲਾੜ ਵਜੋਂ ਵਰਤਣਾ ਸੀ। ਇਹ ਸਮਝ ਕਿ ਮਿੱਥਾਂ ਦੇ ਉਸਤਾਦ ਕਲਾਕਾਰ ਵੱਲੋਂ ਮਿੱਥ ਸਿਰਜਣਾ ਦੇ ਕੰਮ ਵਿੱਚ ਅਸੀਂ ਸਰਗਰਮੀ ਨਾਲ ਭਾਗ ਲੈ ਰਹੇ ਹਾਂ, ਸਦਕਾ ਦਰਵੇਸ਼ ਦੀਆਂ ਕਾਵਿ-ਕਿਰਤਾਂ ਵਿੱਚ ਨਵੀਂ ਜ਼ਿੰਦਗੀ ਪੈਦਾ ਹੋ ਜਾਂਦੀ ਹੈ। ਉਹਨਾਂ ਵਿਚਲੀ ਅਸਲੀ ਖਿੱਚ ਕਾਰਨ ਤੁਸੀਂ ਇਹਨਾਂ ਕਵਿਤਾਵਾਂ ਦੇ ਆਰੰਭ ਵੱਲ ਵਾਪਸ ਪਰਤ ਜਾਣ ਲਈ ਮਜ਼ਬੂਰ ਹੋ ਜਾਂਦੇ ਹੋ ਤੇ ਇਹਨਾਂ ਨੂੰ ਦੁਬਾਰਾ ਪੜ੍ਹਨ ਲੱਗਦੇ ਹੋ। ਸਾਡੀਆਂ ਆਸਾਂ-ਅਨੁਮਾਨਾਂ ਨੂੰ ਕੁਰਾਹੇ ਪਾਉਣ ਕਾਰਨ ਉਹ ਸਾਨੂੰ ਆਪਣੇ ਲੁਕੇ ਜਗਤਾਂ ਨੂੰ ਫਰੋਲਣ ਦਾ ਸੱਦਾ ਦਿੰਦੇ ਹਨ।

ਐਪਰ ਇਹਨਾਂ ਲੁਕੇ ਜਗਤਾਂ ਦੇ ਸੁਪਨਮਈ ਖਜ਼ਾਨਿਆਂ ਨੂੰ ਲੱਭਣ ਲਈ, ਅਸਾਨੂੰ ਮਨ ਖੁੱਲ੍ਹੇ ਰੱਖਣ ਦੀ ਲੋੜ ਹੈ। ਅਸੀਂ The Phases of Anat ਜਾਂ O, Helen, What a Rain ਨੂੰ ਸਾਦੀਆਂ ਪਿਆਰ-ਕਵਿਤਾਵਾਂ ਵਜੋਂ ਵੀ ਪੜ੍ਹ ਸਕਦੇ ਹਾਂ, ਭਾਵੇਂ ਉਹ ਪਿਆਰ ਕਵਿਤਾਵਾਂ ਹਨ ਜਾਂ ਨਹੀਂ ਹਨ। ਸ਼ਾਇਦ ਇਹ ਪਿਆਰ ਦੇ ਕਈ ਪੱਖਾਂ ਵਿੱਚੋਂ ਇਕ ਦੀ ਹੀ ਵਿਆਖਿਆ ਕਰਦੀਆਂ ਹਨ। ਭਾਵੇਂ Phases of Anat ਦੀ ਪਹਿਲੀ ਪੰਗਤੀ ਵਿੱਚ ਦਰਵੇਸ਼ ਸਾਨੂੰ ਆਪਣੇ ਕਾਲਪਨਿਕ ਜਗਤ ਦੀ ਕੁੰਜੀ ਫੜਾ ਦਿੰਦਾ ਹੈ, ਜਿਸ ਨੂੰ ਕਿ ਮਿਰਸੀ ਈਲੀਅਡ "ਮਿੱਥਾਂ ਦਾ ਲੁਕਾਉਣਾ" (Comoufleges of Mith) ਆਖਦਾ ਹੈ।

**"ਕਵਿਤਾ ਚੰਨ ਤੀਕ ਅਪੜਨ ਦੀ ਸਾਡੀ ਪੌੜੀ ਹੈ !"**

ਅਨਾਤ (Anat) ਫਲਿਸਤੀਨੀ ਚੰਨ ਦੇਵੀ ਹੈ, ਪੁਰਾਤਨ ਕਨਿਆਨ (Cannaan)



ਦੀ ਪਿਆਰੀ ਦੇਵੀ। ਜਿਵੇਂ ਇਹ ਵਿਰੋਲੀਆਟ ਦੇ ਜਾਂ ਕਾਕੂਓਟ ਦੀ ਰਚਨਾ The goddes Anat ਵਿੱਚ ਹੈ। ਇਹ ਧਰਤੀ ਤੇ ਸਵਰਗ ਦੀ ਮਲਕਾ ਹੈ, ਦੇਵੀ ਜੋ ਲਗਾਤਾਰ ਸੱਤ ਦਰਵਾਜ਼ੇ ਲੰਘਦੀ ਹੈ ਅਤੇ ਉਸ ਨੇ ਜੀਵਨ ਵਿੱਚ ਜੋ ਕੁਝ ਵੀ ਪ੍ਰਾਪਤ ਕੀਤਾ ਸੀ, ਤਿਆਗ ਦਿੱਤਾ ਤੇ ਅਖੀਰ ਉੱਤੇ ਉਸ ਨੂੰ ਨੰਗਾ ਕਰ ਦਿੱਤਾ ਗਿਆ। ਉਸ ਕੋਲ ਕੁਝ ਵੀ ਨਾ ਰਿਹਾ, ਸਿਵਾਏ ਉਸ ਦੇ ਪੁਨਰ-ਜਨਮ ਦੇ ਇਰਾਦੇ ਦੇ। ਆਪਣੀ ਮੌਤ ਤੇ ਪੁਨਰ ਜਨਮ ਪਿੱਛੋਂ, ਦਰਵੇਸ਼ ਅਨਾਤ ਨੂੰ (Anat ) ਪਹਿਲਾਂ ਖੁੱਸੇ ਫਲਿਸਤੀਨ ਤੇ ਪਿੱਛੋਂ ਫਲਿਸਤੀਨ ਦੇ ਮੌਲਿਕ ਮਾਂ-ਪ੍ਰਧਾਨ ਸਭਿਆਚਾਰ ਨਾਲ ਮਿਲਾ ਦਿੰਦਾ ਹੈ।

**ਦੋ ਟੋਏ, ਜਿਨ੍ਹਾਂ ਦੀ ਹੇਠਲੀ ਤਹਿ ਨਹੀਂ**
**ਜਿੱਥੇ ਨਾ ਜੀਵਨ ਹੈ, ਨਾ ਮੌਤ**

ਅਨਾਤ ਦੀ ਕਹਾਣੀ ਦਾ ਉਹੀ ਸਰੂਪ ਹੈ, ਜੋ ਈਸ਼ਤਾਰ (ਬਾਬੀਲੋਨ) ਅਤੇ ਅਨਾਨਾ (Ananna) (ਸਮੇਰੀਅਨ)' ਦਾ ਹੈ ਅਤੇ ਬਹੁਤ ਸਾਰੀਆਂ ਮੂਲ ਰੂਪ ਵਾਲੀਆਂ ਚੰਨ-ਦੇਵੀਆਂ ਦਾ ਹੈ "ਨੌਜਵਾਨ ਇਸਤਰੀ ਜੋ ਪਿਆਰ ਬੁਲਾਵਾ ਦਿੰਦੀ ਹੈ" ਜਿਵੇਂ ਕਿ ਡੀਆਨੇ ਵੋਕ ਸਟੇਨ ਸੰਕੇਤ ਕਰਦੀ ਹੈ, ਰਸੀ ਹੋਈ ਔਰਤ, ਜਿਸ ਕੋਲ ਇਸਤਰੀ ਵਾਲੀਆਂ ਸ਼ਕਤੀਆਂ ਹੈਨ ਤੇ ਜੋ ਆਪਣੀ ਬਖਸ਼ੀਸ਼ ਦਿਆਲਤਾ ਨਾਲ ਵੰਡਦੀ ਹੈ, ਤੇ ਪਕਰੋੜ ਔਰਤ ਜੋ ਪਤਾਲ ਵਿੱਚ ਮੌਤ ਹਵਾਲੇ ਹੁੰਦੀ ਹੈ" ਅਨਾਤ ਸੰਸਾਰ ਦੀਆਂ ਪਹਿਲੀਆਂ ਪ੍ਰੇਮ-ਕਹਾਣੀਆਂ ਵਿੱਚੋਂ ਇੱਕ ਹੈ, ਜੋ ਬਾਈਬਲ ਨਾਲੋਂ ਦੋ ਹਜ਼ਾਰ ਸਾਲ ਪੁਰਾਣੀ ਹੈ। ਅਨਾਤ, "ਕਾਮ-ਉਤੇਜਕ, ਕੋਮਲ-ਚਿੱਤ, ਚਮਕੀਲੀ, ਗਰਜਦੀ, ਬਾਗ਼ੀ ਉਪਜਾਊ ਤੇ ਦੁਖਾਂਤਕ" ਕਹਾਣੀ ਹੈ ਤੇ ਪਵਿੱਤਰ ਕਹਾਣੀ ਵੀ ਜਿਸ ਵਿੱਚ ਆਪਣੇ ਸਰੋਤਿਆਂ ਨੂੰ ਨਵੇਂ ਅਧਿਆਤਮਿਕ ਵਿਸਥਾਰ ਦੇਣ ਦੀ ਯੋਗਤਾ ਹੈ। ਇਸ ਕਥਾ ਸਦਕਾ ਅਸੀਂ ਇੱਕ ਹੋਰ ਗਵਾਚੇ ਫਲਿਸਤੀਨੀ ਖੇਤਰ ਵਿੱਚ ਪਹੁੰਚਦੇ ਹਾਂ। ਦੇਵਤਿਆਂ ਰੂਹ ਤੇ ਜੀਵਨ ਦੇ ਨਿਕਾਸ ਦੇ ਸਦੀਵੀਂ ਖੇਤਰ ਵਿੱਚ ਅਨਾਤ ਬੂਟਿਆਂ, ਜਾਨਵਰਾਂ ਤੇ ਮਨੁੱਖਾਂ ਵਿੱਚ ਜਣਨ-ਯੋਗਤਾ ਲਈ ਜ਼ੁੰਮੇਵਾਰ ਹੈ, ਇਹ ਉਹ ਹੈ ਜੋ ਉਸ ਖਾਹਿਸ਼ ਨੂੰ ਜਨਮ ਦਿੰਦੀ ਹੈ, ਜੋ ਬ੍ਰਹਿਮੰਡ ਦੀ ਅਸਲੀ ਸ਼ਕਤੀ ਨੂੰ ਪੈਦਾ ਕਰਦੀ ਹੈ ਅਤੇ ਸਭ ਚੀਜ਼ਾਂ ਨੂੰ ਜਣਨ-ਸਮਰੱਥਾ ਦਾ ਵਰਦਾਨ ਦਿੰਦੀ ਹੈ।

**ਜਦੋਂ ਤੂੰ ਸਾਨੂੰ ਛੱਡ ਕੇ ਚਲੀ ਗਈ,**
**ਤਾਂ ਖੂਹ ਖੁਸ਼ਕ ਹੋ ਗਏ**
**ਨਦੀਆਂ ਤੇ ਦਰਿਆ ਸੁੱਕ ਗਏ**
**ਜਦ ਤੂੰ ਮਰੀ**
**ਮਿੱਟੀ ਦੇ ਮਰਤਬਾਨਾਂ ਵਿੱਚੋਂ**
**ਹੰਝੂ ਭਾਪ ਬਣ ਕੇ ਉੱਡ ਗਏ।**
**ਲੱਕੜੀ ਦੇ ਕੋਲਿਆਂ ਵਾਂਗ**
**ਹਵਾ ਵੀ ਸੁਕ ਕੇ ਤਿੜਕੀ।**
**ਤੇ ਅਸੀਂ ਤੇਰੀ ਗੈਰ-ਹਾਜ਼ਰੀ ਕਾਰਨ**
**ਗਲੀਆਂ ਵਾੜਾਂ ਕਾਰਨ**
**ਢਹਿ-ਢੇਰੀ ਹੋ ਗਏ**
**ਸਾਡੀਆਂ ਇਛਾਵਾਂ ਖੁਸ਼ਕ ਹੋ ਗਈਆਂ**
**ਤੇ ਪ੍ਰਾਰਥਨਾਵਾਂ ਹੱਡੀਆਂ ਬਣ ਗਈਆਂ।**
**ਤੇਰੀ ਮੌਤ ਪਿੱਛੋਂ ਸਭ ਕੁਝ ਬੇਜਾਨ ਹੋ ਗਿਆ ਸੀ।**
**ਸਾਰੀ ਜ਼ਿੰਦਗੀ ਇੰਝ ਮਰ ਗਈ**

**ਜਿਵੇਂ ਦੋਜ਼ਖ਼ ਨੂੰ ਜਾਂਦੇ ਲੋਕਾਂ ਦੀ ਗੱਲ-ਬਾਤ**
**ਮਰ-ਮੁੱਕ ਜਾਂਦੀ ਹੈ।**

ਪਤਾਲ ਵੱਲ ਉਸ ਦੀ ਯਾਤਰਾ ਕਾਰਨ ਅਨਾਤ ਨੇ ਮੌਤ ਤੇ ਪੁਨਰ-ਜਨਮ ਦੇ ਰਹੱਸ ਤੇ ਤਾਕਤਾਂ ਆਪਣੇ ਹੱਥਾਂ ਵਿੱਚ ਲੈ ਲਈਆਂ ਤੇ ਉਹ ਆਕਾਸ਼ (ਜਾਂ ਚੰਨ) ਦੀ ਦੇਵੀ ਦੇ ਨਾਲ ਨਾਲ ਉਹ ਦੇਵੀ ਵੀ ਬਣ ਬੈਠੀ, ਜੋ ਧਰਤੀ ਤੇ ਪਤਾਲ ਉੱਤੇ ਰਾਜ ਕਰਦੀ ਹੈ। "ਉਹ ਮਨੁੱਖੀ ਹੋਂਦ ਦੇ ਪ੍ਰਭੂ ਪ੍ਰਕਾਸ਼ ਦੇ ਉਭਰਨ ਤੇ ਖ਼ਤਮ ਹੋਣ ਨਾਲ ਸਬੰਧਤ ਹੈ" ਜਿਵੇਂ ਕਿ ਵਾਕਸਟੇਨ ਡੀਆਨੇ ਲਿਖਦਾ ਹੈ, "ਪੁਨਰ-ਜਨਮ ਦੀ ਸ਼ਰਧਾ ਭਰੀ ਕਰਾਮਾਤ ਦਾ, ਉਦੈ ਪ੍ਰਗਟ ਹੋਣਾ, ਜਦੋਂ ਦਿਨ ਤੇ ਰਾਤ ਦੇ ਖ਼ੌਫ਼ ਦੇ ਪਲਾਂ ਵਿੱਚ ਆਕਾਸ਼ ਖਾਲੀ ਤੇ ਕਾਲਾ ਹੋਵੇ। ਜਦੋਂ ਹਰ ਚੀਜ਼ ਹੱਥੋਂ ਨਿਕਲ ਗਈ ਹੋਵੇ ਤੇ ਖ਼ਲਾ ਹੋਵੇ।" ਇਸ ਨੁਕਤੇ ਤੇ ਆ ਕੇ ਅਨਾਤ ਪ੍ਰਗਟ ਹੁੰਦੀ ਹੈ, ਜੋ ਖਾਲੀ ਅਕਾਸ਼ਾਂ ਦੇ ਕਹਿਰ ਨੂੰ ਝੱਲਣ ਵਾਲੀ ਪਹਿਲੀ ਜੀਵ ਹੁੰਦੀ ਹੈ।" ਅਸਲ ਵਿੱਚ ਇਸ ਬ੍ਰਹਿਮੰਡ-ਵਿਗਿਆਨ ਵਿੱਚ ਅਨਾਤ ਦਾ ਧਰਤੀ ਉੱਤੇ ਜ਼ਿੰਦਗੀ ਦੇ ਚੱਕਰ ਨੂੰ ਹਰਕਤ ਵਿੱਚ ਲਿਆਉਣ ਲਈ ਆਕਾਸ਼ ਤੋਂ ਉਤਰਨਾ ਜ਼ਰੂਰੀ ਹੈ।

**ਐ ਅਨਾਤ! ਪਤਾਲ ਵਿਚ ਕਿਉਂ ਰਹੇ**
**ਪ੍ਰਕਿਰਤੀ ਵਿਚ ਆ!**
**ਸਾਡੇ ਕੋਲ ਆ!**

**ਵਾਪਸ ਪਰਤ**
**ਤੇ ਸੱਚ ਅਤੇ ਸੁਖਮਤਾ ਦੀ**
**ਧਰਤੀ ਵਾਪਸ ਲਿਆ**
**ਕਨਿਆਨ ਦੀ ਪਹਿਲੀ ਧਰਤੀ**
**ਛਾਤੀਆਂ ਤੇ ਪੱਟਾਂ ਦੀ ਧਰਤੀ**
**ਤਾਂਕਿ ਕਰਾਮਾਤਾਂ "ਜਾਰੀਕੇ" ਵਿੱਚ ਪਰਤ ਆਉਣ**
**ਉੱਜੜੇ ਹੋਏ ਮੰਦਰ ਦੇ ਦਰਵਾਜ਼ੇ ਵੱਲ ਆ**
**ਜਿਥੇ ਨਾ ਜੀਵਨ ਹੈ, ਨਾ ਮੌਤ**
**ਜਿੱਥੇ ਕਿਆਮਤ ਦੇ ਦਿਨ ਦੀ ਮਹਿਰਾਬ ਹੇਠ**
**ਹਫੜਾ-ਦਫੜੀ ਹੈ।**

ਜਿਥੇ ਨਾ ਭਵਿੱਖ ਤੇ ਨਾ ਭੂਤ ਕਾਲ , ਸਾਨੂੰ ਅਲਵਿਦਾ ਕਹਿਣ ਲਈ ਵਾਪਸ ਪਰਤਦਾ ਹੈ।

ਪ੍ਰਾਚੀਨ ਫਲਿਸਤੀਨ, ਮੈਸੋ ਪਟੇਮੀਆਂ ਤੇ ਸੀਰੀਆ ਦੇ ਸਾਰੇ ਆਜੜੀ ਬਾਦਸ਼ਾਹ ਆਪਣੇ ਲੋਕਾਂ ਦੀ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ, ਚੰਨ ਦੀ ਕੌਮੀ ਦੇਵੀ ਅਤੇ ਨਿਰਸੰਦੇਹ ਮਾਂ-ਪ੍ਰਧਾਨ ਪ੍ਰੰਪਰਾ ਨੂੰ ਕਾਇਮ ਰੱਖ ਕੇ, ਦੇਵੀ ਦੇ ਚੰਗੇ ਪ੍ਰੇਮੀ ਹੁੰਦੇ ਸਨ।

**ਅਨਾਤ ਆਪਣੇ ਆਪ ਵਿੱਚੋਂ**
**ਖ਼ੁਦ ਨੂੰ ਮਾਰ ਲੈਂਦੀ ਹੈ**
**ਫਿਰ ਆਪਣੇ ਆਪ ਵਿੱਚ ਦੂਰੀ ਪਾ ਲੈਂਦੀ ਹੈ**
**ਤਾਕਿ ਉਸ ਦੇ ਬਿੰਬ ਸਾਹਮਣੇ ਦੀ**
**ਸਾਰੇ ਜੀਵ ਲੰਘਣ**
**ਮੈਸੋ ਪੋਟੇਮੀਆਂ ਤੇ ਸੀਰੀਆ ਉੱਤੇ**
**ਪੱਥਰਾਂ ਦੇ ਰਾਜ ਸ਼ਕਤੀ ਦੇ ਚਿੰਨ**
**ਤੇ ਕੰਵਾਰੀ ਦੀ ਮੁੰਦਰੀ ਸਮੇਤ**



**ਸਾਰੇ ਇਲਾਕੇ ਉਸ ਦਾ ਆਖਾ ਮੰਨਣ।**

ਲੋਕ ਗਾਥਾ ਦੇ ਬਾਦਸ਼ਾਹ ਡੇਵਿਡ ਦੇ ਗੀਤ, ਜੋ ਬਾਈਬਲ ਦੇ ਧਾਰਮਿਕ ਸਿਧਾਤਾਂ ਅਨੁਸਾਰ ਹਨ, ਆਜੜੀ-ਬਾਦਸ਼ਾਹ ਦੀਆਂ ਪਿਆਰ ਰਸਮਾਂ ਚੰਨ ਦੀ ਦੇਵੀ ਵਿੱਚੋਂ ਹੀ ਨਿਕਲੇ ਹਨ। Great Cosmic Mother ਪੁਸਤਕ ਅਨੁਸਾਰ Biblical Hebrew ਲੋਕ ਟੱਪਰੀਵਾਸ, ਚਰਵਾਹੇ ਤੇ ਪਿਓ ਪੁਰਖ ਪ੍ਰਧਾਨ ਲੋਕ ਸਨ, ਭੇਡਾਂ ਚਾਰਨ ਵਾਲੇ ਲੋਕ ਅਤੇ ਜੰਗ-ਜੂ, ਜਿਹੜੇ ਮਾਂ ਪ੍ਰਧਾਨ ਕੈਨਨਾਈਟ ਲੋਕਾਂ ਦੀਆਂ ਜ਼ਮੀਨਾਂ ਦੇਸ਼ਾਂ ਉੱਤੇ ਹਮਲੇ ਕਰਦੇ ਸਨ, ਜੋ ਕਿ ਖੇਤੀਬਾੜੀ ਕਰਦੀਆਂ ਬਰਾਦਰੀਆਂ ਦੇ ਲੋਕ ਸਨ ਅਤੇ ਚੰਨ-ਮਾਂ ਅਸਤਾਰਤੇ ਦੀ ਪੂਜਾ ਕਰਦੀਆਂ ਸਨ (ਜੋ ਕੇ ਅਨਾਤ ਦਾ ਇੱਕ ਹੋਰ ਨਾਂ ਸੀ) ਸੱਭੇ ਮਰਦ-ਪ੍ਰਧਾਨ ਪੈਗੰਬਰ ਅਤੇ ਪੁਜਾਰੀ, ਕੈਨਨਵਾਦੀਆਂ ਉੱਤੇ ਆਪਣੀ ਰਾਜਸੀ, ਜਿੱਤ ਦੇ ਬਾਵਜੂਦ ਲਗਾਤਾਰ ਹਮਲੇ ਕਰਦੇ ਤੇ ਉਹਨਾਂ ਦੀ ਨਿੰਦਿਆ ਕਰਦੇ ਸੀ, ਕਿਉਂਕਿ ਉਹਨਾਂ ਦਾ ਸਭਿਆਚਾਰ ਮਾਂ-ਪ੍ਰਧਾਨ ਸੀ, ਜੋ ਕਿ ਉਹਨਾਂ ਦੇ ਆਪਣੇ ਲੋਕ ਵੀ ਸਲਾਹੁੰਦੇ ਸੀ। ਆਦਮ ਤੇ ਹਵਾ ਦੇ ਦੋਹਵਾਂ ਪੁੱਤਰਾਂ ਵਿੱਚੋਂ ਕੇਨ (Cain)ਨੂੰ ਬਦ-ਭਰਾ ਬਣਾ ਦਿੱਤਾ ਗਿਆ, ਕਿਉਂਕਿ ਉਸ ਨੇ ਟਿੱਕ ਕੇ ਖੇਤੀ ਕਰਨ ਦਾ (ਮਾਂ-ਪ੍ਰਧਾਨ) ਰਾਹ ਚੁਣ ਲਿਆ ਸੀ, ਜਦਕਿ ਨੇਕ ਭਰਾ (Abel) ਅਬੇਲ ਨਾਲ ਖਾਸ ਲਿਹਾਜ਼ ਕੀਤਾ ਗਿਆ, ਕਿਉਂਕਿ ਉਸ ਨੇ ਚਰਵਾਹੇ ਦੇ ਜੀਵਨ (ਪਿਓ-ਪ੍ਰਧਾਨ) ਦੀ ਚੋਣ ਕੀਤੀ। "When God was a Woman" ਪੁਸਤਕ ਵਿੱਚ ਪੁਸਤਕ ਦਾ ਲੇਖਕ ਮਰਲਿਨ ਸਟੋਨ ਉਹ ਸੁਝਾ ਦਿੰਦਾ ਹੈ ਕਿ ਲਵੇਤੇ ਦੇ ਪਾਦਰੀਆਂ ਨੇ ਔਰਤਾਂ ਵਿਰੁੱਧ ਬਹੁਤ ਪੁਰਾਣੇ ਸਭ ਤੋਂ ਸਖਤ ਅਤੇ ਇਸਤਰੀ ਦੋਖੀ ਕਾਨੂੰਨ ਲਾਗੂ ਕੀਤੇ ਜੋ ਉਸ ਵੇਲੇ ਤੀਕ ਕਦੇ ਲਿਖੇ ਗਏ ਸਨ।"

'ਆਨਾਤ' ਦਾ ਮਿੱਥ, ਮਰਦ-ਪ੍ਰਧਾਨ ਨਵੇਕਲੀ ਦੇਵ-ਮਾਲਾ ਦੇ ਵਿਰੁੱਧ ਇੱਕ ਹਾਹਾਕਾਰ ਸੀ, ਦੇਵ- ਮਾਲਾ ਜੋ ਪਿਤਾ ਪ੍ਰਧਾਨ ਬ੍ਰਹਿਮੰਡ ਵਾਲੀ ਸੀ ਤੇ ਸਭਿਅਤਾ ਬੁਨਿਆਦੀ ਤੌਰ ਤੇ ਔਰਤ ਵਿਰੋਧੀ ਸੀ। ਇਸ ਮਿੱਥ ਦੀ ਅਮੀਰੀ ਅਤੇ ਦਰਵੇਸ਼ ਦੀ ਕਵਿਤਾ The Phases of Anat ਵਿਚਲੀ ਸਾਖਿਅਤ ਵਡਿਆਈ ਨੂੰ ਸਮਝਣ ਲਈ ਸਾਨੂੰ ਯੂਜੀਨ-ਓ-ਨੀਲ ਦੀ ਪੁਸਤਕ Strange Interlude ਵਿੱਚੋਂ ਸਬੰਧਤ ਭਾਸ਼ਣ ਦਾ ਹਵਾਲਾ ਦੇਣਾ ਸਿੱਖਿਆ ਦਾਇਕ ਹੋਵੇਗਾ।

"ਸਾਨੂੰ ਜ਼ਿੰਦਗੀ ਬਾਰੇ ਕਲਪਣਾ ਕਰਨੀ ਚਾਹੀਦੀ ਸੀ ਕਿ ਮਾਂ-ਰੱਬ (God the Mother) ਨੇ ਜਨਮ-ਪੀੜਾ ਰਾਹੀਂ ਇਸ ਦੀ ਕਿਵੇਂ ਰਚਨਾ ਕੀਤੀ ਸੀ, ਫੇਰ ਹੀ ਸਾਨੂੰ ਇਹ ਪਤਾ ਲੱਗਣਾ ਸੀ ਕਿ ਸਾਡੀ ਜ਼ਿੰਦਗੀ ਦਾ ਤਾਲ ਉਸ ਦੇ ਮਰਨ ਦਿਲ ਨਾਲ ਕਿਵੇਂ ਧੜਕਦਾ ਹੈ, ਜਿਹੜਾ ਦਿਲ ਪਿਆਰ ਤੇ ਜਨਮ ਦੀ ਵੇਦਨਾ ਨਾਲ ਪਾਟਿਆ ਪਿਆ ਹੈ। ਫਿਰ ਸਾਨੂੰ ਸਮਝਣਾ ਚਾਹੀਦਾ ਹੈ ਅਸੀਂ ਉਸ ਦੇ ਬੱਚਿਆਂ ਨੂੰ ਪੀੜਾ ਵਿਰਸੇ ਵਿੱਚ ਮਿਲੀ ਹੈ, ਅਤੇ ਅਸੀਂ ਅਨੁਭਵ ਕਰਾਂਗੇ ਕਿ ਮੌਤ ਦਾ ਅਰਥ ਹੈ ਉਸ ਨਾਲ ਪੁਰਨ-ਮਿਲਣ ਉਸ ਦੇ ਪਦਾਰਥ ਵਿੱਚ ਵਾਪਸ ਜਾ ਮਿਲਣਾ...ਲਹੂ ਦਾ ਉਸ ਦੇ ਲਹੂ ਵਿੱਚ ਦੁਬਾਰਾ ਜਾ ਮਿਲਣਾ....ਉਸਦੀ ਸ਼ਾਂਤੀ ਵਿੱਚੋਂ ਸ਼ਾਂਤੀ ਪ੍ਰਾਪਤ ਕਰਨਾ।"

ਪੈਰਸ ਵਿੱਚ ਅੱਠਵੇਂ ਦਹਾਕੇ ਦੇ ਅੱਧ ਵਿੱਚ ਦਰਵੇਸ਼ ਨੇ ਅਰਬ ਸੁਹਜ ਸ਼ਾਸ਼ਤਰ ਲਈ ਨਵੀਂ ਸੇਧ ਨਿਸਚਿਤ ਕਰਨ ਬਾਰੇ ਸੋਚਣਾ ਆਰੰਭ ਕੀਤਾ ਤੇ ਪਰਚਲਤ ਕੱਟੜਪੰਥੀ ਨੂੰ ਅਸਲੀ ਤੇ ਚੁਣੌਤੀ ਭਰੇ ਮੁਤਬਾਦਲ ਪੇਸ਼ ਕਰਕੇ, ਅਰਬੀ ਕਵਿਤਾ ਨੂੰ ਇਸ ਦੇ ਨਿਸਚਿਤ ਘੇਰੇ ਅਤੇ ਰਵਾਇਤੀ ਧਰਤ ਦ੍ਰਿਸ਼ਾਂ ਵਿੱਚੋਂ ਬਾਹਰ ਕੱਢਕੇ ਨਵੇਂ ਸੰਕਲਪ ਪੇਸ਼ ਕਰਨੇ ਸਨ। ਪੈਰਿਸ ਵਿੱਚ ਦਰਵੇਸ਼ ਨੇ ਆਧੁਨਿਕ ਅਰਬੀ ਸਾਹਿਤ ਵਿੱਚ ਸਭ ਤੋਂ ਵੱਧ ਆਕੀ (Defiant) ਕਵਿਤਾ ਲਿਖੀ ਜਿਸ ਦੀ ਅਸੀਂ The Tragedy of Narcissus, The Com-

edy of Silver ਚੋਂ ਪੈੜ ਲੱਭ ਸਕਦੇ ਹਾਂ। ਇਹ ਕਾਵਿਕ ਪ੍ਰਤਿਭਾ ਦਾ ਲਾਮਿਸਾਲ ਪ੍ਰਗਟਾਵਾ ਹੈ ਤੇ ਨਾਲ ਹੀ ਅਮੀਰ ਪੂਰਵ-ਇਸਲਾਮੀ ਕਾਵਿ-ਸ਼ਾਸ਼ਤਰ ਦਾ ਪੁਨਰ-ਜਾਗ੍ਰਿਤੀ ਉੱਦਮ ਵੀ ਹੈ। ਇਹ ਕੁਝ ਕਰਨ ਲਈ, ਦਰਵੇਸ਼ ਨੂੰ ਕਵਿਤਾ ਦੀਆਂ ਸਭ ਤੋਂ ਪ੍ਰਾਚੀਨ ਜੜ੍ਹਾਂ ਵੱਲ ਸਫ਼ਰ ਕਰਨਾ ਪਿਆ ਸੀ, ਜਿਸ ਵਿੱਚ ਉਸ ਦੀ ਅੱਖਰੀ ਕਲਪਣਾ, ਰਚਨਾਤਮਿਕ ਪ੍ਰੰਪਰਾਵਾਂ ਦੇ ਮਿਸ਼ਰਣ) ਖਿਚੜੀ ਨਾਲ ਅਮੀਰ ਹੋਈ ਸੀ। ਐਪਿਕ (ਮਹਾਂ-ਕਵਿ) ਮਿਥਿਹਾਸਕ ਇਤਿਹਾਸਿਕ ਕਰਮ-ਕਾਂਡੀ (Ritualistic) ਧਾਰਮਿਕ ਸ਼ਰਧਾ ਵਾਲੀ ਇਲਾਹੀ ਪ੍ਰਕਾਸ਼ਮਾਨ ਅਤੇ ਪੈਗੰਬਰੀ ਆਦਿ ਨਾਲ। ਜਿਵੇਂ ਕਿ The epic of gilganesh Inanna, Dumuzis's dream the decent of ishtar to the nether world, the eggrtian book of the dead ਅਤੇ Biblical Book of Jeremiah ਆਦਿ

ਦਰਵੇਸ਼ ਦੀ ਕਵਿਤਾ ਲਈ ਇਹ ਗੱਲ ਸੰਭਵ ਨਹੀਂ ਸੀ ਹੋਣੀ ਕਿ ਉਹ ਅਰਬੀ ਦੇ ਕਵੀਆਂ ਦੀ ਨਵੀਂ ਪੀੜ੍ਹੀ ਨੂੰ ਏਨੀ ਚੰਗੀ ਤਰ੍ਹਾਂ ਪ੍ਰਭਾਵਤ ਕਰੇ (ਕੁਝ ਪੁਰਾਣੇ ਉਸਤਾਦ ਕਵੀਆਂ ਨੂੰ ਵੀ), ਜੇ ਉਸ ਕੋਲ ਬਹੁਤ ਹੀ ਵਿਕਸਿਤ ਤੇ ਸੂਖਮ ਢੰਗ ਨਾਲ ਇੱਕ ਸੁਰ ਹੋਈ ਤਕਨੀਕ ਅਤੇ ਏਨੀਆਂ ਇਲਾਕਾਈ ਤੇ ਕੌਮਾਂਤਰੀ ਕਾਵਿ-ਲਹਿਰਾਂ ਨੂੰ ਕੁਦਰਤੀ ਤੌਰ ਤੇ ਗ੍ਰਹਿਣ ਕਰਨ ਦੀ ਸਮਰੱਥਾ ਨਾ ਹੁੰਦੀ। ਉਸ ਦੀ ਲੈ-ਤਾਲ ਦੀ ਸੋਝੀ ਇਕਸੁਰਤਾ ਨਾਲ ਬਣੀ ਪ੍ਰਪੱਕ ਹੋਈ ਹੈ ਤੇ ਆਧੁਨਿਕ ਅਮਰੀਕੀ ਕਵੀਆਂ ਵਿੱਚ, ਉਸ ਦੇ ਬਰਾਬਰ ਦੇ ਕਵੀ ਘੱਟ ਹੀ ਹਨ। ਪਰ ਦਰਵੇਸ਼ ਹੈਬਰੀਓ, ਅੰਗਰੇਜ਼ੀ, ਫਰੈਂਚ, ਦਾ ਉਤਸਕ ਪੜ੍ਹਾਕੂ ਹੈ। ਉਹ ਆਧੁਨਿਕ ਅਰਥ-ਜਗਤ ਵਿੱਚ ਸਭ ਤੋਂ ਵੱਧ ਪ੍ਰਭਾਵ-ਸ਼ਾਲੀ ਸਾਹਿਤਕ ਪੱਤ੍ਰਿਕਾ ਦਾ ਮੋਢੀ ਤੇ ਸੰਪਾਦਕ ਹੈ, ਕਰਮੇਲ (Karmel) ਤਿਮਾਹੀ (ਹੁਣ ਤੀਕ 60 ਅੰਕ ਛਪੇ ਹਨ) ਦਾ ਸੰਪਾਦਕ ਹੋਣ ਕਾਰਨ ਉਹ ਸੰਸਾਰ ਸਾਹਿਤ ਵਿਚਲੀਆਂ ਨਵੀਆਂ ਲਹਿਰਾਂ ਤੇ ਨਵੇਂ ਝੁਕਾਵਾਂ ਦਾ ਨਿਰੰਤਰ ਮੁਤਲਾਸ਼ੀ ਹੈ। ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਉਸ ਦੀ ਰਚਨਾ ਨੂੰ ਵਧੀਆ ਢੰਗ ਨਾਲ ਯੀਟਸ, ਸੈਂਟ-ਜਾਹਨ-ਪਰਸੀ ਪੜ੍ਹ-ਯਥਾਰਥਵੀ ਦੀਆਂ ਯੂਨਾਨੀਆਂ ਤੇ ਹੈਬਰੀਊ ਕਵੀਆਂ ਦੇ ਪ੍ਰਸੰਗ ਵਿੱਚ ਨਿਰੰਤਰ ਪੜ੍ਹਨਾ ਹੋਵੇਗਾ।

ਦਰਵੇਸ਼ ਵੱਲੋਂ ਅਮਰੀਕਾ ਦੇ ਜੱਦੀ (Native) ਸਾਹਿਤ ਤੇ ਸਭਿਆਚਾਰ ਦੀ ਖੋਜ ਨੇ ਉਸ ਵਿੱਚ, ਫਲਿਸਤੀਨੀ ਧਰਤ-ਦ੍ਰਿਸ਼ ਤੇ ਇਸ ਦੇ ਗਵਾਚੇ ਖੇਤਰਾਂ ਦੇ ਪੁਰਨ-ਉਥਾਨ ਲਈ, ਇੱਕ ਹੋਰ ਦ੍ਰਿਸ਼ ਲਈ ਪ੍ਰੇਰਿਆ ਹੈ। ਭਾਵੇਂ ਸਖ਼ਤ ਹੀ ਸਹੀ, ਇਸ ਨੇ ਉਸ ਦੇ ਆਪਣੇ ਬਚਪਨ ਦੇ ਧਰਤ-ਦ੍ਰਿਸ਼ ਅਤੇ ਮੁੱਢਲੇ ਮਨੁੱਖੀ ਰਿਸ਼ਤਿਆਂ ਦੀ ਚਤੁਰ ਇਕਸੁਰਤਾ ਦੇ ਵੇਰਵਿਆਂ ਬਾਰੇ ਨਵੀਂ ਰੌਸ਼ਨੀ ਪਾਈ ਹੈ। ਬਦਕਿਸਮਤੀ ਨਾਲ ਅੱਜ ਕੱਲ੍ਹ ਫਲਿਸਤੀਨ ਦੀ ਧਰਤੀ ਨੂੰ ਪਿਛਾਨਣਾ ਲਗਭਗ ਅਸੰਭਵ ਹੈ, ਜਿਸ ਧਰਤੀ ਨੂੰ ਪਹਿਲੇ ਸਮੇਂ ਦੇ ਖਾਨਾ ਬਦੋਸ਼, ਚਰਵਾਹੇ ਹਮਲਾਵਰ "ਦੁੱਧ ਤੇ ਸ਼ਹਿਦ ਵਗਣ ਵਾਲੀ ਧਰਤੀ" ਕਹਿੰਦੇ ਹੁੰਦੇ ਸੀ। ਇਹ ਧਰਤੀ ਬੁਰੀ ਤਰ੍ਹਾਂ ਅਪਮਾਨਿਤ ਹੋਈ ਹੈ, ਅਤੇ ਅਜ਼ਰਾਈਲ ਦੇ ਸਾਲਾਂ-ਬੱਧੀ ਕਬਜ਼ੇ ਵਿਚਕਾਰ ਦੁਖ ਝੱਲਦੀ ਪ੍ਰਕਿਰਤਕ ਦੁਰ-ਪ੍ਰਬੰਧ ਤੇ ਅਣਗਹਿਲੀ ਕਾਰਨ ਇਸ ਦੀ ਹਾਲਤ ਹੋਰ ਵੀ ਬਦਤਰ ਹੋਈ ਹੈ। ਜੱਦੀ ਅਮਰੀਕਣਾਂ ਦਾ ਮਾਂ-ਪ੍ਰਕਿਰਤੀ ਨਾਲ ਲਗਾਓ ਨਾਲ ਵਾਹ ਪੈਂਦਿਆਂ ਜਲਾਵਤਨ ਕਵੀ ਦੀ ਕਲਪਣਾ ਇਸ ਕਾਬਲ ਹੋ ਗਈ ਕਿ ਉਸ ਨੇ ਫਲਿਸਤੀਨੀ ਬ੍ਰਹਿਮੰਡ ਨੂੰ ਸੁੱਖ ਦਿੰਦਿਆਂ, ਇਸ ਵਿੱਚ ਨਵੀਂ ਰੂਹ ਫੂਕ ਦਿੱਤੀ ਤੇ ਮਾਂ-ਪ੍ਰਕਿਰਤੀ ਨਾਲ ਵਤਨ-ਵਾਪਸੀ ਦਾਂ ਲਗਾਓ ਕਾਇਮ ਰੱਖਿਆ। ਜੱਦੀ ਅਮਰੀਕੀ ਭਾਵਨਾ ਵਿੱਚ ਉਸ ਦਾ ਧਰਤ-ਦ੍ਰਿਸ਼ ਪ੍ਰਾਰਥਨਾ ਲਈ ਪਵਿੱਤਰ ਗ੍ਰੰਥ ਬਣ ਗਿਆ ਅਤੇ ਰੂਪ ਦੇ ਆਪਣੇ ਸੋਮੇ ਨਾਲ ਪੁਨਰ-ਮਿਲਣ ਦੀ ਤਾਂਘ ਬਣ ਗਿਆ। ਦਰਵੇਸ਼ ਨੇ ਆਪਣੇ ਆਪ ਨੂੰ



ਲੋਕ-ਗਾਥਾ ਦੇ ਨਾਇਕ ਚੀਫ਼ ਸੀਐਟਲ ਨਾਲ ਜੋੜ ਲਿਆ ਅਤੇ ਡੀਅਰ (Dear) ਲੋਕਾਂ ਵਿੱਚੋਂ ਆਪਣੇ ਲੋਕਾਂ ਦੀ ਪੁਨਰ-ਪਛਾਣ ਕਰ ਲਈ ਗਾਜ਼ਾਂ ਨੂੰ ਛਨਾਨ (Charnon) ਨਾਲ ਡੀਅਰ ਯਾਸਿਨ ਨੂੰ Wounded Knee ਨਾਲ ਗੁੰਦ ਲਿਆ ਤੇ trail of Wakba ਨੂੰ Trail of Tears ਨਾਲ ਜੋੜ ਕੇ ਰੀਫੀਊਜੀ ਕੈਂਪਾਂ ਨੂੰ ਇੰਡੀਅਨ ਦੀ ਰੀਜ਼ਰਵੇਸ਼ਨ ਨਾਲ ਜੋੜ ਦਿੱਤਾ, ਅਰਥਾਤ ਦੋ ਕਰਮਕਾਂਡੀ ਜੁਰਮ, ਇੱਕ ਵੇਦੀ, ਦੋ ਦੁਖਾਂਤ, ਇੱਕ ਦਰਦ!

**ਅਸੀਂ ਅੰਗਰੇਜ਼ੀ ਤੋਪਾਂ ਦੇ ਹਮਲੇ ਤੋਂ ਪਹਿਲਾਂ**
**ਵੱਸਦੇ ਤੇ ਵਿਕਾਸ ਕਰਦੇ ਸੀ**
**ਫਰਾਂਸੀਸੀ ਵਾਈਨ ਤੇ ਜੰਗੀ-ਬੁਖਾਰ**
**ਡੀਅਰ ਪੀਪਲ ਦੇ ਨਾਲ ਬੜੀ ਇਕਸੁਰਤਾ ਨਾਲ ਵੱਸਦੇ**
**ਆਪਣੇ ਜ਼ੁਬਾਨੀ ਇਤਿਹਾਸ ਨੂੰ,**
**ਮੂੰਹ-ਜ਼ਬਾਨੀ ਯਾਦ ਕਰਦੇ ਸੀ।**
**ਅਸੀਂ ਤੁਹਾਨੂੰ ਡੇਜ਼ੀ ਫੁੱਲ ਤੇ ਨਿਰਛਲਤਾ ਦੀਆਂ**
**ਰੁੱਤਾਂ ਦਿੱਤੀਆਂ।**
**ਐਪਰ ਤੁਹਾਡਾ ਆਪਣਾ ਰੱਬ ਸੀ**
**ਤੇ ਸਾਡੇ ਆਪਣੇ,**
**ਤੁਹਾਡਾ ਆਪਣਾ ਭੂਤ-ਕਾਲ ਸੀ**
**ਤੇ ਸਾਡਾ ਆਪਣਾ**
**ਵਕਤ ਇੱਕ ਦਰਿਆ ਹੈ**
**ਤੇ ਇਹ ਉਹਨਾਂ ਹੰਝੂਆਂ ਨਾਲ ਧੁੰਦਲਾ ਹੁੰਦਾ ਹੈ**
**ਜਿਨ੍ਹਾਂ ਵਿੱਚ ਦੀ ਅਸੀਂ ਤੱਕਦੇ ਹਾਂ**

ਅਮਰੀਕੀ ਇੰਡੀਅਨ ਵਿਰਾਸਤ ਦੇ ਧੂੰਏ ਤੇ ਰੌਸ਼ਨੀ ਵਿੱਚੋਂ ਦਰਵੇਸ਼ ਨੇ ਦ੍ਰਿੜ ਤੇ ਜਾਨਦਾਰ ਸੰਭਾਵਨਾ ਲੱਭੀ ਕਿ ਦੋਹਾਂ ਕੌਮਾਂ ਦੀ ਹੋਣੀ, ਇੱਕੋ ਸਮੇਂ ਵੱਖਰੀ ਤੇ ਆਜ਼ਾਦ ਹੈ, ਇੱਕ ਦੂਜੇ ਦੇ ਵਿੱਚੋਂ ਹੋਂਦ ਵਿੱਚ ਆਵੇਗੀ ਕਿ Manifest Destiny ਰੱਬ ਦੇ ਨਵੇਂ ਅਜ਼ਰਾਈਲ ਉੱਤੇ ਲਾਗੂ ਹੋ ਸਕਦੀ ਹੈ ਕਿ ਨਵੇਂ ਇੰਗਲੈਂਡ ਦੀ ਫਲਿਸਤੀਨ ਵੀ ਇਕ ਨਵੀਂ ਬਸਤੀ ਹੈ। ਜੱਦੀ ਅਮਰੀਕਣਾਂ ਦੀ ਹੋਣੀ ਵਾਂਗ ਫਲਿਸਤੀਨੀਆਂ ਦੀ ਸਮੁੱਚੀ ਹੋਂਦ, ਹੁਣ ਅਨਿਸਚਿਤਤਾ ਦੇ ਖੇਤਰ ਵਿੱਚ ਆਉਂਦੀ ਹੈ। ਨਸਲਘਾਤ ਦੇ ਸਾਹਮਣੇ, ਇਹ ਨਵੀਂ ਹੋਂਦਵਾਦੀ ਅਨਿਸ਼ਚਿਤਤਾ ਦਰਵੇਸ਼ ਦੀ ਕਵਿਤਾ ਵਿੱਚ ਸਪੱਸ਼ਟ ਦਿੱਸਦੀ ਹੈ। ਗਾਜ਼ਾ ਪੱਟੀ ਵਿੱਚੋਂ Bureau of Indian Affairs ਬੰਦ ਹੋਣ ਬਾਅਦ, ਦਰਵੇਸ਼ ਵਿਰੋਧ ਦੇ ਸਿਧਾਂਤ ਤੇ ਨਾਲ ਹੀ ਵਿਰੋਧ ਦੀ ਫਲਿਸਤੀਨੀ ਕਵਿਤਾ ਬਾਰੇ ਆਪਣੇ ਮੱਤ ਉੱਤੇ ਦੁਬਾਰਾ ਸੋਚਣ ਲਈ ਮਜ਼ਬੂਰ ਹੋ ਗਿਆ ਸੀ।

**ਨਿਰਾਸਤਾ, ਰਹਿਮ ਕਰ।**
**ਮੌਤੇ, ਵਰਦਾਨ ਬਣ।**
**ਉਸ ਅਜਨਬੀ ਲਈ**
**ਜੋ ਅਣ ਦੇਖੇ ਨੂੰ**
**ਅਸਲੀਅਤ ਨਾਲੋਂ, ਜੋ ਹੁਣ ਅਸਲੀ ਨਹੀਂ ਰਹੀ**
**ਜ਼ਿਆਦਾ ਸਾਫ਼ ਦੇਖਦਾ ਹੈ।**

ਐਪਰ ਧਰਤੀ ਤੇ ਤੱਥ Maurice Blanchot ਜਾਂ Ernesto Sabato ਦੇ ਸਭ ਤੋਂ ਭਿਆਨਕ ਡਰਾਉਣੇ ਸੁਪਨਿਆਂ ਨਾਲੋਂ ਜ਼ਿਆਦਾ ਤਬਾਹਕਰੂ ਸਨ। ਕਿਵੇਂ ਦਰਵੇਸ਼ (ਪਾਲ ਸੀਲਾਨ ਵਾਂਗੂੰ) ਉਸ ਤਬਾਹੀ ਬਾਰੇ ਸੋਚ ਜਾਂ ਲਿਖ ਸਕਦਾ ਹੈ, ਜੋ ਬਿਆਨ ਤੋਂ ਬਾਹਰ ਹੈ ਅਤੇ ਚੁੱਪ ਲਈ ਮਜ਼ਬੂਰ ਕਰਦਾ ਹੈ, ਪੁਸਤਕਾਂ ਸਾੜਦਾ ਹੈ ਤੇ ਅਰਥਾਂ ਨੂੰ ਭੰਨਦਾ-ਤੋੜਦਾ ਹੈ।

**ਮੈਂ ਕਿਵੇਂ ਆਪਣੇ ਲੋਕਾਂ ਦੀ ਵਸੀਅਤ**
**ਬੱਦਲਾਂ ਤੋਂ ਉਪਰ ਲਿਖ ਸਕਦਾ ਹਾਂ**
**ਉਹ ਵਕਤ ਨੂੰ ਪਿੱਛੇ ਛੱਡ ਗਏ ਹਨ**
**ਜਿਵੇਂ ਲੋਕ ਆਪਣੇ, ਕੋਟਾਂ ਨੂੰ ਘਰੀਂ ਛੱਡ ਜਾਂਦੇ ਹਨ।**
**ਉਹ ਕਿਲ੍ਹਾ ਉਸਾਰਦੇ ਨੇ**
**ਢਾਹ ਦਿੰਦੇ ਨੇ ਤੇ ਉਸ ਦੀਆਂ ਨੀਹਾਂ ਤੇ**
**ਤੰਬੂ ਖੜਾ ਕਰ ਦਿੰਦੇ ਨੇ।**
**ਖਜੂਰਾਂ ਦੇ ਰੁੱਖਾਂ ਦੀ ਇੱਕ ਝਲਕ ਲਈ**
**ਉਹ ਹੇਰਵੇ ਦਾ ਸ਼ਿਕਾਰ ਹੋ ਜਾਂਦੇ ਨੇ**
**ਲੂਣ ਦੀ ਰਾਖੀ ਕਰਦੇ ਮੇਰੇ ਲੋਕ**
**ਮੇਰੇ ਹੀ ਲੋਕਾਂ ਨੂੰ ਦਗਾ ਦੇ ਜਾਂਦੇ ਨੇ।**

ਤਬਾਹੀਆਂ/ਬਰਬਾਦੀਆਂ ਦੀ ਮਾਰੀ ਅਤੇ ਇਸ ਤੋਂ ਵੀ ਅਸੀਮ ਖਤਰੇ ਅਧੀਨ, ਦਰਵੇਸ਼ ਦੀ ਕਲਪਣਾ ਸੁਪਨ ਸਾਜ਼ ਤੇ ਪੈਗੰਬਰਾਨਾ ਹੋ ਜਾਂਦੀ ਹੈ। ਉਸ ਨੂੰ ਚਾਨਣ ਹੋ ਗਿਆ ਕਿ ਦੇਸੀ ਲੋਕਾਂ ਦੀ ਸੁਰੱਖਿਆ ਇਸ ਕਾਰਨ ਅਨਿਸਚਿਤ ਹੈ, ਕਿਉਂਕਿ, ਉਹਨਾਂ ਨੂੰ ਮੁਕੰਮਲ ਖਾਤਮੇ ਦਾ ਖਤਰਾ ਹੈ। "ਉਦਾਸੀ ਭਰਿਆ ਤੇ ਵਿਦਰੋਹੀ ਸੰਦੇਸ਼" ਜੋ ਮਹਿਮੂਦ ਨੇ ਭੇਜਿਆ ਸੀ, ਉਹ ਇਹ ਨਹੀਂ ਸੀ "ਕਿ ਢੱਠੇ ਖੂਹ ਵਿੱਚ ਪਵੇ, ਫਲਿਸਤੀਨ, ਹੁਣ "ਮੈਂ ਆਪਣੇ ਆਪ ਵਿੱਚ ਹੀ ਹਾਂ" ਸਗੋਂ ਇਹ ਸੀ, "ਸਾਡਾ ਮਸੀਹਾ ਮੌਤ ਦਾ ਬਾਦਸ਼ਾਹ"

**ਯਥਾਰਥ ਦੋ-ਮੁਖਾ ਹੈ।**
**ਸਾਡੇ ਸ਼ਹਿਰ ਉੱਤੇ ਕਾਲੀ ਬਰਫ਼ ਪੈ ਰਹੀ ਹੈ**
**ਅਸੀਂ ਪਹਿਲਾਂ ਨਾਲੋਂ ਵੱਧ,**
**ਉਦਾਸ ਨਹੀਂ ਹੋ ਸਕਦੇ**
**ਅੰਤਿਮ ਝਾਕੀ, ਸਾਬਤ ਕਦਮਾਂ ਨਾਲ**
**ਕੰਧ ਵੱਲ ਤੁਰੀ ਜਾਂਦੀ ਹੈ**
**ਟਾਇਲਾਂ ਅੱਥਰੂਆਂ ਨਾਲ ਗੜੁੱਚ ਨੇ।**
**ਸਾਡੇ ਝੰਡੇ ਕੌਣ ਉਤਾਰੇਗਾ**
**ਉਹ ਜਾਂ ਅਸੀਂ**
**ਕੌਣ ਸਾਨੂੰ ਅਮਨ-ਸਮਝੌਤਾ**
**ਪੜ੍ਹ ਕੇ ਸੁਣਾਵੇਗਾ**
**ਐ ਹਾਰ ਦੇ ਸਹਿਨਸ਼ਾਹੋ**

ਆਪਣੇ ਲੋਕਾਂ ਉੱਤੇ "ਅੰਦਰੂਨੀ ਕਬਜ਼ੇ" ਦੀ ਹੌਲੀ-ਹੌਲੀ ਹੋਈ ਨਾਜਾਇਜ਼ ਦਖਲ-ਅੰਦਾਜ਼ੀ ਨੇ, ਦਰਵੇਸ਼ ਦੀ ਸੁਪਨ ਸਾਜ਼ ਕਲਪਣਾ ਸ਼ਕਤੀ ਨੂੰ ਅਥਾਹ ਡੂੰਘਾਈ ਦੇ ਸਿਰੇ ਤੇ ਲੈ ਆਂਦਾ ਹੈ, ਤਾਕਿ ਜੀਉਂਦੇ ਰਹਿਣ ਦੇ ਡੂੰਘੇ ਇਰਾਦੇ ਅਤੇ ਮੁਕੰਮਲ ਖਾਤਮੇ ਦੀ ਚੇਤਨਾ ਨੂੰ ਕਿਸੇ ਨਾ ਕਿਸੇ ਤਰ੍ਹਾਂ ਠੱਲ੍ਹ ਲਿਆ ਜਾਵੇ। ਇਹ ਚੌਂਕਾ ਦੇਣ ਵਾਲੀ ਤੇ ਕਰੋਧ ਭਰੀ



ਚੰਘਾੜ ਹੈ, ਜੋ ਕਹਿੰਦੀ ਹੈ ਸਾਡੇ ਸੁਪਨੇ ਬਹੁਤ ਡਰਾਉਣੇ ਹਨ-ਇਹ ਜੀਉਂਦੇ ਰਹਿਣ ਦਾ ਖਾਤਮਾ ਤੇ ਅਨਿਸਚਿਤ ਹੋਂਦ ਦਾ ਆਰੰਭ ਹੈ। ਜੱਦੀ ਅਮਰੀਕੀ ਸਰਗਰਮ ਆਗੂ ਰਸਲ ਮੀਨਜ਼ ਆਪਣੀ ਇੱਕ ਤਕਰੀਰ ਵਿੱਚ, ਇਸ ਪ੍ਰੇਸ਼ਾਨੀ ਦੀ ਵਧੀਆਂ ਵਿਆਖਿਆ ਪੇਸ਼ ਕਰਦਾ ਹੈ,

"ਸਾਡੇ ਹੀ ਕੁਦਰਤੀ ਜੀਵਾਂ ਦਾ ਕਰਤਵ ਜੀਉਂਦੇ ਰਹਿਣ ਵਿੱਚ ਹੈ। ਸਾਡੀ ਹੋਂਦ ਦਾ ਇੱਕ ਭਾਗ ਅੜੇ ਰਹਿਣ ਦਾ ਹੈ। ਅਸੀਂ ਇਸ ਵਾਸਤੇ ਨਹੀਂ ਅੜਦੇ, ਕਿ ਅਸੀਂ ਕੋਈ ਸਰਕਾਰ ਉਲਟਣੀ ਹੈ, ਜਾਂ ਰਾਜਸੀ ਤਾਕਤ ਪ੍ਰਾਪਤ ਕਰਨੀ ਹੈ, ਸਗੋਂ ਜੀਉਂਦੇ ਰਹਿਣ ਤੇ ਨਾਸ਼ ਹੋਣ ਤੋਂ ਬਚਣ ਲਈ, ਡਟੇ ਰਹਿਣਾ ਜ਼ਰੂਰੀ ਹੈ। ਅਸੀਂ ਚਿੱਟੀਆਂ ਸੰਸਥਾਵਾਂ ਉੱਤੇ ਅਧਿਕਾਰ ਨਹੀਂ ਚਾਹੁੰਦੇ, ਅਸੀਂ ਚਾਹੁੰਦੇ ਹਾਂ ਕਿ ਇਹ ਚਿੱਟੀਆਂ ਸੰਸਥਾਵਾਂ ਖ਼ਤਮ ਹੋ ਜਾਣ। ਇਹੀ ਕਰਾਂਤੀ ਹੈ।"

ਜਿੱਥੋਂ ਤੀਕ ਜੱਦੀ ਅਮੀਰਕਨਾਂ ਦੇ "ਅੰਦਰੂਨੀ ਕਬਜ਼ੇ" ਦੀ ਗੱਲ ਹੈ, ਦਰਵੇਸ਼ ਦਾ ਸਾਰਾ ਸੰਸਾਰ ਹੀ ਬਦਲ ਗਿਆ ਹੈ। ਸਾਰੀਆਂ ਚੀਜ਼ਾਂ ਅਨਿਸਚਿਤਾ ਦੇ ਅਧੀਨ ਆ ਗਈਆਂ ਹਨ, ਥਾਂ ਦੀ ਸਿਮ੍ਰਿਤੀ ਵੀ ਅਨਿਸਚਿਤ ਹੈ, ਏਥੋਂ ਤੀਕ ਕਿ ਥਾਂ ਦੇ ਅਰਥ ਵੀ ਅਨਿਸਚਿਤ ਹਨ। ਸ਼ਹੀਦ ਕਾਹਦੇ ਲਈ ਕੁਰਬਾਨ ਹੋਏ ਸਨ? ਚੁੱਪ। ਕੁਝ ਵੀ ਯਕੀਨੀ ਨਹੀਂ।

ਟਿਊਨੇਸ਼ੀਆ ਦੇ ਅੰਤਲੇ ਦਿਨਾਂ ਵਿੱਚ ਅਰਾਫਾਤ, ਐਲ. ਓ. ਦੇ ਨਾਲ ਗਾਜ਼ਾ ਵੱਲ ਜਾਣ ਤੋਂ ਪਹਿਲਾਂ ਦਰਵੇਸ਼ ਅਨਿਸਚਿਤਤਾ ਦੀ ਸਿਖਰ ਤੇ ਰਹਿ ਰਿਹਾ ਸੀ। ਸਾਈ ਮੋਨੇ ਬਿਟਨ ਆਪਣੀ ਫਿਲਮ, "ਧਰਤੀ ਵੀ ਭਾਸ਼ਾ ਵਾਂਗ ਵਿਰਸੇ ਵਿੱਚ ਮਿਲਦੀ ਹੈ" ਨੇ ਦਸਤਾਵੇਜ਼ੀ ਤੌਰ ਤੇ ਪ੍ਰਮਾਣਤ ਕੀਤਾ ਕਿ ਸਾਰਾ ਕੁਝ ਵੇਖ ਕੇ ਉਹ ਰੋ ਰਿਹਾ ਸੀ, ਕਿਉਂਕਿ ਉਸ ਨੇ ਹਮੇਸ਼ਾਂ ਹੀ ਇਹ ਮੰਨਣ ਤੋਂ ਇਨਕਾਰ ਕੀਤਾ ਸੀ ਕਿ ਸ਼ਹੀਦ ਦਾ ਲਹੂ ਅਜਾਂਈਂ ਡੁੱਲਦਾ ਹੈ।

**ਟੂਨੇਸ਼ੀਆ! ਆਪਣਾ ਧਿਆਨ ਰੱਖੀਂ**
**ਕੱਲ੍ਹ ਨੂੰ ਅਸੀਂ ਤੇਰੇ ਮਿੱਤਰ-ਦੇਸ਼ ਫਲਿਸਤੀਨ**
**ਵਿਖੇ ਮਿਲਾਂਗੇ**
**ਕੀ ਤੂੰ ਭੁੱਲ ਗਿਆਂ ਹੈ ਕਿ ਅਸੀਂ**
**ਕੋਈ ਚੀਜ਼ ਪਿੱਛੇ ਭੁੱਲ ਆਏ ਹਾਂ**
**ਅਸੀਂ ਸ਼ਹੀਦਾਂ ਨੂੰ ਪਿੱਛੇ ਛੱਡ ਆਏ ਹਾਂ**
**ਜੋ ਹੁਣ ਤੇਰੇ ਧਿਆਨ ਲਈ ਸੌਂਪ ਰਹੇ ਹਾਂ।**

ਉਸ ਅਨਿਸਚਤਤਾ ਦੀ ਘੜੀ ਖ਼ੁਦ ਸਮਾਂ ਵੀ ਬਿਖਰ ਗਿਆ ਸੀ, ਅਤੇ ਦਰਵੇਸ਼ ਤਬਾਹੀ ਤੇ ਹਨੇਰੇ ਦੇ ਨਵੇਂ ਫੈਲਾਓ ਵੱਲ ਵਾਪਸ ਪਰਤਦਿਆਂ ਆਪਣੇ ਆਪ ਨੂੰ ਆਖਰੀ ਸ਼ਹੀਦ ਪ੍ਰੇਮਕਾ, ਜਿਸ ਨੂੰ ਉਸ ਨੇ ਗਾਇਆ ਤੇ ਜਿਸ ਲਈ ਉਸ ਨੇ ਆਪਣੀ ਸਾਰੀ ਜ਼ਿੰਦਗੀ ਲੇਖੇ ਲਾ ਦਿੱਤੀ, ਉਹ ਸੀ ਮੁਜ਼ਾਹਮਤ (Resistance) ਉਸ ਉੱਤੇ ਉਹ ਖ਼ੁਦ ਨੂੰ ਰੋਂਦਿਆਂ ਵੇਖਦਾ ਹੈ। ਕਵੀ ਦਰਵੇਸ਼ ਨੂੰ ਖ਼ੁਦ ਯਕੀਨ ਨਹੀਂ ਕਿ ਨਵੇਂ ਕਾਰਥਾਜ਼ੀਅਨ (Carthaginian) ਅਮਨ ਦੇ ਅੰਨੇਵਾਹ ਬਿਖਰਾਵ ਕਾਰਨ ਕੀ ਹੁਣ ਕਵਿਤਾ ਜੀਉਂਦੀ ਰਹਿ ਸਕੇਗੀ। ਇਹ ਉਹ ਅਮਨ ਹੈ, ਜਿਹੜਾ ਮੁਕੰਮਲ ਨਹੀਂ ਸੀ ਹੋਇਆ। ਜਦੋਂ ਰੋਮ ਨੇ ਕਾਰਥੇਜ ਨੂੰ ਤਬਾਹ ਕਰ ਦਿੱਤਾ ਸੀ, ਸਗੋਂ ਓਦੋਂ ਹੋਇਆ ਸੀ, ਜਦੋਂ ਜੀਉਂਦੇ ਬਚ ਗਏ ਕਾਰਥੇਜ ਵਾਸੀਆਂ ਨੇ ਆਪਣੀ ਹੀ ਬਰਬਾਦੀ ਬਿਆਨ ਕਰਨ ਲਈ, ਰੋਮਨ-ਵਾਲਿਆਂ ਦੀ ਭਾਸ਼ਾ ਵਰਤਣੀ ਆਰੰਭ ਕਰ ਦਿੱਤੀ ਸੀ। ਉਹ ਸਾਜ਼ਿਸ਼ ਅਰਥਾਂ ਦੀ ਸੀ, ਜਿਸ ਨੇ

ਬਾਕੀ ਬਚੇ ਕਾਰਥੀਜ -ਵਾਸੀਆਂ ਨੂੰ ਮਾਰੂ-ਸੱਟ ਮਾਰੀ ਸੀ।

ਏਸੇ ਤਰ੍ਹਾਂ ਹੀ "Trogan peace" ਉਦੋਂ ਲਾਗੂ ਨਹੀਂ ਹੋਇਆ, ਜਦੋਂ ਯੂਨਾਨੀਆਂ ਨੇ, ਧਰਤੀ ਦੇ ਚਿਹਰੇ ਤੋਂ ਟਰਾਏ (Troy) ਸ਼ਹਿਰ ਨੂੰ ਖਤਮ ਕਰ ਦਿੱਤਾ ਸੀ, ਸਗੋਂ ਉਦੋਂ, ਜਦੋਂ ਟਰਾਜਨ ਵਾਸੀਆਂ ਨੇ ਖੁਦ ਹੋਮਰ ਦਾ ਈਲੀਅਡ ਪੜ੍ਹਕੇ ਆਨੰਦ ਲੈਣਾ ਸ਼ੁਰੂ ਕੀਤਾ ਸੀ। ਲੋਕਾਂ ਵਿੱਚੋਂ ਜੀਉਂਦੇ ਰਹਿਣ ਦੀ ਭਾਵਨਾ ਨੂੰ ਮਾਰ ਦੇਣਾ, ਲੋਕਾਂ ਨੂੰ ਖੂਨੀ ਤਰੀਕੇ ਨਾਲ ਕਤਲ ਕਰਨ ਨਾਲੋਂ ਵਧੇਰੇ ਤਬਾਹ-ਕਰੂ ਹੁੰਦਾ ਹੈ।

ਬੀਤੇ ਨੂੰ ਭੁੱਲ ਜਾਣ ਦੀ ਇਹ ਜ਼ਿੱਦ ਬਾਰੇ ਓਸਲੋ (Oslo) ਤੋਂ ਅਗਲੀ ਸਵੇਰ ਨੂੰ, ਦਰਵੇਸ਼ ਨੇ ਬੁਰੀ ਤਰ੍ਹਾਂ ਆਲੋਚਨਾ ਕੀਤੀ ਸੀ। "ਉਸ ਸਵੇਰ ਨੂੰ ਜਦੋਂ ਫਲਿਸਤੀਨ ਜਾਗੇ, ਤਾਂ ਉਹਨਾਂ ਵੇਖਿਆ ਕਿ ਉਹਨਾਂ ਦਾ ਕੋਈ ਭੂਤ-ਕਾਲ ਹੀ ਨਹੀਂ ਸੀ, ਉਸ ਨੇ ਆਖਿਆ, "ਕਿ ਅੱਜ ਤੋਂ ਲੱਗ ਕੇ ਉਹ ਨਾਂ ਨੂੰ ਯਾਦ-ਸ਼ਕਤੀ ਦੇ ਅਲੋਪ ਹੋਣ (Amesia) ਦੀ ਆਵਸ਼ੱਕ ਸਥਿਤੀ ਵਿੱਚ ਵਿਚਰਨਾ ਪਾਵੇਗਾ। ਦੁਖਦਾਈ ਗੱਲ ਇਹ ਹੈ ਕਿ ਖੁਦ ਦਰਵੇਸ਼ ਉਹ ਬੀਤ ਗਏ ਵਿੱਚ ਵਿਚਰ ਰਿਹਾ ਹੈ, ਜਿਸ ਨੂੰ ਭੁੱਲਣਾ ਦਰਕਾਰ ਹੈ। ਮੁਜਾਹਮਤ ਮਰ-ਮੁੱਕ ਗਈ ਹੈ, ਹੁਣ ਮੁਜਾਹਮਤ ਦੀ ਸ਼ਾਇਰੀ ਨੂੰ ਵੀ ਠੰਢੇ ਭੁਲਾਵੇ ਵਿੱਚ ਡਿੱਗਣ ਦਿਉ। ਪਰ ਭੂਤ -ਕਾਲ ਨੂੰ ਇਸ ਤਰ੍ਹਾਂ ਸੰਪੂਰਨ ਰੂਪ ਵਿੱਚ ਭੁੱਲਣ ਨਾਲ, ਸਿਮ੍ਰਿਤੀ ਵਿੱਚ ਕੀ ਕੁਝ ਸਾਂਭਿਆ ਜਾਵੇਗਾ ਅਤੇ ਭਵਿੱਖ ਦੀਆਂ ਯਾਦ-ਸ਼ਕਤੀ ਦੇ ਅਲੋਪ ਹੋਣ ਵਾਲੀਆਂ ਫਲਿਸਤੀਨੀ ਪੀੜ੍ਹੀਆਂ ਲਈ ਜੀਉਂਦੀ-ਜਾਗਦੀ ਹਾਜ਼ਰੀ ਬਣੇਗਾ, ਫਲਿਸਤੀਨੀ ਦਰਵੇਸ਼ ਜਾਂ ਅਜ਼ਰਾਈਲੀ ਬਾਈਲੀਕ (Bialik) ਕੁਝ ਵੀ ਯਕੀਨੀ ਨਹੀਂ।

ਐਪਰ ਜੋ ਗੱਲ, ਘੱਟ-ਘੱਟ ਗੱਲ ਮੇਰੇ ਲਈ ਯਕੀਨੀ ਹੈ ਉਹ ਇਹ ਹੈ ਕਿ ਮਹਿਮੂਦ ਦਰਵੇਸ਼ ਜੇ ਚਾਰ ਦਹਾਕਿਆਂ ਤੋਂ, ਸਾਡੇ ਸਾਹਮਣੇ ਨਿਰੰਤਰ ਤੌਰ ਤੇ ਫਲਿਸਤੀਨ ਦੀ ਆਤਮਕ ਅਸਲੀਅਤ ਦੀ ਗੂੰਜ ਕਾਇਮ ਰੱਖਣ ਦਾ ਉਪਰਾਲਾ ਕੀਤਾ ਹੈ, (La Palestine Comme Metaphose) ਜੇ ਅਸੀਂ ਫਰੈਂਚ ਭਾਸ਼ਾ ਵਿੱਚ ਉਸ ਦੇ ਇੰਟਰਵੀਊਆਂ ਦੀ ਪੁਸਤਕ ਦੇ ਸਿਰਲੇਖ ਤੋਂ ਇਹ ਮੰਗਵਾਂ ਲੈ ਲਈਏ। ਇਹ ਗੱਲ ਵੱਡੇ ਕਾਰਨਾਂ ਵਿੱਚੋਂ ਇਕ ਹੈ ਕਿ ਕਿਉਂ ਦਰਵੇਸ਼ ਨੇ ,ਹੋਰ ਕਿਸੇ ਵੀ ਸਮਕਾਲੀ ਅਰਬੀ ਕਵੀ ਨਾਲੋਂ, ਵੱਧ, ਸਮੇਂ ਅਤੇ ਮਨੁੱਖੀ ਸਿਮ੍ਰਿਤੀ ਵਿੱਚ ਡੂੰਘਾ ਪਾੜ ਪਾਇਆ ਹੈ ਅਤੇ ਕਿਉਂ ਇਹ ਕਹਿਣਾ ਸਹੀ ਹੈ ਕਿ ਪਿਛਲੇ ਹਜ਼ਾਰ ਸਾਲ ਦੇ ਯੁੱਗ ਵਿਚਲੀ ਸੰਸਾਰ ਕਵਿਤਾ ਉੱਤੇ ਵਿਚਾਰ ਕਰਦੇ ਸਮੇਂ ਮਹਿਮੂਦ ਦਰਵੇਸ਼ ਦੇ ਕੀਤੇ ਕੰਮ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ। ਹੁਣ ਤੀਕ ਉਸਦੀਆਂ ਕਵਿਤਾਵਾਂ 23 ਭਾਸ਼ਾਵਾਂ ਵਿੱਚ ਛੱਪ ਚੁੱਕੀਆਂ ਹਨ ਤੇ ਉਸ ਨੂੰ ਅਣਗਿਣਤ ਕੌਮਾਂਤਰੀ ਪੁਰਸਕਾਰ ਮਿਲ ਚੁੱਕੇ ਹਨ। ਮੇਰੇ ਮੁਲਾਂਕਣ ਅਨੁਸਾਰ, ਮਨੁੱਖੀ ਗ਼ਮ ਦਾ ਇਹ ਕਵੀ, ਸਾਹਿਤ ਲਈ ਨੋਬਲ ਪੁਰਸਕਾਰ ਵਾਸਤੇ ਨਾਮਜ਼ਦ ਕਰਨ ਦੇ ਕਾਬਿਲ ਹੈ। ਉਸ ਦੇ ਕੰਮ ਨੇ, ਜੋ ਵਿਚਾਰਾਂ ਵਜੋਂ ਅਮੀਰ ਹੈ, ਤੇ ਜਿਹੜਾ ਆਜ਼ਾਦੀ ਦੀ ਭਾਵਨਾ ਤੇ ਸੱਚ ਦੀ ਤਲਾਸ਼ ਨਾਲ ਭਰਪੂਰ ਹੈ, ਨੇ ਸਾਡੇ ਯੁੱਗ ਉੱਤੇ ਡੂੰਘਾ ਪ੍ਰਭਾਵ ਪਾਇਆ ਹੈ। ਅਤੇ ਇਸ ਤੋਂ ਵੀ ਉੱਪਰ, ਸਾਰੇ ਕਸ਼ਟ ਦੇ ਬਾਵਜੂਦ, ਜੋ ਉਸ ਹੰਢਾਇਆ ਹੈ, ਉਹ ਅਜੇ ਵੀ ਆਪਣੀ ਜਨਮ-ਭੂਮੀ ਵਿੱਚ ਅਰਬਾਂ ਤੇ ਯਹੂਦੀਆਂ ਦੀ ਸਹਿ ਹੋਂਦ ਦੇ ਸਭ ਤੋਂ ਤਗੜੇ ਸਮਰਥਕਾਂ ਵਿੱਚੋਂ ਹੈ।

ਬ੍ਰਿਟਨ (Brtten) ਦੀ ਦਸਤਾਵੇਜ਼ੀ ਫਿਲਮ ਵਿੱਚ, ਦਰਵੇਸ਼, ਯਹੂਦੀ ਕਲਚਰ ਤੇ ਇਸ ਦੇ ਲੋਕਾਂ ਲਈ, ਹੈਰਾਨੀ ਜਨਕ ਡੂੰਘਾਈ ਤੇ ਸਹਿਣਸ਼ੀਲਤਾ ਭਰੀ ਨੇੜਤਾ ਨਾਲ ਇਹਨਾਂ ਜੜ੍ਹਾਂ, ਵੱਲ ਸੰਕੇਤ ਕਰਦਾ ਹੈ।

"ਮਿਲਟਰੀ ਜੱਜ, ਜਿਸ ਨੇ ਮੇਰੀ ਕਵਿਤਾ ਵਾਸਤੇ ਮੈਨੂੰ ਸਜ਼ਾ ਦਿੱਤੀ, ਉਹ ਯਹੂਦੀ



ਸੀ। ਜਿਸ ਇਸਤਰੀ ਅਧਿਆਪਕ ਨੇ ਮੈਨੂੰ ਹੈਬਰੀਊ ਪੜ੍ਹਾਈ ਤੇ ਸਾਹਿਤ ਦੇ ਪਿਆਰ ਦੀ ਪ੍ਰੇਰਨਾ ਦਿੱਤੀ, ਉਹ ਯਹੂਦਣ ਸੀ, ਮੇਰਾ ਅੰਗਰੇਜ਼ੀ ਦਾ ਅਧਿਆਪਕ, ਜੋ ਬਹੁਤ ਸਖਤ ਸੀ, ਯਹੂਦੀ ਸੀ, ਮੇਰਾ ਪਹਿਲਾ ਪਿਆਰ ਵੀ ਯਹੂਦਣ ਨਾਲ ਸੀ, 'ਮੇਰਾ ਲਾਗਲਾ ਗਵਾਂਢੀ ਯਹੂਦੀ ਸੀ, ਤੇ ਮੇਰੇ ਰਾਜਸੀ ਕਾਮਰੇਡ ਯਹੂਦੀ ਸਨ। ਮੈਂ ਯਹੂਦੀਆਂ ਨੂੰ ਵੱਖਰੀ ਪਛਾਣ ਨਹੀਂ ਮੰਨਦਾ। ਆਰੰਭ ਤੋਂ ਹੀ, ' ਮੇਰੇ ਲਈ ਸਹਿ-ਹੋਂਦ ਸੰਭਵ ਪ੍ਰਤੀਤ ਹੁੰਦੀ ਰਹੀ ਹੈ, ਮਨੋਵਿਗਿਆਨਕ ਤੌਰ ਤੇ ਵੀ ਅਤੇ ਸਭਿਆਚਾਰਕ ਪੱਖੋਂ ਵੀ ਮੁੱਖ ਸਮੱਸਿਆ ਰਾਜਸੀ ਹੈ।"

ਮਹੱਤਵਪੂਰਨ ਗੱਲ ਇਹ ਕਿ ਜਦੋਂ ਮਹਿਮੂਦ ਆਪਣੇ ਦਿਲ ਦੇ ਦੂਸਰੇ ਉਪਰੇਸ਼ਨ ਤੋਂ ਤੁਰੰਤ ਬਾਅਦ, ਜਦੋਂ ਉਸ ਦੀ ਸਿਹਤ ਠੀਕ ਹੋ ਰਹੀ ਸੀ, ਉਹ ਸਮੁੱਚੀ ਪਰੰਪਰਾ ਪ੍ਰਤੀ ਆਤਮਿਕ ਖੁੱਲ੍ਹ ਦਾ ਸਮਰਥਕ ਸੀ, ਸਮੇਤ ਯਹੂਦੀ ਧਰਤ ਦੇ। ਉਸ ਦਾ ਅਰਧ-ਚੇਤਨ ਮਨ,ਜਿਹੜਾ ਅਜੇ ਨਸ਼ੇ ਦੀ ਦਵਾਈ ਦੇ ਅਸਰ ਤੋਂ ਮੁਕਤ ਹੋ ਰਿਹਾ ਸੀ, ਉਸ ਦੀ ਮਨੁੱਖਤਾ ਦੀਆਂ ਡੂੰਘਾਣਾਂ ਤੇ ਉਸ ਦੀ ਵਡਿੱਤਣ-ਦੀ ਆਤਮਿਕ ਸ਼ਕਤੀ ਦਾ ਸ਼ੀਸ਼ਾ ਵਿਖਾਉਂਦਾ ਸੀ।

"ਸੰਕਟ ਦੇ ਸਿਖਰ ਉੱਤੇ ਵੀ ਮੈਂ ਲਿਖਣਾ ਜਾਰੀ ਰੱਖਦਾ ਹਾਂ। ਜੋ ਕੁਝ ਮੈਂ ਲਿਖਿਆ ਸੀ ਉਹ ਤੌਰੇਤ-ਮੱਤ (Ecclesiastes) ਉੱਤੇ ਦੀਵਾਨਗੀ ਵਾਲੀ ਟਿੱਪਣੀ ਸੀ, ਜਿਹੜੀ ਇੰਝ ਸ਼ੁਰੂ ਹੁੰਦੀ ਹੈ, "ਘੁਮੰਡਾਂ ਦੇ ਆਮ ਘੁਮੰਡ ਸਭ ਕੁਝ ਘੁਮੰਡ ਹੈ।" ਮੇਰਾ ਖਿਆਲ ਸੀ ਕਿ ਮੈਂ ਇਸ ਪੁਸਤਕ ਉੱਤੇ ਟਿੱਪਣੀ ਲਿਖ ਰਿਹਾ ਸੀ, ਪਰ ਮੈਂ ਹੌਲੀ-ਹੌਲੀ ਦੁਬਾਰਾ ਚੇਤਨਾ ਗ੍ਰਹਿਣ ਕੀਤੀ ਸੀ। ਮੈਂ ਵੇਖਿਆ ਕਿ ਜੋ ਕੁਝ ਮੈਂ ਲਿਖਿਆ ਸੀ ਉਸ ਦਾ ਖੇਤਰ ਤਾਂ ਅਧਿਆਤਮਵਾਦ ਸੀ!"

ਇਸ ਅਰਧ-ਚੇਤਨ ਮਨ ਦੀਆਂ ਡੂੰਘਾਈਆਂ ਤੋਂ ਆਪਣੇ ਨਾਸ਼ਮਾਨ ਸੱਚ ਦੀਆਂ ਮਾਰੂ ਘੜੀਆਂ ਵਿੱਚ ਵੀ, ਇਸ ਦਾ ਸਬੂਤ ਮਿਲਿਆ ਸੀ ਕਿ ਦਰਵੇਸ਼ ਦੀ ਕਵਿਤਾ ਕਿੰਨੇ ਦਰਦ ਨਾਲ ਸਾਡੀ ਹਸਤੀ ਨੂੰ ਚਮਕਣਾ ਲਾ ਦਿੰਦੀ ਹੈ। •

**(ਅਪ੍ਰੈਲ 2000) ਅੰਗਰੇਜ਼ੀ 'ਚੋਂ ਅਨੁਵਾਦਿ, ਹ.ਸ. ਹ.)**

ਕੋਈ ਵੀ ਕਵਿਤਾ ਪਾਠਕ ਤੇ ਕਵੀ ਦੇ ਰਿਸ਼ਤੇ ਕਾਰਨ ਹੀ ਹੋਂਦ ਗ੍ਰਹਿਣ ਕਰਦੀ ਹੈ। ਮੈਨੂੰ ਵੀ ਪਾਠਕਾਂ ਦੀ ਲੋੜ ਹੈ, ਸਿਵਾਏ ਇਸ ਦੇ ਕਿ ਉਹ ਕਦੇ ਵੀ, ਜਿਵੇਂ ਚਾਹੁਣ, ਮੈਨੂੰ ਲਿਖਣ ਤੋਂ ਰੋਕਦੇ ਨਹੀਂ, ਆਪਣੇ ਪਾਠ ਨੂੰ ਇਕ ਹੋਰ ਲਿਖਤ ਵਿਚ ਬਦਲ ਕੇ, ਉਹ ਮੇਰੇ ਨਕਸ਼ਾਂ ਨੂੰ ਵੀ ਮਿਟਾ ਦਿੰਦੇ ਹਨ। ਮੈਂ ਨਹੀਂ ਜਾਣਦਾ ਕਿ ਉਹ ਕਿਉਂ, ਘੜੇ-ਘੜਾਏ ਨਿਸ਼ਾਨਿਆਂ ਦੇ ਭਰਮ ਕਾਰਨ, ਜਾਂ ਗਲਤਫਹਿਮੀ ਦੀ ਵੇਦੀ ਉੱਤੇ ਮੇਰੀ ਕਵਿਤਾ ਨੂੰ ਮਾਰਨਾ ਚਾਹੁੰਦੇ ਹਨ। ਮੈਂ ਕੇਵਲ ਫਲਿਸਤੀਨ ਦਾ ਹੀ ਨਾਗਰਿਕ ਨਹੀਂ ਹਾਂ, ਭਾਵੇਂ ਕਿ ਇਸ ਨੇੜਤਾ ਉੱਤੇ ਮੈਂ ਮਾਣ ਕਰਦਾ ਹਾਂ ਅਤੇ ਫਲਿਸਤੀਨ ਦੀ ਹਕੀਕਤ ਦੀ ਚਮਕ ਲਈ ਆਪਣੀ ਜ਼ਿੰਦਗੀ ਵੀ ਕੁਰਬਾਨ ਕਰਨ ਲਈ ਤਿਆਰ ਹਾਂ। ਐਪਰ, ਮੈਂ ਆਪਣੇ ਲੋਕਾਂ ਦੇ ਇਤਿਹਾਸ ਅਤੇ ਉਹਦਾਂ ਦੇ ਸੰਘਰਸ਼ ਨੂੰ ਇਕ ਸੁਹਜਾਤਮਿਕ ਕੋਣ ਤੋਂ ਵੀ ਵੇਖਣਾ ਚਾਹੁੰਦਾ ਹਾਂ, ਜਿਹੜਾ ਕਿ ਪ੍ਰਚਲਤ ਅਤੇ ਮੁੜ-ਮੁੜ ਦੁਹਰਾਏ ਜਾਂਦੇ ਅਰਥਾਂ ਤੋਂ ਵੱਖਰਾ ਹੈ ਤੇ ਜਿਹੜਾ ਘੜਿਆ-ਘੜਾਇਆ ਤੇ ਬਿਨਾਂ ਵਿਚਾਰਨ ਦੇ ਰਾਜਸੀ ਪਾਠ ਤੋਂ ਸੌਖਾ ਹੀ ਪ੍ਰਾਪਤ ਹੋ ਜਾਂਦਾ ਹੈ। •

**(ਅਲ-ਨਾਰਮੇਲ 12 ਫਰਵਰੀ 1993)**

# ਬੈਰੂਤ ਦੀ ਘੇਰਾਬੰਦੀ ਤੇ ਸਾਡੇ ਲੇਖਕ

- ਮਹਿਮੂਦ ਦਰਵੇਸ਼

ਕੁਝ ਬੁੱਧੀਜੀਵੀਆਂ ਨੇ ਘੇਰਾਬੰਦੀ ਨੂੰ ਆਪਣੇ ਸਮਕਾਲੀ ਲੇਖਕਾਂ ਤੋਂ ਬਦਲਾ ਲੈਣ ਅਤੇ ਉਹਨਾਂ ਦੀਆਂ ਛਾਤੀਆਂ ਵੱਲ ਆਪਣੀਆਂ ਜ਼ਹਿਰੀਲੀਆਂ ਕਲਮਾਂ ਨੂੰ ਨਿਸ਼ਾਨਾ ਬਣਾਉਣ ਲਈ ਢੁੱਕਵਾਂ ਸਮਾਂ ਜਾਣ ਲਿਆ ਹੈ। ਅਸੀਂ ਨਿਸਫਲ ਚੀਕ ਉੱਠੇ, "ਇਹਨਾਂ ਨਗੂਣੇ ਮਾਮਲਿਆਂ ਨੂੰ ਛੱਡ ਲਵੋ। ਬੈਰੂਤ ਨੂੰ ਲੇਖਕਾਂ ਨੇ ਘੇਰਾ ਬੰਦੀ ਨਹੀਂ ਕੀਤੀ ਅਤੇ ਨਾ ਹੀ ਉਹਨਾਂ ਦੀ ਨਰਮੀ ਜਾਂ ਭਾਂਜ ਨੇ ਇਹਨਾਂ ਇਮਾਰਤਾਂ ਨੂੰ ਢਾਹਿਆ ਹੈ, ਜਿਹਨਾਂ ਹੇਠ ਕਿ ਲੋਕ ਵੱਸਦੇ ਸਨ। ਸਭ ਤੋਂ ਬੁਰੀ ਗੱਲ ਕਿ ਤੁਹਾਡੀਆਂ ਇਹ ਲਿਖਤਾਂ ਸਾਹਿਤ ਨਹੀਂ ਹਨ ਤੇ ਸਭ ਤੋਂ ਚੰਗੇਰੀ ਗੱਲ ਕਿ ਇਹ ਕੋਈ ਜਹਾਜ਼ ਸੁੱਟਣ ਵਾਲੀਆਂ ਤੋਪਾਂ ਨਹੀਂ ਹਨ।"

"ਨਹੀਂ" ਉਹਨਾਂ ਕਿਹਾ, "ਇਹ ਪਹਿਲੀ ਤੇ ਆਖ਼ਰੀ ਪ੍ਰੀਖਿਆ ਹੈ ਕਿ ਕੋਈ ਲੇਖਕ ਜਾਂ ਕਵਿਤਾ ਕ੍ਰਾਂਤੀਕਾਰੀ ਹੈ ਜਾਂ ਨਹੀਂ ਹੈ। ਜਾਂ ਤੇ ਕਵਿਤਾ ਹੁਣੇ ਰਚੀ ਜਾਵੇ ਤੇ ਜਾਂ ਫਿਰ ਇਹ ਰਚੇ ਜਾਣ ਦਾ ਆਪਣਾ ਅਧਿਕਾਰ ਗਵਾ ਬੈਠੀ ਸੀ।"

"ਫਿਰ ਹੋਮਰ ਨੂੰ ਤੁਸੀਂ ਕਿਵੇਂ 'ਇਲੀਇਡ ਤੇ ਉਡੀਸੀ' ਲਿਖਣ ਦੀ ਆਗਿਆ ਦਿੱਤੀ ਹੈ।" ਅਸਾਂ ਉਹਨਾਂ ਨੂੰ ਚਿੜਾਇਆ। 'ਤੇ ਤੁਸੀਂ ਐਸਕਲੀਜ਼, ਯੂਰੀਪੀਡਿਸ, ਅਰਿਸਟੋਫਿਨੀਜ਼, ਟਾਲਸਟਾਏ ਤੇ ਹੋਰਨਾਂ ਨੂੰ ਆਗਿਆ ਦਿੱਤੀ? ਲੇਖਕੋ! ਹਰ ਵਿਅਕਤੀ ਇੱਕ ਹੀ ਤਰ੍ਹਾਂ ਆਪਣਾ ਪ੍ਰਤੀਕਰਮ ਪ੍ਰਗਟ ਨਹੀਂ ਕਰਦਾ। ਜਿਹੜਾ ਲੇਖਕ ਹੁਣੇ ਹੀ ਲਿਖ ਸਕਦਾ ਹੈ, ਉਸ ਨੂੰ ਲਿਖ ਲੈਣ ਦਿਓ! ਤੇ ਜਿਹੜਾ ਬਾਅਦ ਵਿਚ ਲਿਖ ਸਕਦਾ ਹੈ, ਉਸ ਨੂੰ ਬਾਅਦ ਵਿਚ ਲਿਖ ਲੈਣ ਦਿਓ। ਤੇ ਜੇ ਤੁਸੀਂ ਮੈਨੂੰ ਇਹ ਕਹਿਣ ਦੀ ਇਜਾਜ਼ਤ ਦਿਓ, ਜੋ ਮੈਂ ਸੋਚਦਾ ਹਾਂ ਤੇ ਬਿਨਾਂ ਕਿਸੇ ਦੇ ਦੂਸ਼ਣ ਲਾਇਆਂ- ਮੈਂ ਆਖਦਾ ਹਾਂ ਕਿ ਜ਼ਖ਼ਮੀਂ, ਤਿਹਾਏ ਤੇ ਜਿਹਨਾਂ ਨੂੰ ਪਾਣੀ, ਰੋਟੀ ਤੇ ਆਸਰੇ ਦੀ ਲੋੜ ਹੈ, ਉਹ ਕਵਿਤਾ ਦੀ ਮੰਗ ਨਹੀਂ ਕਰ ਰਹੇ। ਤੇ ਸਾਡੇ ਲੜਾਕੂ ਤੁਹਾਡੇ ਗੀਤਾਂ ਵੱਲ ਹੁਣ ਕੋਈ ਧਿਆਨ ਨਹੀਂ ਦੇ ਰਹੇ। ਜੇ ਤੁਸੀਂ ਗਾਉਣਾ ਚਾਹੁੰਦੇ ਹੋ ਤਾਂ ਗਾਓ ਤੇ ਜਾਂ ਆਪਣੀ ਜ਼ੁਬਾਨ ਬੰਦ ਰੱਖੋ। ਜੰਗ ਵਿਚ ਅਸੀਂ ਹਾਸ਼ੀਏ ਤੋਂ ਬਾਹਰ ਹਾਂ। ਪਰ ਇਹ ਗੱਲ ਸਾਡੇ ਵੱਸ ਦੀ ਹੈ ਕਿ ਅਸੀਂ ਲੋਕਾਂ ਨੂੰ ਹੋਰ ਜੰਤਕ ਸੇਵਾਵਾਂ ਰਾਹੀਂ ਸਹਾਇਤਾ ਕਰੀਏ। ਵੀਹ ਲਿਟਰ ਪਾਣੀ ਦਾ ਪੀਪਾ "ਜੀਨੀਅਸ ਦੀ ਵਾਦੀ ਦੇ ਬਰਾਬਰ ਹੈ। ਇਸ ਘੜੀ ਰਚਨਾਤਮਿਕ ਪ੍ਰਗਟਾਵੇ ਵਿਚ ਸੁੰਦਰਤਾ ਦੀ ਨਹੀਂ, ਮਨੁੱਖੀ ਵਚਨਬੱਧਤਾ ਦੀ ਲੋੜ ਹੈ। ਇਸ ਲਈ ਤੁਸੀਂ ਬਥੇਰਾ ਚਰਿੱਤਰ—ਘਾਤ ਕਰ ਲਿਆ ਹੈ। ਤੇ ਜੇ ਕਿਸੇ ਆਲੋਚਕ ਦਾ ਤੰਤੂ ਪ੍ਰਬੰਧ ਤਬਾਹ ਹੋ ਗਿਆ ਤੇ ਉਹ ਬੈਰੂਤ ਨੂੰ ਛੱਡ ਗਿਆ ਹੈ, ਤਾਂ ਕੋਈ ਗੱਲ ਨਹੀਂ ਤੇ ਜੇ ਨਾਟਕਕਾਰ ਗਲੀ ਪਾਰ ਕਰਨ ਤੋਂ ਬਹੁਤ ਡਰ ਗਿਆ ਸੀ ਤਾਂ ਕੀ ਹੋਇਆ? ਤੇ ਜੇ ਕਵੀ ਦਾ ਤਾਲ ਉੱਖੜ ਗਿਆ ਹੈ, ਤਾਂ ਕੀ ਹੋਇਆ? ਕੀ ਇਸ ਦਾ ਕਾਰਨ ਇਹ ਤਾਂ ਨਹੀਂ ਕਿ ਆਲੋਚਕ ਤੁਹਾਡੀ ਕਵਿਤਾ ਜਾਂ ਨਾਟਕਾਂ ਦਾ ਪ੍ਰਸ਼ੰਸਕ ਨਹੀਂ ਸੀ, ਜਿਹੜੇ ਕਿ ਘੇਰਾਬੰਦੀ ਵੇਲੇ ਤੁਸੀਂ ਪੇਸ਼ ਕੀਤੇ ਸੀ ਤੇ ਹੁਣ ਤੁਸੀਂ ਉਸ ਉੱਤੇ ਨਿੰਦਿਆ ਦੀ ਗੋਲਾਬਾਰੀ ਕਰ ਰਹੇ ਹੋ।

ਸਾਡੇ ਵਿਚਲੀ ਸੱਭਿਆਚਾਰਕ ਰਹਿੰਦ-ਖੂੰਹਦ ਦਾ ਹੁੰਗਾਰਾ ਭਰਦੇ ਹੋਏ, ਜਿਹੜੇ ਲੋਕ ਜੰਗ ਦੇ ਨਾਹਰੇ ਨੂੰ ਦਿਲ-ਹਲਾਊ ਕਵਿਤਾ ਨਾਲ ਜੋੜਦੇ ਹਨ, ਰਹਿੰਦ-ਖੂੰਹਦ ਜੋ ਕਵੀ ਦੇ ਕਰਤੱਵ ਨੂੰ ਘਟਨਾਵਾਂ ਦੇ ਟਿੱਪਣੀਕਾਰ, ਜਹਾਦ ਲਈ ਭੜਕਾਉਣ ਵਾਲਾ ਜਾਂ ਜੰਗ ਦਾ ਪੱਤਰਕਾਰ ਸਮਝਦੇ ਹਨ, ਅਰਬੀ ਸਾਹਿਤਕ ਵਾਤਾਵਰਨ ਜੋ ਚੱਲ ਰਹੀ ਜੰਗ ਵਿਚਕਾਰ



ਕਵਿਤਾ ਦੇ ਪ੍ਰਸ਼ਨ ਨੂੰ ਉਠਾਉਣ ਦੇ ਆਦੀ ਹੋ ਗਏ ਹਨ।

ਹਰ ਲੜਾਈ ਵਿਚ ਉਹ ਸਵਾਲ ਉਠਾਉਂਦੇ ਹਨ, "ਕਵਿਤਾ ਕਿੱਥੇ ਹੈ?" ਇਤਿਹਾਸਕ ਪ੍ਰਸੰਗ ਤੋਂ ਧਿਆਨ ਲਾਂਭੇ ਕਰ ਕੇ ਕਵਿਤਾ ਦੇ ਸੰਕਲਪ ਨੂੰ ਘਟਨਾ ਦੀ ਧਾਰਨਾ ਨਾਲ ਰਲ ਗੱਡ ਕਰ ਦਿੱਤਾ ਗਿਆ ਹੈ।

ਇਸ ਵਿਸ਼ੇਸ਼ ਘੜੀ ਦੇ ਸਮੇਂ ਜਦੋਂ ਹਵਾਈ-ਜਹਾਜ਼ ਸਾਡੇ ਜਿਸਮਾਂ ਵਿਚ ਹਲ ਵਾਹ ਰਹੇ ਹਨ, ਇਹ ਬੁੱਧੀਜੀਵੀ ਲਾਪਤਾ ਜਿਸਮ ਉੱਤੇ ਮੰਡਲਾਉਂਦੇ ਹੋਏ, ਇਹ ਮੰਗ ਕਰ ਰਹੇ ਹਨ ਕਿ ਕਵਿਤਾਵਾਂ ਹਵਾਈ ਹਮਲਿਆਂ ਦਾ ਟਾਕਰਾ ਕਰਨ, ਜਾਂ ਘੱਟੋ-ਘੱਟ ਤਾਕਤਾਂ ਦੇ ਤੋਲ ਨੂੰ ਬਦਲ ਦੇਣ। ਜੇ ਕਵਿਤਾ ਨੇ "ਹੁਣ" ਜਨਮ ਨਹੀਂ ਲੈਣਾ ਤਾਂ ਕਦੋਂ ਜਨਮ ਲਵੇਗੀ? ਤੇ ਜੇ ਇਸ ਨੇ ਬਾਅਦ ਵਿਚ ਜਨਮ ਲੈਣਾ ਹੈ ਤਾਂ ਉਸ ਦਾ "ਹੁਣ" ਕੀ ਮਹੱਤਵ ਹੈ? ਇਹ ਪ੍ਰਸ਼ਨ ਸੌਖਾ ਵੀ ਹੈ ਤੇ ਔਖਾ ਵੀ ਤੇ ਇਸ ਲਈ ਜਟਿਲ ਉੱਤਰ ਦੀ ਅਵੱਸ਼ਕਤਾ ਹੈ। ਜਿਵੇਂ ਕਿਸੇ ਨੂੰ ਇਹ ਕਹਿਣ ਦੀ ਆਗਿਆ ਦੇ ਦਿੱਤੀ ਜਾਵੇ, ਮਿਸਾਲ ਵਜੋਂ ਕਿਸੇ ਜਗ੍ਹਾ, ਕਿਸੇ ਭਾਸ਼ਾ ਤੇ ਕਿਸੇ ਜਿਸਮ ਵਿਚੋਂ ਕਵਿਤਾ ਜਨਮ ਲੈ ਲਵੇ, ਪਰ ਇਹ ਗਲੇ ਤੇ ਕਾਗਜ਼ ਤੀਕ ਨਾ ਪਹੁੰਚੇ। ਇਹ ਇਕ ਨਿਰਛਲ ਪ੍ਰਸ਼ਨ ਹੈ ਜਿਸ ਦੀ ਨਿਰਛਲ ਉੱਤਰ ਦੀ ਲੋੜ ਹੈ। ਸਿਵਾਏ ਇਸ ਦੇ ਕਿ ਇਸ ਵਿਚ ਉਸ ਕਵੀ ਨੂੰ ਕਤਲ ਕਰਨ ਦੀ ਇੱਛਾ ਭਰੀ ਹੋਈ ਹੈ, ਜਿਹੜਾ ਇਹ ਕਹਿਣ ਦੀ ਜੁਰਅਤ ਕਰਦਾ ਹੈ ਕਿ ਉਹ ਆਪਣੀ ਚੁੱਪ ਨੂੰ ਲਿਖ ਰਿਹਾ ਹੈ।

ਇਹ ਗੱਲ ਦੁਖਦਾਈ ਤਾਂ ਹੈ ਕਿ ਹਵਾਈ ਹਮਲਿਆਂ ਦੇ ਅਜਿਹੇ ਸਮੇਂ ਅਸੀਂ ਅਜਿਹੀ ਟੈਂ-ਟੈਂ ਲਈ ਸਮਾਂ ਲੱਭਣ ਲਈ ਤਿਆਰ ਹੋ ਗਏ ਹਾਂ ਤੇ ਉਸ ਕਵੀ ਦੇ ਕਰਤੱਵ ਦੀ ਹਿਮਾਇਤ ਕਰਨ ਲਈ ਤਿਆਰ ਹੋਏ ਹਾਂ, ਜਿਸ ਦੀ ਲਿਖਤ ਅਦੁੱਤੀ ਹੈ, ਕਿਉਂਕਿ ਇਹ ਹਕੀਕਤ ਦੇ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ, ਜਿਸ ਤਰ੍ਹਾਂ ਇਹ ਹਕੀਕਤ ਬਾਹਰ ਆਉਂਦੀ ਹੈ। ਇਹ ਕਾਰਜ ਅਸੀਂ ਉਸ ਘੜੀ ਕਰ ਰਹੇ ਹਾਂ, ਜਦੋਂ ਹਰ ਚੀਜ਼ ਗੱਲਾਂ ਕਰਨ ਤੋਂ ਰੁਕ ਗਈ ਹੈ, ਉਹ ਸਾਂਝੀ ਰਚਨਾਤਮਿਕ ਘੜੀ ਜਦੋਂ ਕਿ ਲੋਕਾਂ ਦੀ ਬੀਰ ਗਾਥਾ ਆਪਣੇ ਇਤਿਹਾਸ ਨੂੰ ਢਾਲ ਰਹੀ ਹੈ। ਬੈਰੂਤ ਖ਼ੁਦ ਲਿਖ ਰਿਹਾ ਹੈ, ਉਤਸ਼ਾਹ ਦੇ ਰਿਹਾ ਹੈ ਤੇ ਰਚਨਾਤਮਿਕ ਹੋ ਗਿਆ ਹੈ। ਇਹ ਸੱਚ ਹੈ ਕਿ ਇਸ ਦੇ ਕਵੀ ਤੇ ਗਵੱਈਏ ਆਮ ਲੋਕ ਤੇ ਲੜਾਕੂ ਯੋਧੇ ਹਨ। ਜਿਹਨਾਂ ਦਾ ਮਨ-ਪਰਚਾਵਾ ਕਰਨ ਜਾਂ ਵੀਣਾ ਦੀਆਂ ਟੁੱਟੀਆਂ ਤਾਰਾਂ ਨਾਲ ਦਿਲ ਵਧਾਉਣ ਦੀ ਕੋਈ ਲੋੜ ਨਹੀਂ ਹੈ। ਉਹ ਉਸ ਲਿਖਤ ਦੇ ਸੱਚੇ ਨੀਂਹ ਰੱਖਣ ਵਾਲੇ ਹਨ, ਜਿਸ ਨੂੰ ਦੇਰ ਤੀਕ ਆਪਣੀਆਂ ਅਸਚਰਜ ਜ਼ਿੰਦਗੀਆਂ ਤੇ ਸੂਰਮਗਤੀ ਲਈ, ਕੋਈ ਭਾਸ਼ਾਈ ਸਮਾਨਤਾ ਦੀ ਤਲਾਸ਼ ਕਰਨੀ ਪਵੇਗੀ। ਫਿਰ ਕਵੀ, ਲਿਖਤ, ਜਿਸ ਨੂੰ ਵਿਹਲ ਲਈ ਕਾਫੀ ਸਮਾਂ ਦਰਕਾਰ ਹੈ, ਉਹ ਨਿੱਤਰ ਸਕਦੀ ਹੈ ਤੇ ਕਿਸੇ ਲੜਾਈ ਵਿਚ ਰਾਕਟਾਂ ਦੇ ਇਸ ਤਾਲ ਵਿਚ ਕੋਈ ਸ਼ਕਲ ਧਾਰ ਸਕਦੀ ਹੈ। ਤੇ ਰਵਾਇਤੀ ਕਵਿਤਾ, ਉਂਝ ਇਸ ਘੜੀ ਸਾਰੀ ਕਵਿਤਾ ਹੀ ਰਵਾਇਤੀ ਹੈ, ਕਿਵੇਂ ਉਸ ਕਾਵਿ ਰਚਨਾ ਨੂੰ ਪ੍ਰੀਭਾਸ਼ਤ ਕਰ ਸਕਦੀ ਹੈ, ਜੋ ਇਸ ਜਵਾਲਾਮੁਖੀ ਦੇ ਪੇਟ ਵਿਚ ਉਬਾਲੇ ਖਾ ਰਹੀ ਹੈ।

ਬੁੱਧੀ-ਜੀਵੀਓ! ਸਬਰ ਕਰੋ! ਕਿਉਂਕਿ ਜ਼ਿੰਦਗੀ ਤੇ ਮੌਤ ਦਾ ਸਵਾਲ, ਜੋ ਇਸ ਘੜੀ ਪਰਮੁੱਖ ਹੈ, ਉਸ ਦ੍ਰਿੜ ਇਰਾਦੇ ਦਾ ਸਵਾਲ, ਜੋ ਇਸ ਯੁੱਧ ਦੇ ਮੈਦਾਨ ਵਿਚ ਸਾਰੇ ਸ਼ਸ਼ਤਰ ਵਰਤ ਰਿਹਾ ਹੈ। ਉਸ ਹੋਂਦ ਦਾ ਪ੍ਰਸ਼ਨ, ਜੋ ਦੈਵੀ ਤੇ ਪਦਾਰਥਕ ਸਰੂਪ ਗ੍ਰਹਿਣ ਕਰ ਰਿਹਾ ਹੈ, ਇਹ ਸਵਾਲ ਕਵੀ ਤੇ ਕਵਿਤਾ ਦੇ ਸਦਾਚਾਰਕ ਕਰਤੱਵ ਦੇ ਸਵਾਲਾਂ ਨਾਲੋਂ ਵਧੇਰੇ ਮਹੱਤਵਪੂਰਨ ਹਨ। ਤੇ ਇਹ ਗੱਲ ਢੁੱਕਵੀਂ ਹੋਵੇਗੀ ਕਿ ਸਾਨੂੰ ਉਸ ਖੌਫ਼ ਦਾ ਸਤਿਕਾਰ ਕਰਨਾ ਚਾਹੀਦਾ ਹੈ, ਜਿਹੜਾ ਇਹਨਾ ਘੜੀਆਂ ਵਿਚ ਪ੍ਰਗਟ ਹੋ ਰਿਹਾ ਹੈ। ਮਨੁੱਖੀ ਹੋਂਦ ਦੇ ਇਕ ਤੱਟ ਤੋਂ ਦੂਸਰੇ ਤੀਕ ਤੇ ਇਕ ਹੋਂਦ ਤੋਂ ਦੂਸਰੀ ਵਿਚ ਬਦਲ ਜਾਣ ਦੀਆਂ ਘੜੀਆਂ

ਵਿਚ ਵਿਖਾਲੀ ਦਿੰਦੀ ਹੈ। ਇਹ ਵੀ ਢੁੱਕਵੀਂ ਗੱਲ ਹੋਵੇਗੀ, ਕਿ ਰਵਾਇਤੀ ਕਵਿਤਾ ਨੂੰ ਇਹ ਖ਼ਬਰ ਹੋਣੀ ਚਾਹੀਦੀ ਹੈ ਕਿ ਇਸ ਨਵੀਂ ਜੰਮੀ ਕਵਿਤਾ ਦੀ ਹਾਜ਼ਰੀ ਵਿਚ ਆਪਣੀ ਨਿਮਾਣੀ ਚੁੱਪ ਨੂੰ ਕਾਇਮ ਕਿਵੇਂ ਰੱਖਣਾ ਹੈ ਤੇ ਜੇ ਇਹਨਾਂ ਬੁੱਧੀਜੀਵੀਆਂ ਨੇ ਜ਼ਰੂਰੀ ਲੁਕ ਕੇ ਨਿਸ਼ਾਨਾ ਬੰਨਣਾ ਹੈ ਤਾਂ ਉਹਨਾਂ ਨੂੰ ਪੁਰਾਣੇ ਸੰਕਲਪਾਂ, ਆਪਣੇ ਪੁਰਾਣੇ ਪ੍ਰਸ਼ਨਾਂ ਤੇ ਆਪਣੇ ਪੁਰਾਣੇ ਸਦਾਚਾਰ ਉੱਤੇ ਗੋਲੀ ਦਾ ਨਿਸ਼ਾਨਾ ਬੰਨ੍ਹਣਾ ਚਾਹੀਦਾ ਹੈ। ਅਸੀਂ ਹੋਰ ਵਧੇਰੇ ਵਿਸਥਾਰ ਨਹੀਂ ਦੇ ਸਕਦੇ, ਨਾ ਹੀ ਸਾਡੇ ਬਾਰੇ ਵਧੇਰੇ ਵਿਸਥਾਰ ਦੀ ਲੋੜ ਹੈ। ਅਸੀਂ ਬਿਲਕੁਲ ਹੀ ਨਵਾਂ ਜਨਮ ਲੈ ਰਹੇ ਹਾਂ, ਜਾਂ ਪੂਰੀ ਤਰ੍ਹਾਂ ਮਰ ਰਹੇ ਹਾਂ।

ਪਾਕਿਸਤਾਨ ਤੋਂ ਸਾਡਾ ਮਹਾਨ ਮਿੱਤਰ ਫ਼ੈਜ਼ ਅਹਿਮਦ ਇਕ ਹੋਰ ਹੀ ਪ੍ਰਸ਼ਨ ਵਿਚ ਗਲਤਾਨ ਹੈ। "ਕਲਾਕਾਰ ਕਿੱਥੇ ਹਨ?" ਮੈਂ ਪੁੱਛਦਾ ਹਾਂ," ਫ਼ੈਜ਼ ਕਿਹੜੇ ਕਲਾਕਾਰ?"

"ਬੈਰੂਤ ਦੇ ਕਲਾਕਾਰ" "ਤੁਸੀਂ ਉਹਨਾਂ ਕੋਲੋਂ ਕੀ ਚਾਹੁੰਦੇ ਹੋ "ਕਿ ਉਹ ਇਸ ਜੰਗ ਦੇ ਚਿੱਤਰ ਸ਼ਹਿਰ ਦੀਆਂ ਕੰਧਾਂ ਉੱਤੇ ਬਣਾਉਣ" "ਤੈਨੂੰ ਕੀ ਹੋ ਗਿਆ ਹੈ?" ਮੈਂ ਚੀਕ ਕੇ ਆਖਦਾ ਹਾਂ। "ਕੀ ਤੂੰ ਵੇਖਦਾ ਨਹੀਂ ਕਿ ਕੰਧਾਂ ਢਹਿ ਢੇਰੀ ਹੋ ਰਹੀਆਂ ਹਨ।"•

## ਮਹਿਮੂਦ ਦਰਵੇਸ਼ ਦੀ ਕਾਵਿ ਤਪੱਸਿਆ

**ਮੁਨੀਰ ਆਕਾਸ਼ ਕਾਰੋ ਕਾਇਨ ਫੋਰਚੇ**

ਮਹਿਮੂਦ ਦਰਵੇਸ਼ ਇਕ ਸਾਹਿਤਕ ਅਜੂਬਾ ਹੈ। ਉਹ ਅਰਬੀ ਭਾਸ਼ਾ ਦੇ ਸਭ ਤੋਂ ਮਹੱਤਵਪੂਰਨ ਕਵੀਆਂ ਵਿਚੋਂ ਪ੍ਰਵਾਨ ਕੀਤਾ ਗਿਆ ਹੈ ਤੇ "ਲੋਕਾਂ ਦੀ ਆਵਾਜ਼" ਵਜੋਂ ਪਿਆਰਿਆ ਜਾਂਦਾ ਹੈ। ਉਹ ਐਸਾ ਕਲਾਕਾਰ ਹੈ ਜੋ ਆਪਣੀ ਰਚਨਾ ਤੋਂ ਨਿਰੰਤਰ ਪ੍ਰੀਵਰਤਨ ਦੀ ਮੰਗ ਕਰਦਾ ਹੈ। ਉਹ ਜਿਉਂਦਾ-ਜਾਗਦਾ ਬੀਰ-ਗਾਥਾ ਦਾ ਨਾਇਕ ਹੈ, ਜਿਸ ਦੇ ਪ੍ਰਗੀਤਾਂ ਨੂੰ ਸਕੂਲਾਂ ਦੇ ਬੱਚੇ ਅਤੇ ਖੇਤ-ਕਾਮੇ ਗਾਉਂਦੇ ਨੇ, ਬਹੁਤ ਘੱਟ ਕਵੀਆਂ ਨੂੰ ਅਜਿਹੀ ਬੇਜੋੜ ਪ੍ਰਸੰਸ਼ਾ ਪ੍ਰਾਪਤ ਹੋਈ ਹੈ ਤੇ ਬਹੁਤ ਘੱਟ ਕਵੀ ਨੇ ਜੋ ਇਤਿਹਾਸ ਦੇ ਏਨੇ ਨਾਟਕੀ ਉਤਰਾਵਾਂ-ਚੜ੍ਹਾਵਾਂ ਅਤੇ ਹੋਣੀ ਵਿਚ ਕਾਇਮ ਰਹਿ ਸਕੇ ਹਨ, ਜਿਵੇਂ ਕਿ ਮਹਿਮੂਦ ਦਰਵੇਸ਼। ਉਸ ਤੋਂ ਵੀ ਘੱਟ ਕਵੀ ਹਨ, ਜਿਹਨਾਂ ਨੇ ਸੰਸਾਰ ਦੀਆਂ ਸਭ ਤੋਂ ਪ੍ਰਾਚੀਨ ਸਾਹਿਤਕ ਪ੍ਰੰਪਰਾਵਾਂ ਵਿਚੋਂ ਇਕ ਨੂੰ ਗ੍ਰਹਿਣ ਕਰਦਿਆਂ, ਕਵਿਤਾ ਲਈ ਨਵੀਆਂ ਸੰਭਾਵਨਾਵਾਂ ਉਜਾਗਰ ਕਰਨ ਲਈ ਘਾਲਣਾ ਘਾਲੀ ਹੋਵੇ। 1964 ਵਿਚ "ਜ਼ੈਤੂਨ ਦੇ ਪੱਤੇ" ਪਹਿਲੇ ਸੰਗ੍ਰਹਿ ਦੇ ਛਪਣ ਨਾਲ ਉਸ ਦੀ ਕਵਿਤਾ ਨੂੰ ਬੜੇ ਜੋਸ਼ ਨਾਲ ਪ੍ਰਵਾਨਿਆ ਗਿਆ ਸੀ। 1967 ਦੀ ਜੰਗ ਵਿਚ ਅਰਬਾਂ ਦੀ ਹਾਰ ਤੋਂ ਬਾਅਦ, ਦਰਵੇਸ਼ ਨੇ ਆਪਣੇ ਪ੍ਰਗੀਤਾਂ ਵਿਚ ਫਲਿਸਤੀਨੀਆਂ ਦੇ ਨਿਤਾ ਪ੍ਰਤੀ ਦਰਦ ਨੂੰ ਪ੍ਰਗਟ ਕਰਨ ਲਈ ਆਪਣੀ ਆਵਾਜ਼ ਉੱਚੀ ਕੀਤੀ ਸੀ। ਕਾਵਿਕ ਸ਼ਿੰਗਾਰ ਤੋਂ ਮੁਕਤ ਹੋਏ ਯਥਾਰਥ ਵਿਚੋਂ ਵਿਰੋਧ ਦੀ ਕਵਿਤਾ ਨੇ ਜਨਮ ਲਿਆ। ਨੇਰੂਦਾ ਦੀ ਸ਼ਾਇਰੀ ਵਾਲੀ ਪਾਰਦਰਸ਼ਤਾ ਨਾਲ, ਛੇਵੇਂ ਤੇ ਸੱਤਵੇਂ ਦਹਾਕਿਆਂ ਵਿਚ ਉਸ ਦੀਆਂ ਕਵਿਤਾਵਾਂ ਨੇ ਉਸ ਦੀ ਮਾਤ-ਭੂਮੀ ਉੱਤੇ ਕਬਜ਼ੇ ਦੀ ਪੀੜਾ ਅਤੇ ਧਰਤੀ ਦੀ ਸਵਤੰਤਰਤਾ ਦੀਆਂ ਵਿਲਕਦੀਆਂ ਉਮੀਦਾਂ ਨੂੰ ਪ੍ਰਗਟ ਕੀਤਾ। ਬਾਅਦ ਦੇ ਸਾਲਾਂ ਵਿਚ ਦਰਵੇਸ਼ ਦੀ ਕਵਿਤਾ ਨੇ ਸ਼ਾਨਦਾਰ ਕਲਾਤਮਿਕ ਬੇਚੈਨੀ ਨੂੰ ਪ੍ਰਗਟ ਕੀਤਾ ਤੇ ਹਰ ਨਵੇਂ ਸੰਗ੍ਰਹਿ ਵਿਚ ਨਵੀਂ ਧਰਤੀ ਅਤੇ ਕਾਵਿਕ ਸਰੋਕਾਰ ਨੂੰ ਪ੍ਰਗਟਾਇਆ। ਨਵੇਂ ਸੰਗ੍ਰਹਿ ਦੀ ਪ੍ਰਕਾਸ਼ਨਾ ਨਾਲ ਦਰਵੇਸ਼ ਆਪਣਾ ਇਕਾਠਵਾਂ ਜਨਮ-ਦਿਨ ਤੇ ਲਿਖਣ-ਕਾਰਜ ਦੇ ਚਾਰ-ਦਹਾਕਿਆਂ ਦਾ ਜਸ਼ਨ ਮਨਾਵੇਗਾ। ਉਹ ਫਲਿਸਤੀਨ ਦਾ ਰਾਜ ਕਵੀ ਹੈ। ਕਵੀ ਜੋ ਆਪਣੇ ਲੋਕਾਂ ਦੀ ਕਿਸਮਤ ਦਾ ਭਾਈਵਾਲ ਹੈ ਤੇ ਜੋ ਘੇਰੇ ਹੇਠ ਆਏ ਨਗਰ ਵਿਚ ਰਹਿੰਦਾ ਹੈ ਤੇ ਉਹਨਾਂ ਦੀ ਵੇਦਨਾ ਅਤੇ ਸੁਪਨਿਆਂ ਨੂੰ ਭਾਸ਼ਾ ਦੇ



ਰਿਹਾ ਹੈ। ਉਸ ਦੀ ਕਵਿਤਾ ਦੇ ਹਰ ਗੰਭੀਰ ਅਧਿਅਨ ਸਮੇਂ ਉਸ ਪ੍ਰਸੰਗ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ, ਜਿਸ ਵਿਚ ਕਿ ਇਹ ਲਿਖੀ ਗਈ ਹੈ। ਜਲਾਵਤਨੀ ਦੀ ਆਵਾਰਗੀ ਤੇ ਹੋਂਦ ਦੇ ਸਾਲ ਅਤੇ ਕਵੀ ਦੇ ਰਾਜਸੀ, ਕਲਾਤਮਿਕ ਤੇ ਅਧਿਆਤਮਿਕ ਸੰਘਰਸ਼ਾਂ ਨੂੰ ਕੇਂਦਰ ਵਿਚ ਰੱਖਣਾ ਪਵੇਗਾ।

ਮਹਿਮੂਦ ਦਰਵੇਸ਼ ਮਾਰਚ 13, 1942 ਨੂੰ ਫਲਿਸਤੀਨ ਦੇ ਅੱਪਰ ਗਾਲੀਲੀ, ਜ਼ਿਲ੍ਹਾ ਆਕਰੇ ਦੇ ਪਿੰਡ ਬੀਰਵੇ ਵਿਚ ਪੈਦਾ ਹੋਇਆ ਸੀ। ਜਦ ਉਹ ਛੇ ਸਾਲ ਦਾ ਸੀ, ਇਜ਼ਰਾਈਲ ਦੀ ਫੌਜ ਨੇ ਇਸ ਪਿੰਡ ਉੱਤੇ ਕਬਜ਼ਾ ਕਰ ਲਿਆ ਤੇ ਬਾਅਦ ਵਿਚ "ਬੀਰਵੇ" ਨੂੰ ਫਲਿਸਤੀਨ ਦੇ 416 ਦੂਸਰੇ ਪਿੰਡਾਂ ਸਮੇਤ ਤਬਾਹ ਕਰ ਦਿੱਤਾ। ਆਉਣ ਵਾਲੇ ਕਤਲੇਆਮ ਤੋਂ ਬਚਣ ਲਈ ਦਰਵੇਸ਼ ਦਾ ਪਰਿਵਾਰ ਲੈਬਨਾਨ ਦੇਸ਼ ਭੱਜ ਗਿਆ। ਇੱਕ ਸਾਲ ਬਾਅਦ ਉਹ ਆਪਣੇ ਦੇਸ਼ ਪਰਤੇ, ਤੇ "ਗੈਰਕਾਨੂੰਨੀ" ਤੌਰ ਤੇ ਲਾਗਲੇ ਪਿੰਡ ਦਾਰਲੂ ਅਸਦ ਵਿਚ ਆ ਵੱਸੇ। ਪਰ ਹੁਣ ਦੇਰੀ ਹੋ ਚੁੱਕੀ ਸੀ। ਕਿਉਂਕਿ ਹੁਣ ਉਹ ਨਵੀਂ ਸਟੇਟ ਵਿਚ ਰਹਿਣ ਤੇ ਇਸ ਦੀਆਂ ਸਰਹੱਦਾਂ ਅੰਦਰ ਗਿਣੇ ਜਾਣ ਤੋਂ ਵਿਰਵੇ ਰਹਿ ਗਏ ਸੀ। ਨੌਜਵਾਨ ਦਰਵੇਸ਼ ਹੁਣ "ਅੰਦਰੂਨੀ ਸ਼ਰਨਾਰਥੀ" ਸੀ ਜੋ ਕਾਨੂੰਨੀ ਤੌਰ ਤੇ ਹੁਣ "ਹਾਜ਼ਰ-ਗੈਰਹਾਜ਼ਰ ਬਿਦੇਸ਼ੀ" ਸੀ, ਜਿਸ ਬਾਰੇ ਬਾਅਦ ਵਿਚ ਕਵੀ ਨੇ ਆਪਣੀ ਕਵਿਤਾ "ਉੱਲੂ ਦੀ ਰਾਤ" ਵਿਚ ਵਰਨਣ ਕੀਤਾ ਹੈ।

ਜਿਸ ਕਵਿਤਾ ਵਿਚ "ਹਾਜ਼ਰ" ਨਿਥਾਵਾਂ, ਛਿਣ-ਭੰਗਰਾ, ਤੇ ਊਲ-ਜਲੂਲ ਹੈ ਤੇ ਗੈਰਹਾਜ਼ਰੀ, ਅਧਭੁੱਤ, ਮਨੁੱਖੀ ਤੇ ਬੇਲੋੜੀ ਹੈ। "ਪਾਣੀ ਦੇ ਇੱਕ ਛੋਟੇ ਲੋਟੇ ਵਾਂਗ" "ਗੈਰਾਂ ਹਾਜ਼ਰੀ ਮੈਨੂੰ ਤੋੜਦੀ ਹੈ" ਨਵੇਂ-ਨਵੇਂ ਵਿਛੁੰਨੇ ਫਲਿਸਤੀਨੀ ਹੁਣ ਸੈਨਿਕ ਸਾਸ਼ਣ ਅਧੀਨ ਆ ਜਾਂਦੇ ਹਨ ਤੇ ਉਹਨਾਂ ਉੱਤੇ ਗੁੰਝਲਦਾਰ, ਸੰਕਟਕਾਲੀ ਨੇਮ ਲਾਗੂ ਹੋ ਜਾਂਦੇ ਹਨ। ਉਹ ਆਪਣੀ ਹੀ ਮਾਤਰ ਭੂਮੀ ਵਿਚ ਬਿਨਾਂ ਆਗਿਆ ਦੇ ਸਫ਼ਰ ਨਹੀਂ ਕਰ ਸਕਦੇ ਤੇ ਨਾ ਹੀ ਅੱਠ-ਸਾਲਾ ਦਰਵੇਸ਼ ਆਪਣੇ ਸਕੂਲ ਵਿਚ ਇਜ਼ਰਾਈਲ ਦੀ ਦੂਸਰੀ ਵਰ੍ਹੇ-ਗੰਢ ਤੇ ਮੌਕੇ ਉੱਤੇ, ਇਜ਼ਰਾਈਲ ਦੇ ਸੈਨਿਕ ਗਵਰਨਰ ਦੇ ਕ੍ਰੋਧ ਨੂੰ ਸਹੇੜੇ ਬਿਨਾਂ, ਸਕੂਲ ਦੇ ਸਮਾਗਮ ਵਿਚ ਕਵਿਤਾ ਪੜ੍ਹ ਸਕਦਾ ਹੈ। ਇਸ ਤੋਂ ਪਿੱਛੋਂ ਉਸ ਨੂੰ ਹਰ ਵਾਰ ਇਜ਼ਰਾਈਲੀ ਅਫ਼ਸਰ ਦੇ ਆਉਣ ਉੱਤੇ ਲੁਕਣਾ ਪੈਂਦਾ ਸੀ, ਸਕੂਲ ਦੇ ਦਿਨਾਂ ਵਿਚ ਤੇ 1970 ਤੀਕ ਜਦੋਂ ਉਸ ਨੇ ਦੇਸ਼ ਤਿਆਗ ਨਹੀਂ ਦਿੱਤਾ, ਦਰਵੇਸ਼ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ ਤੇ ਬਾਰ-ਬਾਰ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ, ਉਸ ਉੱਤੇ ਦੋਸ਼ ਹੁੰਦਾ ਸੀ ਕਿ ਆਪਣੀਆਂ ਕਵਿਤਾਵਾਂ ਪੜ੍ਹਦਾ ਸੀ ਤੇ ਜਾਂ ਫਿਰ ਬਿਨਾਂ ਆਗਿਆ ਤੋਂ ਪਿੰਡ-ਪਿੰਡ ਸਫ਼ਰ ਕਰਦਾ ਸੀ।

ਬੀਰਵੇ ਪਿੰਡ ਨੂੰ ਧਰਤੀ ਅਤੇ ਨਕਸ਼ੇ ਤੋਂ ਮਿਟਾ ਦਿੱਤਾ ਗਿਆ, ਪਰ ਇਹ ਉਸ ਦੀ ਸਿਮ੍ਰਿਤੀ ਵਿਚ ਅਮਿੱਟ ਰਿਹਾ ਹੈ। ਜੋ "ਗਵਾਚੇ ਸਵਰਗ" ਦਾ ਇਕ ਭਰਮ ਸੀ। 1997 ਵਿਚ ਇਜ਼ਰਾਈਲ- ਫਰਾਂਸੀਸੀ ਫਿਲਮ ਬਣਾਉਣ ਵਾਲੀ ਸਾਲੀਮੋਨ-ਬਿਟਨ , ਬੀਰਵੇ ਪਿੰਡ ਵਿਚ ਦਰਵੇਸ਼ ਦੇ ਬਚਪਨ ਦੇ ਭੋਂ-ਦ੍ਰਿਸ਼ ਨੂੰ ਫਿਲਮਾਂਕਣ ਲਈ ਉਥੇ ਗਈ, ਪਰ ਉੱਥੇ ਖੰਡਰਾਂ ਅਤੇ ਉਜਾੜ ਤੋਂ ਬਿਨਾਂ ਕੁਝ ਵੀ ਨਹੀਂ ਸੀ ਤੇ ਜਾਂ ਫਿਰ ਘਾਹ-ਬੂਟ ਨਾਲ ਭਰਿਆ ਕਬਰਸਤਾਨ। 16 ਅਪ੍ਰੈਲ 2001 ਨੂੰ ਇਜ਼ਰਾਈਲੀ ਬੁੱਲਡੋਜ਼ਰਾਂ ਨੇ ਕਬਰਾਂ ਵਿਚ ਦੀ ਨਵੀਂ ਸੜਕ ਕੱਢਣੀ ਸ਼ੁਰੂ ਕੀਤੀ ਤੇ ਉਸ ਜਗ੍ਹਾ ਤੋਂ ਸਭ ਮਨੁੱਖੀ ਪਿੰਜਰ ਪੁੱਟ ਕੇ ਬਾਹਰ ਸੁੱਟ ਦਿੱਤੇ। ਜਲਾਵਤਨ ਕਵੀ ਲਈ ਉਜੜਿਆ ਪਿੰਡ ਸ਼ਰਨਾਰਥੀ ਦੀ ਪਿੱਠ ਉੱਤੇ ਗਠੜੀ ਦਾ ਸਾਮਾਨ ਬਣਕੇ ਰਹਿ ਗਿਆ ਸੀ। ਨਵੇਂ ਰਾਜ ਵਿਚ, ਨਾਗਰਿਕਤਾ ਤੋਂ ਇਨਕਾਰ ਹੋਣ ਉੱਤੇ, ਦਰਵੇਸ਼ ਨੇ ਆਪਣੀ ਪਛਾਣ ਵਾਸਤੇ ਮਾਤ-ਭਾਸ਼ਾ ਦਾ ਆਸਰਾ ਲਿਆ ਅਤੇ ਇਸ ਦੇ ਅਰਥਾਂ ਦੀ ਬਹਾਲੀ ਤੇ ਮਾਤ-ਭੂਮੀ ਦੀ ਪਛਾਣ ਦੀ ਜ਼ਿੰਮੇਵਾਰੀ ਸੰਭਾਲ ਲਈ।

"ਮੈਂ ਕੌਣ ਹਾਂ?

ਇਹ ਪ੍ਰਸ਼ਨ ਹੈ ਜੋ ਦੂਸਰੇ ਲੋਕ ਪੁੱਛਦੇ ਨੇ,
ਪਰ ਇਸ ਦਾ ਕੋਈ ਜਵਾਬ ਨਹੀਂ ਹੈ।
ਮੈਂ ਆਪਣੀ ਭਾਸ਼ਾ ਹਾਂ,
ਮੈਂ ਇਕ ਗੀਤ ਹਾਂ,
ਦੋ ਗੀਤ, ਦਸ ਗੀਤ।
ਇਹ ਮੇਰੀ ਭਾਸ਼ਾ ਹੈ,
ਮੈਂ ਆਪਣੀ ਭਾਸ਼ਾ ਹਾਂ।"
"ਅਸੀਂ ਕਿਸੇ ਵੀ ਹੋਰਸ ਵਾਂਗ ਯਾਤਰਾ ਕਰਦੇ ਹਾਂ।
ਪਰ ਕਿਤੇ ਵੀ ਪਹੁੰਚਦੇ ਨਹੀਂ।
ਸਾਡਾ ਦੇਸ਼ ਬਸ ਸ਼ਬਦਾਂ ਦਾ ਹੀ ਦੇਸ਼ ਹੈ।
ਗੱਲਾਂ ਕਰੀ ਜਾਓ, ਕਰੀ ਜਾਓ ਤੇ ਬੱਸ।"

1996 ਵਿਚ 26 ਸਾਲ ਦੀ ਜਲਾਵਤਨੀ ਬਾਅਦ ਦਰਵੇਸ਼ ਨੂੰ ਆਪਣੇ ਪਰਿਵਾਰ ਨੂੰ ਮਿਲਣ ਦੀ ਇਜ਼ਾਜਤ ਮਿਲੀ ਤੇ ਉਸ ਦੇ ਹਮਵਤਨਾਂ ਅਥਵਾ "ਸਦੀਵੀਂ ਸ਼ਰਨਾਰਥੀਆਂ" ਨੇ, ਉਸ ਦਾ ਭਰਵਾਂ ਸੁਆਗਤ ਕੀਤਾ। ਹਜ਼ਾਰਾਂ ਹੀ ਫਲਿਸਤੀਨੀਆਂ ਨੇ ਜਸ਼ਨ ਦੇ ਰੂਪ ਵਿਚ ਉਸ ਦੀਆਂ ਹਰਮਨ ਪਿਆਰੀਆਂ ਕਵਿਤਾਵਾਂ ਪੜ੍ਹਦੇ ਹੋਏ ਉਸ ਨੂੰ ਜੀ ਆਇਆਂ ਕਿਹਾ। ਪਿੱਛੋਂ ਦਰਵੇਸ਼ ਨੇ ਆਪਣੀ ਮਾਤ-ਭੂਮੀ ਲਈ ਆਪਣੀ ਪੀੜ ਤੇ ਤਾਂਘ ਦਾ ਵਰਨਣ ਕੀਤਾ ਹੈ।

"ਜਿੰਨਾ ਚਿਰ ਮੇਰੀ ਰੂਹ ਜਿਉਂਦੀ ਹੈ, ਕੋਈ ਵੀ ਮੇਰੇ ਦੇਸ਼ ਲਈ ਮੇਰੇ ਭੌਂ-ਹੇਰਵੇਂ ਨੂੰ ਦਬਾਅ ਕੇ ਨਹੀਂ ਰੱਖ ਸਕਦਾ। ਮੈਂ ਅਜੇ ਵੀ ਫਲਿਸਤੀਨੀ ਹਾਂ।"

ਦਰਵੇਸ਼ ਦੀ ਕਵਿਤਾਵਾਂ ਦੀ ਵੀਹਵੀਂ ਪੁਸਤਕ Mural (ਕੰਧ ਚਿੱਤਰ) ਜੋ ਇਹਨਾਂ ਹੀ ਦਿਨਾਂ ਵਿਚ ਛਪੀ ਹੈ, ਉਹ ਪ੍ਰਗੀਤ ਤੇ ਮਹਾ-ਕਾਵਿ ਨੂੰ ਜੋੜਦੀ ਹੈ, ਉਸ ਦੀ ਸਮੁੱਚੀ ਜ਼ਿੰਦਗੀ ਤੇ ਮ੍ਰਿਤੂ ਨਾਲ ਉਸਦੀ ਟੱਕਰ ਨੂੰ ਜੋਸ਼ੀਲੇ ਚਿੰਤਨ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਕਵਿਤਾ ਦੇ ਸੋਚੇ-ਸਮਝੇ ਉਦੇਸ਼ ਕਵੀ ਦੀ ਪ੍ਰਭਾਵਸ਼ਾਲੀ ਪਕੜ ਦਾ ਪ੍ਰਮਾਣ ਦਿੰਦੇ ਹਨ। ਅਰਬੀ ਭਾਸ਼ਾ ਦੀਆਂ ਕਈ ਸਦੀਆਂ ਦੇ ਕਾਵਿ-ਰੂਪਾਂ ਨੂੰ ਗ੍ਰਹਿਣ ਕਰ ਕੇ ਅਤੇ ਆਧੁਨਿਕ ਸੰਵੇਦਨਾ ਦੀ ਛੈਣੀ ਦੀ ਵਰਤੋਂ ਕਰਨ ਦੇ ਨਾਲ-ਨਾਲ ਬੀਤ ਚੁੱਕੇ ਦੇ ਲੁਕੇ ਹੋਏ ਭਰਪੂਰ ਸਾਹਿਤਕ ਖਜ਼ਾਨੇ ਦੀ ਵਰਤੋਂ ਸਦਕਾ, ਦਰਵੇਸ਼ ਨੇ ਆਪਣੀ ਕਲਾ ਨੂੰ ਦੇਸ਼ ਨਿਕਾਲੇ ਦੀ ਮੋਹਰ ਛਾਪ ਨਾਲ ਜੋੜ ਕੇ ਅਤੇ ਆਮ ਲੋਕਾਂ ਦੀ ਪ੍ਰਵਾਨਗੀ ਅਤੇ ਆਲੋਚਨਾ ਤੋਂ ਮੁਕਤ ਰਹਿੰਦਿਆਂ ਆਪਣੀ ਇਸ ਮੰਗ ਨੂੰ ਜੋੜ ਲਿਆ ਹੈ ਕਿ ਇਹ ਕਲਾ ਆਪਣੇ ਆਪ ਪ੍ਰਤੀ ਵੀ ਸੁਹਿਰਦ ਰਹੇ। ਆਪਣੇ ਲੋਕਾਂ ਦੇ ਇਤਿਹਾਸਕ ਤਜਰਬੇ ਤੋਂ ਪੱਲਾ ਨਾ ਬਚਾਉਂਦੇ ਹੋਏ, ਇਕ ਕਲਾਕਾਰ ਵਜੋਂ ਉਹ ਲਗਾਤਾਰ ਸਾਡੀਆਂ ਆਸਾਂ ਉਮੀਦਾਂ ਉੱਤੇ ਪੂਰਾ ਉਤਰਦਾ ਰਿਹਾ ਹੈ। ਸ਼ਾਇਦ ਸਾਡੇ ਸਮਿਆਂ ਵਿਚ ਕਿਸੇ ਹੋਰ ਕਵੀ ਨੇ, ਏਨਾ ਬੋਝ ਨਹੀਂ ਉਠਾਇਆ ਕਿ ਬੰਦਾ ਸਤਿਕਾਰ ਦਾ ਪਾਤਰ ਵੀ ਰਹੇ ਤੇ ਲੋਕਾਂ ਦੀ ਆਵਾਜ਼ ਬਣੇ ਰਹਿਣ ਦਾ ਮਾਣ ਵੀ ਪ੍ਰਾਪਤ ਕਰੀ ਰੱਖੇ ਅਤੇ ਆਪਣੀ ਕਵਿਤਾ ਪ੍ਰਤੀ ਵੀ ਸੱਚਾ ਰਹੇ। ਅਜਿਹਾ ਕਵੀ ਜੋ ਸੱਭਿਆਚਾਰਕ ਤੌਰ ਤੇ ਬਹੁ-ਪੱਖੀ ਅਤੇ ਆਤਮਿਕ ਤੌਰ 'ਤੇ ਇਕੱਲਾ-ਕਾਰਾ ਹੋਵੇ। ਉਸ ਦੀ ਕਵਿਤਾ ਸਾਂਝੀ ਆਂਤਰਿਕ ਸਿਮ੍ਰਿਤੀ ਦਾ ਭਾਸ਼ਾਈ ਸਿੱਟਾ ਵੀ ਹੈ ਤੇ ਕੌਮਾਂਤਰੀ ਤੇ ਇਲਾਕਾਈ ਕਾਵਿਕ ਅੰਦੋਲਨਾਂ ਨੂੰ ਗ੍ਰਹਿਣ ਕਰਕੇ ਦਿੱਤਾ ਜਜ਼ਬਾਤੀ ਕਾਵਿਕ ਹੁੰਗਾਰਾ ਵੀ ਹੈ। ਉਹ ਓਨਾ ਹੀ ਫਲਿਸਤੀਨ ਦੀ ਆਵਾਜ਼ ਹੈ, ਜਿੰਨਾ ਟੁਕੜੇ-ਟੁਕੜੇ ਹੋਈ ਰੂਹ ਦੀ ਆਵਾਜ਼। ਇਹ ਫਲਿਸਤੀਨ ਦੀ ਆਤਮਾ ਹੈ, ਜਿਸ ਦੀ ਗੂੰਜ ਦਰਵੇਸ਼ ਦੀ ਰਚਨਾ ਵਿਚੋਂ ਸੁਣਾਈ ਦਿੰਦੀ ਹੈ। ਤੇ ਇਹ ਦੁਖ ਤੇ ਮੁਸੀਬਤ ਵਿਚ ਹਾਜ਼ਰ-



ਨਾਜ਼ਰ ਹੈ। ਇੱਕ ਸ਼ਹਿਰ ਤੋਂ ਦੂਸਰੇ ਤੀਕ, ਇਕ ਜਲਾਵਤਨੀ ਤੋਂ ਦੂਸਰੀ ਤੀਕ, ਉਸ ਨੇ ਵੱਖਰੀ ਤਰ੍ਹਾਂ ਨਾਲ ਫਲਿਸਤੀਨ ਦੀ ਸੰਵੇਦਨਾ ਤੇ ਆਤਮਾ ਬਾਰੇ ਲਿਖਿਆ ਹੈ, ਫਲਿਸਤੀਨ ਦੀ ਬੀਤ ਗਈ ਸਭਿਆਚਾਰਕ ਅਮੀਰੀ ਵਿਚੋਂ ਤੇ ਇਸ ਦੀ ਸਾਧਾਰਨ ਹੋਣੀ ਦੇ ਵਿਸ਼ਵਾਸ ਰਾਹੀਂ ਲਿਖਿਆ ਹੈ। ਨਾਲ ਦੀ ਨਾਲ ਉਹ ਸਾਰੇ ਸੰਸਾਰ ਦਾ ਸ਼ਹਿਰੀ ਤੇ ਕਵੀ ਬਣ ਗਿਆ ਹੈ।

ਦਰਵੇਸ਼ ਦਾ ਕਾਵਿਕ ਭਾਈਚਾਰਾ ਫਰੈਡਰਿਕ ਗਾਰਸ਼ੀਆ ਲੋਰਕਾ ਦੇ Deep Sing ਪਾਬਲੋ ਨੇਰੂਦਾ ਦੇ ਮਹਾ-ਕਾਵਿਕ ਘੇਰੇ, ਓਸਿਪ ਮੈਂਡਲਸ ਟੈਮ ਦੀ ਮਰਸੀਏ ਵਾਲੀ ਤੀਖਣਤਾ, ਅਤੇ ਯੇਹੂਦਾ ਅਮੀਰੀ ਦੀ ਇਲਾਕੇ ਦੇ ਸਮਕਾਲੀ ਇਤਿਹਾਸ ਦੇ ਸੰਵੇਦਨਸ਼ੀਲ ਸੰਗੀਤਕ ਹੁੰਗਾਰੇ ਨਾਲ ਜਾ ਮਿਲਦਾ ਹੈ, ਸੂਖਮ ਕਵੀ ਵਜੋਂ ਉਹ ਸੀ.ਪੀ. ਕੁਆਫੀ (C.P. Cauafy) ਨਾਲ ਮਿਲਦਾ-ਜੁਲਦਾ ਹੈ ਤੇ ਉਹ ਪਿਛਲੀ ਸਦੀ ਦੇ ਹੋਰ ਦੇਸ਼ ਨਿਕਾਲੇ ਦੇ ਕਵੀਆਂ ਨਾਲ ਕੁਝ ਹੱਦ ਤੀਕ ਸਾਹਿਤਕ ਕਲਾ ਦੀ ਸੂਖਮਤਾ ਦਾ ਭਾਈਵਾਲ ਬਣਦਾ ਹੈ। ਭਾਵੇਂ ਉਸ ਦੇ ਬਾਅਦ ਦੇ ਸੰਗ੍ਰਹਿ, ਦ੍ਰਿਸ਼ਟੀ ਵਜੋਂ ਵਧੇਰੇ ਸਰਬ-ਵਿਆਪੀ ਹਨ, ਉਹਨਾਂ ਵਿਚ ਇਕ ਸ਼ਕਤੀਸ਼ਾਲੀ ਚੀਖ਼ ਤੇ ਵੇਦਨਾ ਦਾ ਬਿਆਨ ਹੈ ਅਤੇ ਇਸ ਦੀ ਰੂਹ ਦੀ ਭੂਗੋਲਿਕ ਦਸ਼ਾ ਤੇ ਜਨ-ਸਾਧਾਰਨ ਦੀ ਬਿਪਤਾ ਦਾ ਬਿਰਤਾਂਤ ਦੋਵੇਂ ਚੀਜ਼ਾਂ ਹਨ। ਉਹ ਕਵਿਤਾਵਾਂ ਮਨੁੱਖੀ ਦਸ਼ਾ ਦੇ ਨਿਘਾਰ ਦਾ ਵਿਰਲਾਪ ਕਰਦੀਆਂ ਹਨ ਤੇ ਇਕ ਨਵੀਂ ਹੋਣੀ ਸਿਰਜਣ ਲਈ ਲੁਪਤ ਸ਼ਕਤੀਆਂ ਨੂੰ ਹਰਕਤ ਵਿਚ ਲਿਆਉਣ ਦਾ ਯਤਨ ਕਰਦੀਆਂ ਹਨ।

ਜੋ ਕੋਈ ਵਿਸ਼ੇਸ਼ ਮਾਨਸਿਕ ਦਸ਼ਾ, ਉਸ ਦੀ ਰਚਨਾ ਵਿਚ ਨਿਰੰਤਰ ਕਾਇਮ ਰਹਿੰਦੀ ਹੈ, ਤਾਂ ਇਹ ਅੰਤਰਮੁਖਤਾ ਦਾ ਪ੍ਰਸ਼ਨ ਹੈ। ਸਿਰਫ਼ ਅਸਥਿਰਤਾ ਦੀ ਪਛਾਣ ਹੀ ਨਹੀਂ, ਸਗੋਂ ਭਿੰਨਤਾ ਦੀ ਹੈ। ਇਹ ਬਦਕਿਸਮਤੀ ਨਾਲ 'ਬਹਿਸ਼ਤ' ਦਾ ਆਤਮਿਕ ਆਕਾਰ ਸੀ ਜੋ ਉਸ ਦੀ ਸਾਰੀ ਰਚਨਾ ਤੇ ਜੀਵਨ ਵਿਚ ਕਾਇਮ ਰਿਹਾ ਹੈ।

ਉਸ ਨੇ "ਫਲਿਸਤੀਨ ਵਿਚ ਅਲੰਕਾਰ" ਲੇਖ ਵਿਚ ਲਿਖਿਆ ਸੀ, "ਮੈਂ ਵੇਖਿਆ ਹੈ ਕਿ ਧਰਤੀ ਭੁਰਭੁਰੀ ਹੈ ਤੇ ਸਮੁੰਦਰ ਹਲਕਾ। ਮੈਂ ਸਿੱਖਿਆ ਹੈ ਕਿ ਭਾਸ਼ਾ ਤੇ ਅਲੰਕਾਰ ਕਿਸੇ ਥਾਂ ਨੂੰ ਵਾਪਸ ਦਿਵਾਉਣ ਲਈ ਕਾਫੀ ਨਹੀਂ ਹਨ......। ਧਰਤੀ ਉੱਤੇ ਆਪਣੀ ਥਾਂ ਲੱਭਣ ਤੋਂ ਅਸਫਲ ਰਹਿਣ ਪਿਛੋਂ, ਮੈਂ ਇਸ ਨੂੰ ਇਤਿਹਾਸ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ ਤੇ ਇਤਿਹਾਸ ਨੂੰ ਭੂਗੋਲ ਦੇ ਮੁਆਵਜ਼ੇ ਤੀਕ ਘਟਾਇਆ ਨਹੀਂ ਜਾ ਸਕਦਾ। ਇਹ ਪ੍ਰਛਾਵਿਆਂ ਲਈ ਲਾਭ ਦਾ ਨੁਕਤਾ ਹੈ, ਆਪਣੇ ਲਈ ਤੇ ਦੂਸਰੇ ਲਈ, ਜੋ ਜਟਿਲ ਮਨੁੱਖੀ ਯਾਤਰਾ ਲਈ ਸਮਝਿਆ ਜਾ ਸਕਦਾ ਹੈ......। ਕੀ ਇਹ ਸਾਦੀ ਕਲਾਤਮਿਕ ਚਲਾਕੀ ਹੈ, ਸਾਧਾਰਨ ਉਧਾਰ ਲੈਣ ਦੀ ਗੱਲ ਦਾ ਜਾਂ ਇਹ ਨਿਰਾਸਤਾ ਹੈ ਜੋ ਸ਼ਕਲ ਧਾਰਨ ਕਰ ਰਹੀ ਹੈ। ਉੱਤਰ ਦਾ ਕੋਈ ਮਹੱਤਵ ਨਹੀਂ ਹੈ। ਮੇਰੇ ਲਈ ਜ਼ਰੂਰੀ ਚੀਜ਼ ਇਹ ਹੈ ਕਿ ਮੈਂ ਇਕ ਸੰਗੀਤਕ ਸਮਰੱਥਾ ਪ੍ਰਾਪਤ ਕਰ ਲਈ ਹੈ, ਸਾਖੇਪਕ ਤੋਂ ਸਦੀਵੀ ਤੀਕ, ਕੌਮੀ ਨੂੰ ਸਰਬ-ਵਿਆਪੀ ਨਾਲ ਜੋੜਨ ਦਾ ਇਕ ਰਾਹ, ਫਲਿਸਤੀਨ ਨੂੰ ਫਲਿਸਤੀਨ ਵਿਚ ਸੀਮਤ ਨਾ ਕਰ ਦੇਣਾ, ਸਗੋਂ ਇਸ ਦੀ ਸੁਹਜਾਤਮਿਕ ਯੋਗਤਾ ਨੂੰ ਮਹਾਨ ਮਨੁੱਖੀ ਖੇਤਰ ਨਾਲ ਜੋੜ ਦੇਣ ਵਿਚ ਹੈ।"

ਕਵੀ ਦੀ ਮਾਤ-ਭੂਮੀ ਦੀ ਮੁਸੀਬਤ ਸਮੇਂ ਸਾਨੂੰ ਉਮੀਦ ਹੈ ਕਿ ਹੁਣ ਵਾਲੀ ਪੁਸਤਕ ਤੇ ਦੂਸਰੀ ਛਪੀ ਪੁਸਤਕ (Adam in two Edens) ਉਸ ਦੇ ਪਾਠਕਾਂ ਦੇ ਘੇਰੇ ਨੂੰ ਅੰਗ੍ਰੇਜ਼ੀ- ਜਾਨਣ ਵਾਲੇ ਪਾਠਕਾਂ ਤੀਕ ਵਧਾਵੇਗੀ। •

**(ਅਗਸਤ 2001) ਪੰਜਾਬੀ ਅਨੁਵਾਦ ਹ.ਸ.ਹ.**

ਕਾਵਿ-ਚਿਤਰ

# ਮਹਿਮੂਦ-ਦਰਵੇਸ਼ ਦੇ ਨਾਂ

-ਹਰਭਜਨ ਸਿੰਘ ਹੁੰਦਲ

ਤੂੰ ਵੀ ਅਜੀਬ ਚੀਜ਼ ਹੈ
ਮਹਿਮੂਦ ਦਰਵੇਸ਼!!

ਮੈਂ ਪੁੱਛਦਾ ਹਾਂ ,
"ਤੇਰਾ ਪਿੰਡ ਕਿੱਥੇ ਹੈ ?
ਤੇ ਕਿਹੜਾ ਦੇਸ਼ ਤੇਰਾ ਹੈ ?

ਕਿੱਥੇ ਨੇ ਤੇਰੀਆਂ ਭੈਣਾਂ ਤੇ ਮਾਂ
ਤੇਰਾ ਮਾਲ-ਭੰਡਾਰ, ਤੇਰੇ ਖੇਤ
ਤੇਰੀ ਜੱਦੀ-ਜਾਇਦਾਦ ?"

ਕੀ ਹੈ ਤੇਰੇ ਘਰ ਦਾ ਨੰਬਰ?
ਗਲੀ ਦਾ ਨਾਂ
ਫੋਨ-ਨੰਬਰ ?
ਕਿੱਥੇ ਨੇ ਤੇਰੀਆਂ ਕਿਤਾਬਾਂ
ਤੇਰੀ ਪਾਸਪੋਰਟ ?
ਮੋਢੇ ਨਾਲ ਲਟਕਦਾ ਕਾਰਤੂਸਾਂ ਦਾ ਝੋਲਾ
ਤੇਰੀ ਬੰਦੂਕ ?

ਕੀ ਤੇਰੇ ਕੋਲ ਸਾਂਭਣ ਵਾਲੀ
ਕੋਈ ਵੀ ਸ਼ੈਅ ਨਹੀਂ ਹੈ?

ਹਾਂ, ਤੇਰੇ ਕੋਲ ਕਵਿਤਾਵਾਂ ਨੇ
ਵੰਨ-ਸਵਨੀਆਂ
ਜੂਝਦੀਆਂ
ਸ਼ਹੀਦ ਹੁੰਦੀਆਂ।

ਸੱਚ ਮੰਨੀ
ਤੂੰ ਠੀਕ ਹੀ ਦਰਵੇਸ਼ ਕਵੀ ਹੈਂ।
ਮੇਰੇ ਕੋਲ ਤੇਰੀਆਂ ਕਵਿਤਾਵਾਂ
ਕਈ, ਵੇਸ ਤੇ ਭੇਸ ਬਦਲ ਬਦਲ ਕੇ
ਗੁਰੀਲੇ ਮਿੱਤਰਾਂ ਵਾਂਗ ਪੁਹੰਚਦੀਆਂ ਨੇ।

ਆਖਦੇ ਨੇ;
'ਦਰਵੇਸ਼ਾਂ ਦਾ ਕੋਈ ਘਰ ਨਹੀਂ ਹੁੰਦਾ।
ਹਰ ਲੰਮੀ ਉਦਾਸੀ ਵੇਲੇ
ਉਹ ਕੁਝ ਵੀ ਪੱਲੇ, ਬੰਨ੍ਹ ਕੇ ਨਹੀਂ ਤੁਰਦੇ।'

ਦੱਸੀਂ ਤਾਂ ਸਹੀ,
ਤੂੰ ਇਸ ਵੇਲੇ ਲੰਡਨ ਵਿਚ ਹੈਂ
ਕਿ ਪੈਰਸ ਵਿੱਚ ?
ਬੈਰੂਤ ਵਿੱਚ ਹੈਂ ਕਿ ਬਸਰੇ, ਬਗਦਾਦ ?
ਕੁਝ ਨਹੀਂ ਯਾਦ ।

ਜਿੱਥੇ ਵੀ ਕਿਤੇ ਹੈਂ
ਮੇਰੀ ਹਾਕ ਤੇ ਕੰਨ ਧਰੀਂ
ਕਵਿਤਾ ਦੀ ਰੌਸ਼ਨੀ ਵਿੱਚ
ਮੈਂ ਤੇਰੇ ਰੂਬਰੂ ਹੋਣਾ ਹੈ।
-ਗੁਲਾਬ ਦੀ ਗੱਲ ਕਰਨੀ ਹੈ।
ਸੱਚ ਦੀ ਹਾਜ਼ਰੀ ਭਰਨੀ ਹੈ।
ਕੀ ਹੈ ਤੇਰਾ ਤੇ ਮੇਰਾ ਰਿਸ਼ਤਾ ?
ਮੈਂ ਜੋ ਆਪਣੀ ਜ਼ੁਬਾਨ ਦਾ
ਇੱਕ ਗੁੰਮਨਾਮ ਕਵੀ ਹਾਂ।
ਪਰ ਮੈਨੂੰ ਇੰਝ ਲੱਗਦਾ ਹੈ।

ਕਿ ਤੂੰ ਤੇ ਮੇਰੀ ਬੋਲੀ ਦਾ ਹੀ ਕਵੀ ਹੈਂ
ਸੂਫ਼ੀ ਦਰਵੇਸ਼
'ਬੁੱਲਾ' ਤੇ 'ਬਾਹੂ'।

ਕਿਥੇ ਨੇ ਤੇਰੇ ਜ਼ੈਤੂਨ ਦੀਆਂ ਟਾਹਣੀਆਂ ?
ਜ਼ਖ਼ਮੀ ਘੁੱਗੀ ਦੇ ਗੀਤ
ਲਹੂ-ਭਿੱਜੀ,ਟਾਕੀਆਂ-ਲੱਗੀ-ਕਮੀਜ਼
ਤੇਰੇ, ਘਰ ਦੀ ਦਹਿਲੀਜ਼?
ਤੰਬੂ ਸਾਹਮਣੇ
ਚਾਵੇਂ ਚੁੱਲੇ ਤੇ ਰਿੱਝਦੀ ਦਾਲ
ਖਾਈਦੀ ਚਾਵਾਂ ਦੇ ਨਾਲ।
ਤੂੰ ਜਿਸ ਸ਼ਹਿਰ ਮਹਾਂ-ਨਗਰ ਵਿਚ ਹੈਂ
ਮੈਨੂੰ ਆਵਾਜ਼ ਦੇਵੀਂ



ਮੈਂ ਤੇਰੇ ਨਾਲ ਕਈ ਰਾਜ਼ ਸਾਂਝੇ
ਕਰਨੇ ਹਨ।

ਮੈਂ ਜੋ ਆਪਣੇ ਹੀ ਪਿਆਰੇ ਵਤਨ ਵਿੱਚ
ਬੇਵਤਨਿਆਂ ਵਾਂਗ ਰਹਿੰਦਾ ਹਾਂ
ਦੇਸ਼ ਦਾ ਬਾਗੀ ਬਾਸ਼ਿੰਦਾ ਹਾਂ
ਦੂਸ਼ਣਾਂ ਦੀ ਕਾਲੀ ਬਾਰਸ਼ ਵਿਚ
ਭਿੱਜਦਾ ਪਰਿੰਦਾ ਹਾਂ
ਤੇਰਾ ਤਾਮੀਲ-ਕੁਨਿੰਦਾ ਹਾਂ।

ਮੈਂ ਤੈਨੂੰ ਪੁੱਛਣਾ ਹੈ,
ਕਿ ਕਿਵੇਂ ਮੱਕੀ ਦੇ ਆਟੇ ਵਾਂਗ
ਤੂੰ ਸ਼ਾਇਰੀ ਤੇ ਸਿਆਸਤ ਨੂੰ
ਆਪੋ ਵਿੱਚ ਗੁੰਨ ਕੇ ਪਕਾਉਂਦਾ ਏਂ।
ਕਿਵੇਂ ਆਪਣੇ ਦਰਦ ਨੂੰ
ਗਵਾਚੇ ਵਤਨ ਦੀ ਪੀੜ ਵਿੱਚ
ਘੋਲ ਕੇ ਪੀਂਦਾ, ਪਿਆਉਂਦਾ ਏਂ।

ਕਿਵੇਂ ਜੀਊਂਦਾ ਹੈਂ ?
ਕਿਵੇਂ ਜੂਝਦਾ ਹੈਂ ?
ਕਿਵੇਂ ਮਰਦਾ ਹੈਂ ?

ਜ਼ਰਾ ਦੱਸੀਂ ਤਾਂ ਸਹੀ
ਸੂਲੀ ਦੀ ਨੋਕ ਉੱਤੇ
ਤੈਨੂੰ ਕਵਿਤਾ ਕਿਵੇਂ ਫੁਰਦੀ ਹੈ ?
ਠੋਕਰਾਂ ਖਾਂਦੇ, ਤੁਰਦੇ
ਤੇਰੀ ਕਲਪਣਾ ਦੀ ਕਾਨੀ
ਕੋਰੇ ਕਾਗਜ਼ ਉੱਤੇ
ਕਿਵੇਂ ਤੁਰਦੀ ਹੈ? •

(17-10-2003)

ਇਕ ਪੁਰਾਣੀ ਮੁਲਾਕਾਤ

# ਮਹਿਮੂਦ-ਦਰਵੇਸ਼ ਨਾਲ ਵਾਰਤਾਲਾਪ

ਪ੍ਰਸ਼ਨ ਕਰਤਾ- ਮਾਈਕਲ ਸਿਮਨਜ਼

ਬੜੇ ਘੱਟ ਲੋਕਾਂ ਨੇ ਫਲਿਸਤੀਨੀ ਉਦੇਸ਼ ਦੇ ਦਰਦ ਨੂੰ ਕਵੀ ਮਹਿਮੂਦ ਦਰਵੇਸ਼ ਜਿੰਨੀ ਸ਼ਕਤੀ ਨਾਲ ਜੋੜਿਆ ਹੈ। ਇਕ ਗੰਭੀਰ ਤੇ ਨਿਰਦਈ ਕਰੋਧ ਉਸ ਦੀ ਵਧੇਰੇ ਕਵਿਤਾ ਵਿਚ ਭਰਿਆ ਪਿਆ ਹੈ। ਕਵਿਤਾਵਾਂ ਜੋ ਉਹ ਸਾਰੇ ਅਰਬ-ਜਗਤ ਵਿਚ ਹਜ਼ਾਰਾਂ ਦੀਆਂ ਭੀੜਾਂ ਸਾਹਮਣੇ ਪੜ੍ਹਦਾ ਰਿਹਾ ਹੈ।

ਕਈ ਸਾਲ ਉਹ ਯਾਸਰ ਇਰਾਫਤ ਦਾ ਮਿੱਤਰ ਅਤੇ ਸੀਨੀਅਰ ਲਫਟੈਣ ਰਿਹਾ ਹੈ ਤੇ ਥੋੜ੍ਹਾ ਸਮਾਂ ਹੀ ਪਹਿਲਾਂ ਉਹ ਬੈਰੂਤ ਵਿਚ ਪੀ.ਐਲ.ਓ. ਖੋਜ ਕੇਂਦਰ ਦਾ ਡਾਇਰੈਕਟਰ ਸੀ, ਪਰ ਹਮੇਸ਼ਾਂ ਹੀ, ਉਹ ਕਹਿੰਦਾ ਹੈ, ਕਿ ਉਸ ਵਿਚ ਇਹ ਯੋਗਤਾ ਜਾਂ ਸਹੂਲਤ ਹੈ, ਕਿ ਉਹ ਜੋ ਕੁਝ ਕਰ ਰਿਹਾ ਹੈ, ਉਸ ਬਾਰੇ ਲਿਖਣਾ ਤਿਆਗ ਦੇਵੇ। ਅੱਜ 42 ਸਾਲ ਦੀ ਉਮਰ ਵਿਚ ਉਹ ਸ਼ਾਇਦ "ਕਬਜ਼ੇ ਹੇਠਲੇ ਆਈ ਧਰਤੀ" ਦਾ ਸ੍ਰੇਸ਼ਟ ਕਵੀ ਹੈ। ਜੋ ਬਾਕਾਇਦਾ ਲਗਾਤਾਰ ਲਿਖਦਾ ਹੈ ਤੇ ਉਹ ਰਚਨਾਵਾਂ ਰਚਦਾ ਹੈ, ਜੋ 'ਵਿਲਫਰੈਡ ਓਵਨ' ਦੇ ਕਥਨ ਅਨੁਸਾਰ "ਜੰਗ ਦੇ ਤਰਸ" ਤੋਂ ਅਗੇਰੇ ਨਾ-ਮੁੱਕਣ ਵਾਲੇ ਦਰਦ ਤੀਕ ਜਾਂਦੀਆਂ ਹਨ। ਕਈ ਸਾਲਾਂ ਤੀਕ ਉਹ ਇਜ਼ਰਾਈਲ ਦੀ ਹਿੱਟ-ਲਿਸਟ ਉੱਤੇ ਰਿਹਾ ਹੈ। ਉਹਨਾਂ ਨੂੰ ਚੁੱਭਦਾ ਇੱਕ ਨਿਰੰਤਰ ਕੰਡਾ। ਭਾਵੇਂ ਉਹ ਗਾਲੀਲੀ ਵਿਚ ਜੰਮਿਆ ਸੀ। ਉਸ ਨੂੰ ਆਪਣੇ ਪਿਤਾ ਦੀ ਉਹ ਮੂਰਤ ਯਾਦ ਆਉਂਦੀ ਹੈ, ਇਕ ਅਜਿਹੇ ਕਿਸਾਨ ਦੀ ਜੋ ਭੋਂ ਨੂੰ ਆਪਣੇ ਹੱਥਾਂ ਨਾਲ ਵਾਹੁੰਦਾ ਸੀ। ਉਸ ਦੇ ਦੋਸਤਾਂ ਅਨੁਸਾਰ ਹੁਣ ਉਹ ਫਲਿਸਤੀਨੀ ਹਿੱਤਾਂ ਨੂੰ ਇਜ਼ਰਾਲੀਆਂ ਨਾਲ ਰਲ ਕੇ ਕੀਤੀ ਅਰਬਾਂ ਦੀ ਸਾਜ਼ਿਸ਼ ਦੇ ਵਿਰੁੱਧ ਬੋਲਣ ਕਾਰਨ ਅਰਬਾਂ ਦੀ ਹਿੱਟ-ਲਿਸਟ ਉੱਤੇ ਹੈ। ਉਹ ਘੱਟ ਹੀ ਇਕ ਥਾਂ ਉੱਤੇ ਦੋ ਰਾਤਾਂ ਤੋਂ ਵੱਧ ਸੌਂਦਾ ਹੈ।

ਹੁਣ ਤੀਕ ਪਿਛਲੇ ਸਾਲ ਉਹ ਬੈਰੂਤ ਵਿਚੋਂ ਬਚ ਨਿਕਲਿਆ ਸੀ, ਐਧਰ ਸਾਬਰਾਂ ਤੇ ਛਾਤੀਲਾ ਦੇ ਕਤਲੇ-ਆਮ ਤੋਂ ਪਿੱਛੋਂ ਉਹ ਰੋਸ ਵਜੋਂ ਛੱਡ ਕੇ ਚਲਾ ਗਿਆ ਤੇ ਸਹੁੰ ਖਾਧੀ ਕਿ ਫਿਰ ਕਦੀ ਉਹ ਕਿਸੇ ਅਰਬ ਦੇਸ਼ ਵਿਚ ਨਹੀਂ ਰਹੇਗਾ। ਕਿਸੇ ਵੀ ਅਰਬ ਦੇਸ਼ ਵਿਚ ਨਹੀਂ - ਜਿੱਥੇ ਇੰਝ ਹਮਲਾ ਹੋਵੇ ਤੇ ਜਿੱਥੇ ਅਜਿਹੀਆਂ ਗੱਲਾਂ ਵਾਪਰਨ ਦਿੱਤੀਆਂ ਜਾਣ ਤੇ ਲੋਕ ਚੁੱਪ-ਚਾਪ ਵੇਖਦੇ ਰਹਿਣ। ਹੁਣ ਕਿਸੇ ਨਾਲ ਵੀ ਜੁੜਿਆ ਨਾ ਹੋਣ ਕਾਰਨ ਤੇ ਸਪੱਸ਼ਟ ਭਾਂਤ ਝੰਜਟਾਂ ਤੋਂ ਮੁਕਤ ਹੈ। ਸਿਵਾਏ ਆਪਣੀ ਕਵਿਤਾ ਤੇ ਕੰਮ ਨਾਲ ਜੁੜੇ ਹੋਣ ਤੋਂ। ਉਹ ਲੰਡਨ, ਪੈਰਿਸ ਤੇ ਮਾਸਕੋ ਨਾਲ ਸੰਪਰਕ ਜੋੜੀ ਰੱਖਦਾ ਹੈ ਤੇ ਜਿੱਥੇ ਕਿਤੇ ਵੀ ਲੋਕ ਉਸ ਨੂੰ ਸਰੋਤਿਆਂ ਵਾਂਗ ਸੁਣਦੇ ਹਨ। ਹਾਲ ਦੀ ਘੜੀ, ਜਿਵੇਂ ਉਹ ਆਖਦਾ ਹੈ, "ਉਹ ਪੈਰਿਸ ਵਿਚ ਇਕ ਸ਼ਰਨਾਰਥੀ ਵਾਂਗ ਰਹਿ ਰਿਹਾ ਹੈ।"

ਇਸ ਹਫਤੇ ਉਹ ਸਮਰਥਕਾਂ ਤੇ ਮਿੱਤਰਾਂ ਸਾਹਮਣੇ ਕਵਿਤਾ ਪਾਠ ਲਈ ਲੰਡਨ ਵਿਚ ਸੀ ਤੇ ਅਗਲੇ ਹਫਤੇ ਵੀ ਫਿਰ ਮਿਲੇਗਾ। ਉਸ ਨੇ ਇਕ ਗੁੰਮਨਾਮ ਵੈਸਟ-ਐਂਡ-ਹੋਟਲ ਵਿਚ ਹੀਥਰੋ ਦੇ ਹਵਾਈ ਅੱਡੇ ਵੱਲ ਜਾਣ ਤੋਂ ਪਹਿਲਾਂ ਘੜੀ ਪਲ ਲਈ ਵਾਰਤਾਲਾਪ ਕੀਤੀ ਸੀ।

ਉਹ ਆਦਮੀ ਜੋ ਏਨਾ ਉਤਸ਼ਾਹੀ ਅਤੇ ਗੁੰਝਲਦਾਰ ਕੰਮ ਕਰਦਾ ਹੈ, ਉਸ ਦੇ ਮੂੰਹੋਂ ਅਜਿਹੇ ਸੂਖਮ ਵਾਕ ਸੁਣਨੇ ਬੰਦੇ ਨੂੰ ਨਿਹੱਥਾ ਕਰਨ ਦੇ ਬਰਾਬਰ ਹੁੰਦੇ ਹਨ, ਜਿਸ ਦਾ ਮਨ ਕਿ ਸੌਖੀ ਤਰ੍ਹਾਂ ਹੀ ਉਟਕ ਜਾਣ ਵਾਲਾ ਹੋਵੇ। ਜਦੋਂ ਹੋਟਲ ਮੈਨੇਜਰ ਨੇ ਕਿਹਾ ਕਿ ਉਹ ਹੋਟਲ ਦੀ ਡਿਉੜੀ ਨੂੰ, ਜਿੱਥੇ ਕਿ ਇੰਟਰਵਿਊ ਹੋ ਰਿਹਾ ਸੀ, ਸਾਫ ਕਰਾਉਣਾ ਚਾਹੁੰਦਾ ਹੈ, ਤਾਂ ਇਹ ਇੰਟਰਵਿਊ ਕਰਨ ਵਾਲਾ ਸੀ ਜਿਸ ਨੂੰ ਕਿ ਜ਼ਰਾ ਪਾਸੇ ਹੋਣ ਲਈ ਕਿਹਾ, ਨਾ ਕਿ ਇੰਟਰਵਿਊ ਦੇਣ ਵਾਲੇ ਨੂੰ। ਸਹਿਜ ਨਾਲ ਕਾਫੀ ਦੇ ਇਕ ਹੋਰ ਪਿਆਲੇ ਦਾ ਆਰਡਰ ਦਿੱਤਾ ਗਿਆ ਤੇ ਵਾਰਤਾਲਾਪ ਪਹਿਲਾਂ ਵਾਂਗ ਹੀ ਹੁੰਦੀ ਰਹੀ।

"ਸਾਨੂੰ ਅਰਬਾਂ ਦੇ ਹੱਥ ਹੀ ਕਤਲ ਕਰ ਰਹੇ ਹਨ।" ਉਸ ਨੇ ਤਰੀਪੋਲੀ ਬਾਰੇ ਗੱਲ ਕਰਦੇ ਨੇ ਕਿਹਾ। "ਅਰਬੀ ਸਰਕਾਰਾਂ ਖਾਸ ਤੌਰ ਦੇ ਅਸਟ (ਸੀਰੀਆ) ਅਤੇ ਗਦਾਫੀ (ਲਿਬੀਆ) ਦੇ ਹਿੱਤ ਇਜ਼ਰਾਲੀਆਂ ਨਾਲ ਸਾਂਝੇ ਹਨ।" ਪਰ ਮੈਂ ਤਰੀਪੋਲੀ ਵਿਚ ਹਾਰ ਨਹੀਂ ਵੇਖ ਰਿਹਾ। ਇਹ ਟਕਰਾ, ਪੀ.ਐਲ.ਓ. ਤੇ ਸੀਰੀਆ ਵਿਚ ਨਹੀਂ ਹੈ, ਸਗੋਂ ਪੀ.ਐਲ.ਓ. ਦੇ ਉਦੇਸ਼ ਤੇ ਅਰਬ ਦੀ ਸਥਿਤੀ ਵਿਚ ਹਨ।

ਉਸ ਦਾ ਬਹੁਤਾ ਜ਼ਹਿਰ ਸੀਰੀਆ ਦੇ ਰਾਸ਼ਟਰਪਤੀ ਅਸਦ ਲਈ ਸੀ। ਉਸ ਨੇ ਕਿਹਾ "ਸੀਰੀਆ ਵਾਸੀਆਂ ਦੇ ਕੰਨ ਨਹੀਂ ਹਨ। ਸੀਰੀਅਨਾਂ ਦੀ ਕੋਈ ਨੀਤੀ ਨਹੀਂ। ਇਹ ਸਿਰਫ਼ ਅਸਦ ਦੀ ਨੀਤੀ ਹੈ। ਰੂਸੀ ਉਸ ਨੂੰ ਰੋਕਣ ਲਈ ਅਖਲਾਕੀ ਤੇ ਰਾਜਸੀ ਦਬਾਅ ਪਾ ਰਹੇ ਹਨ, ਪਰ ਉਹ ਸੁਣੇਗਾ ਨਹੀਂ।"

ਦਰਵੇਸ਼ ਦੱਸਦਾ ਹੈ ਕਿ ਉਹ ਛੇ ਸਾਲ ਦੀ ਉਮਰ ਤੋਂ ਕਵਿਤਾ ਲਿਖਦਾ ਆ ਰਿਹਾ ਹੈ ਤੇ ਜਦੋਂ ਉਹ ਬਾਰਾਂ ਸਾਲ ਦਾ ਸੀ, ਉਸ ਨੇ "ਸੁਪਨਾ" ਲਿਆ ਸੀ ਕਿ ਕਵਿਤਾ ਉਸ ਦੀ ਹੋਣੀ ਹੋਵੇਗੀ। "ਹੁਣ ਮੇਰਾ ਇਹ ਇਕੋ ਇਕ ਤਰੀਕਾ ਹੈ ਕਿ ਜਿਸ ਰਾਹੀਂ ਮੈਂ ਆਪਣੀ ਹੋਂਦ ਤੇ ਆਤਮਕ ਸ਼ਕਤੀ ਨੂੰ ਪ੍ਰਗਟ ਕਰਦਾ ਹਾਂ। ਕਵਿਤਾ ਮੇਰੇ ਜੀਵਨ ਨੂੰ ਸਾਰਥਕ ਬਣਾਉਂਦੀ ਹੈ।"

"ਕਵਿਤਾ ਨੂੰ ਸਮਝਣ ਲਈ ਪਾਠਕ ਨੂੰ ਲੇਖਕ ਦੇ ਉਦੇਸ਼ ਨਾਲ ਹਮਦਰਦੀ ਹੋਣੀ ਚਾਹੀਦੀ ਹੈ ਤੇ ਨਾਲ ਹੀ ਇਹ ਗੱਲ ਕਿ ਉਸ ਦੀ ਰਚਨਾ ਅਰਬ-ਪਰੰਪਰਾ ਨਾਲ ਮੇਲ ਖਾਂਦੀ ਹੋਵੇ।" "ਪਰ ਫਲਿਸਤੀਨੀ ਕਵਿਤਾ, ਉਸ ਨੇ ਆਖਿਆ ਸੀ, 'ਨਾ ਹੀ ਅਰਬ ਦੀ



ਆਧੁਨਿਕ ਕਵਿਤਾ ਦੀ ਥਾਂ ਲੈ ਸਕਦੀ ਹੈ ਤੇ ਨਾ ਹੀ ਉਸ ਦਾ ਬਦਲ ਬਣ ਸਕਦੀ ਹੈ। ਇਹ ਇਸ ਦਾ ਵਿਅਕਤੀਗਤ ਭਾਗ ਹੈ। ਮੁੱਖ ਧਾਰਾ ਦੀਆਂ ਨਦੀਆਂ ਵਿਚੋਂ ਇੱਕ।"

ਭਾਵੇਂ ਪੱਛਮੀ ਪਾਠਕ ਨੂੰ ਉਸਦੀ ਬਿੰਬਾਵਲੀ ਡੂੰਘੀ ਤਰ੍ਹਾਂ ਜਟਿਲ ਜਾਪੇ, ਪਰ ਉਹ ਆਪਣੀ ਲਿਖਤ ਦੀ ਪ੍ਰਵੇਸ਼ ਯੋਗਤਾ (Accessibility) ਉੱਤੇ ਜ਼ੋਰ ਦਿੰਦਾ ਹੈ। "ਕਵਿਤਾ ਇਕ ਪਹਿਲੀ ਕਵਿਤਾ ਵਿਚ ਉਸ ਨੇ ਲਿਖਿਆ ਸੀ, "ਦਿਲ ਦਾ ਲਹੂ ਹੈ, ਰੋਟੀ ਦਾ ਲੂਣ, ਅੱਖ ਦਾ ਪਾਣੀ। ਇਸ ਕਾਰਨ ਇਹ ਬਹੁਤ ਆਵੱਸ਼ਕ ਹੈ ਕਿ ਇਹ ਜੀਵਨ ਨਾਲੋਂ ਵਿਛੁੰਨੀ ਹੋਈ ਨਾ ਹੋਵੇ।

ਇਕ ਹੋਰਸ ਥਾਂ ਉਸ ਲਿਖਿਆ ਸੀ, "ਜੇ ਸਾਧਾਰਨ ਲੋਕ ਕਵਿਤਾਵਾਂ ਦੇ ਅਰਥ ਨਹੀਂ ਸਮਝਦੇ ਤਾਂ ਇਹ ਬਿਹਤਰ ਹੋਵੇਗਾ ਕਿ ਅਸੀਂ ਇਹਨਾਂ ਨੂੰ ਹਵਾਵਾਂ ਵਿਚ ਖਿੰਡਾਂ ਦੇਈਏ ਤੇ ਚੁੱਪ ਕਰ ਕੇ ਬੈਠ ਜਾਈਏ।"

ਬਿੰਬਾਵਲੀ ਦੀ ਜਟਿਲਤਾ ਦਾ ਕਾਰਨ ਅਰਬੀ ਵਿਸ਼ਵਾਸਾਂ ਅਤੇ ਰਿਵਾਜਾਂ ਦੇ ਸਮਕਾਲੀ ਰਾਜਸੀ ਮੰਗਾਂ ਨਾਲ ਗੂੜ੍ਹਾ ਸਬੰਧ ਹੋਣਾ ਹੈ। ਵਿੰਗੀ ਟੇਢੀ ਅਤੇ ਤੀਬਰ ਪੰਗਤੀ ਨੂੰ ਸਮਝਣ ਲਈ ਜਿਵੇਂ ਕਿ "ਰਮਤਾ ਸਿਤਾਰ-ਵਜੰਤਰੀ" ਕਵਿਤਾ ਵਿਚ। ਬੰਦੇ ਨੂੰ ਇਹ ਜਾਨਣ ਦੀ ਲੋੜ ਹੈ ਕਿ ਅਰਬਾਂ ਵਿਚ ਇਹ ਹਰਮਨ ਪਿਆਰਾ ਵਿਸ਼ਵਾਸ ਹੈ ਕਿ ਜਦੋਂ ਚੰਨ ਨੂੰ ਗ੍ਰਹਿਣ ਲੱਗਦਾ ਹੈ ਤਾਂ ਇਸ ਨੂੰ ਵੇਲ ਮੱਛੀ ਖਾ ਜਾਂਦੀ ਹੈ। ਉਸ ਦੀ ਰਚਨਾ ਦੇ ਨੇੜੇ ਪਹੁੰਚਣ ਲਈ ਸਾਨੂੰ ਫਲਿਸਤੀਨ ਨੂੰ ਇਕ ਗਵਾਚੀ ਤੇ ਸਰਬ ਵਿਆਪੀ ਪਿਆਰੀ ਨਵ-ਵਿਆਹੁਤਾ, ਇਕ ਮਾਂ ਵਾਂਗ ਸਮਝਣਾ ਚਾਹੀਦਾ ਹੈ। ਜਿਸ ਨੂੰ ਇਕ ਮੰਗੇਤਰ, ਇੱਕ ਪੁੱਤਰ, ਸੁਪਨਿਆਂ ਦੀ ਇਕ ਅਮੁੱਕ ਨਦੀ, ਆਸਾਂ ਤੇ ਪਛਤਾਵਿਆਂ ਦੀ ਲੜੀ ਸਮਝਦਾ ਹੈ, ਐਪਰ ਪਿਆਰੀ ਧਰਤੀ ਵੀ ਹੈ, ਉਹ ਮਿੱਟੀ ਜੋ ਉਸ ਦੇ ਪਿਤਾ ਨੇ ਫਿਰੋਲੀ ਵਾਹੀ ਸੀ ਤੇ ਇਹ ਕੋਈ ਰੁੱਖਾ ਬੌਧਿਕ, ਸੰਕਲਪ ਨਹੀਂ ਹੈ।

ਦਰਵੇਸ਼ ਹੈਬਰੀਉ ਭਾਸ਼ਾ ਵਾਹਵਾ ਚੰਗੀ ਤਰ੍ਹਾਂ ਜਾਣਦਾ ਹੈ ਤੇ ਉਹ ਨਿਰਸੰਕੋਚ, ਕਈ ਵੱਡੇ ਇਜ਼ਰਾਈਲੀ ਕਵੀਆਂ ਬਾਰੇ ਪੂਰੇ ਸਤਿਕਾਰ ਨਾਲ ਗੱਲ ਕਰਦਾ ਹੈ। ਉਹ ਉਸ ਦੇਸ਼ ਬਾਰੇ ਬੜੀ ਇੱਜ਼ਤ ਨਾਲ ਬੋਲਦਾ ਹੈ, ਜਿਸ ਨੇ ਉਸ ਨੂੰ ਤੇ ਉਸ ਦੇ ਉਦੇਸ਼ ਨੂੰ ਸ਼ਿਕਾਰੀ ਕੁੱਤਿਆਂ ਵਾਂਗ ਭਜਾਇਆ ਤੇ ਪਰੇਸ਼ਾਨ ਕੀਤਾ। ਸ਼ੱਕ ਹੁੰਦਾ ਹੈ ਕਿ ਜੇ ਉਹ ਨਿਰੰਤਰ ਖਵਾਰ ਨਾ ਕੀਤਾ ਜਾਂਦਾ ਤਾਂ ਉਹ ਸਹਿ ਹੋਂਦ ਨਾਲ ਰਹਿ ਸਕਦਾ ਸੀ।

ਉਹ ਕਈ ਸਾਲ ਸਰਗਰਮ ਕਮਿਊਨਿਸਟ ਰਿਹਾ ਹੈ ਭਾਵੇਂ ਕਿ ਹੁਣ ਉਹ ਕਿਸੇ ਵੀ ਪਾਰਟੀ ਦਾ ਮੈਂਬਰ ਨਹੀਂ। ਉਹ ਕੁਝ ਰੂਸੀ ਭਾਸ਼ਾ ਵੀ ਬੋਲ ਲੈਂਦਾ ਹੈ ਤੇ ਆਪਣੇ ਕੁਝ ਅਸਲੀ ਵਾਕਫ਼ ਰੂਸੀ ਕਵੀਆਂ ਬਾਰੇ ਨੇੜਤਾ ਦੀ ਗੱਲ ਕਰਦਾ ਹੈ। ਏਸੇ ਸਾਲ ਉਸ ਨੂੰ ਰੂਸ ਦਾ ਸਭ ਤੋਂ ਵੱਡਾ ਲੈਨਿਨ ਪੁਰਸਕਾਰ ਦਿੱਤਾ ਗਿਆ ਸੀ। ਉਹ ਸੈਂਸਰਸ਼ਿਪ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ।

ਫਲਿਸਤੀਨੀ ਤੇ ਮਾਰਕਸਵਾਦੀ ਉਦੇਸ਼ ਉਸ ਦੇ ਨਿਰੰਤਰ ਰਹਿਣ ਵਾਲੇ ਰੁਝੇਵੇਂ ਹਨ। ਉਹ ਸਹਿਜ ਨਾਲ ਕਹਿੰਦਾ ਹੈ "ਮੈਨੂੰ ਡਰ ਹੈ ਕਿ ਲੋਕ ਯਕੀਨ ਕਰਨਾ ਹਟ ਜਾਣਗੇ। ਅਰਬੀ ਰਾਜਾਂ ਅਤੇ ਅਰਬ ਲੋਕਾਂ ਵਿਚਕਾਰ ਲੜਾਈ ਗੰਭੀਰ ਭਾਂਤ ਦੀ ਹੈ।"

ਉਹ ਜਾਣ ਲਈ ਉੱਠਦਾ ਹੈ। ਬੰਦਾ ਪੁੱਛਣਾ ਚਾਹੁੰਦਾ ਹੈ ਕਿ ਉਹ ਕਿੱਥੇ ਜਾ ਕੇ ਅਟਕੇਗਾ। ਜਾਣ ਤੋਂ ਪਹਿਲਾਂ ਉਹ ਆਪਣੇ ਬੇਦਾਗ ਸੂਟ ਨੂੰ ਬੁਰਸ਼ ਮਾਰਦਾ ਹੈ ਤੇ ਚਿੰਤਾ ਵਿਚ ਮੁਸਕਰਾਉਂਦਾ ਹੈ "ਮੈਂ ਆਪਣੇ ਪਿੰਡ ਵਿਚ ਤੇ ਕਿਸੇ ਵੀ ਫਲਿਸਤੀਨੀ ਪਿੰਡ ਵਿਚ ਮਰਨਾ ਚਾਹੁੰਦਾ ਹੈ।" • (ਗਾਰਡੀਅਨ ਯੂ.ਕੇ. 25-11-83)

## ਭਾਗ-2

### 1. ਮੋਹਨ ਬੇਗੋਵਾਲ

ਕਥਨੀ ਕਰਨੀ ਵਿਚ ਹੈ ਅੰਤਰ ਧਰਤੀ-ਅੰਬਰ ਦੀ ਤਰ੍ਹਾਂ।
ਸੋਚਦੇ ਹੋ ਖ਼ੂਬਸੂਰਤ ਕਾਹਨੂੰ ਮੰਜਰ ਦੀ ਤਰ੍ਹਾਂ।

ਜਿਸਮ ਉੱਤੇ ਰੰਗ ਚਿਪਕੇ ਕਦ ਕੁ ਤੀਕਰ ਰਹਿਣਗੇ?
ਹੋ ਗਏ ਸੁੰਨਸਾਨ ਮਨ ਜਿੰਨ੍ਹਾਂ ਦੇ ਖੰਡਰ ਦੀ ਤਰ੍ਹਾਂ।

ਸ਼ਹਿਦ ਕੰਨੀ ਘੋਲਦੀ ਸੀ ਕਲ੍ਹ ਜਿਸਦੀ ਬੰਸਰੀ,
ਅੱਜ ਉਸਦੀ ਪਹੁੰਚ ਹੈ ਦਿਲ ਤੀਕ ਖੰਜਰ ਦੀ ਤਰ੍ਹਾਂ।

ਸੂਝ ਦੀ ਜੇ ਖਾਦ ਪਾਈਏ ਸਿਰਜਣਾ ਦੀ ਫ਼ਸਲ ਨੂੰ,
ਫੇਰ ਜੀਵਨ ਨਾ ਰਹੇ ਕਿਧਰੇ ਵੀ ਬੰਜਰ ਦੀ ਤਰ੍ਹਾਂ।

ਅੰਦਰੋਂ ਇਹ ਲਿੱਬੜੇ ਹਨ, ਵੇਖ ਦਲਦਲ ਦੀ ਤਰ੍ਹਾਂ,
ਬਾਹਰ ਜੋ ਦਿਸਦੇ ਨੇ 'ਮੋਹਨ' ਸਾਫ਼ ਮੰਦਰ ਦੀ ਤਰ੍ਹਾਂ।

### 2. ਕੇਸਰ ਸਿੰਘ 'ਨੀਰ'

ਦਿਲ 'ਚ ਲੈ ਕੇ ਇਕ ਨਵਾਂ ਸੰਸਾਰ, ਏਥੇ ਆ ਗਏ ।
ਡਾਲਰਾਂ ਦੀ ਖਾ ਗਈ ਛਣਕਾਰ, ਏਥੇ ਆ ਗਏ।

ਰਿਜ਼ਕ ਦੇ ਰਾਹਾਂ 'ਚ ਖਾ ਕੇ ਹਾਰ, ਏਥੇ ਆ ਗਏ।
ਸੋਚ ਉੱਤੇ ਲੈ ਨਵੇਂ ਹੀ ਭਾਰ, ਏਥੇ ਆ ਗਏ।

ਜ਼ਿੰਦਗਾਨੀ ਦੇਸ਼ ਦੇ ਨਾਲੋਂ ਸੁਖਾਵੀਂ ਜਾਪਦੀ,
ਮਿਹਨਤਾਂ ਤੋਂ ਹੋ ਰਹੇ ਬਲਿਹਾਰ, ਏਥੇ ਆ ਗਏ।

ਢੰਗ ਜੀਵਨ ਦਾ ਅਸਾਡਾ ਬਦਲਿਆ ਹੈ ਇਸ ਕਦਰ,
ਤੇਜ਼ ਹੈ ਜੀਵਨ ਦੀ ਪਰ ਰਫ਼ਤਾਰ, ਏਥੇ ਆ ਗਏ।

ਹੈ ਨਵੀਂ ਤਹਿਜ਼ੀਬ ਤੇ ਤਿਉਹਾਰ ਏਥੋਂ ਦੇ ਨਵੇਂ,
ਕੋਈ ਨਾ ਹੈ ਕਿਸੇ ਦਾ ਗ਼ਮਖਾਰ, ਏਥੇ ਆ ਗਏ।

ਰਹਿ ਰਹੇ ਹਾਂ ਏਸ ਥਾਂ ਤੇ ਜੀ ਰਹੇ ਪੰਜਾਬ ਵਿਚ,
ਪੈਰ ਹਨ ਦੋ ਬੇੜੀਆਂ ਵਿਚਕਾਰ, ਏਥੇ ਆ ਗਏ।

ਹੋਰ ਤਾਂ ਸਭ ਸੁੱਖ ਤੇ ਆਰਾਮ ਹੈ ਇਸ ਦੇਸ਼ ਵਿਚ,
ਚੁਭ ਰਿਹਾ ਪਰ ਵਤਨ ਦਾ ਹੈ ਖ਼ਾਰ ਏਥੇ ਆ ਗਏ।

ਹੁਣ ਬਿਗਾਨੇ ਦੇਸ਼ ਨੂੰ ਹੀ 'ਨੀਰ' ਆਪਣਾ ਆਖ ਤੂੰ,
ਫਿਰ ਬਣੇਗੀ ਜ਼ਿੰਦਗੀ ਹਮਵਾਰ, ਏਥੇ ਆ ਗਏ।

(ਕੈਲਗਰੀ - ਕੈਨੇਡਾ)



### 3. ਅਜਮੇਰ ਕੰਧਾਲਾ

ਵੇਖੀਂ ਫਰੇਬੀਆਂ ਨੇ ਹੋਣਾ ਹੈ ਖ਼ਾਕ ਸੜ ਕੇ,
ਤੁਰ ਪਏ ਨੇ ਯਾਰ ਹੱਥੀਂ ਸੱਚ ਦੀ ਮਸ਼ਾਲ ਫੜ ਕੇ।

ਧਰਮਾਂ ਦੀ ਆੜ ਲੈ ਕੇ , ਬਹਿਕਾ ਰਹੀ ਹਕੂਮਤ,
ਰੋਟੀ ਲਈ ਮਰ ਰਹੇ ਨੇ, ਆਪਸ 'ਚ ਲੋਕ ਲੜ ਕੇ।

ਦੁਨੀਆਂ ਦੇ ਰੰਗ ਲੱਖਾਂ, ਪੈ ਜਾਣ ਰੋਜ਼ ਫਿੱਕੇ,
ਸੱਚੇ ਪ੍ਰੇਮ ਵਾਲਾ, ਉੱਤਰੇ ਨਾ ਰੰਗ ਚੜ੍ਹ ਕੇ।

ਪੀਂਦਾ ਹੈ ਸ਼ਾਮ ਵੇਲੇ, ਹਾਤੇ 'ਚ ਬੈਠ ਦਾਰੂ,
ਜਾਂਦਾ ਹੈ ਉਂਝ ਮੰਦਿਰ, ਉਹ ਰੋਜ਼ ਤੜਕੇ-ਤੜਕੇ।

'ਅਜਮੇਰ' ਤੇਰੇ ਦਰ ਤੇ, ਖੜੀਆਂ ਨੇ ਫਿਰ ਬਲਾਵਾਂ,
ਕਰ ਸਾਹਮਣਾ ਉਨ੍ਹਾਂ ਦਾ, ਅੰਦਰ ਨਾ ਬੈਠ ਵੜ ਕੇ।

### 4

ਮੈਂ ਓਸ ਬਨੇਰੇ ਤੇ, ਇਕ ਦੀਪ ਜਗਾਉਣਾ ਹੈ,
ਤੂੰ ਲੈ ਆਈਂ ਜਿਹੜਾ ਤੂਫ਼ਾਨ ਲਿਆਉਣਾ ਹੈ।

ਇਨਸਾਫ਼ ਲੋਚਿਆ ਸੀ, ਇਹ ਨਹੀਂ ਸੋਚਿਆ ਸੀ,
ਮੁਨਸਿਫ ਨੇ ਕਾਤਿਲ ਦਾ, ਹੀ ਸਾਥ ਨਿਭਾਉਣਾ ਹੈ।

ਕਿਉਂ ਦਿਲ ਦਾ ਸੱਚਾ ਹੈ, ਉਹ ਹਾਲੇ ਬੱਚਾ ਹੈ,
ਤੂੰ ਸਮਝ ਨਹੀਂ ਸਕਿਆ, ਤੂੰ ਕੀ ਸਮਝਾਉਣਾ ਹੈ।

ਵਾਕਿਫ਼ ਹਾਂ ਜ਼ਿੰਦਗੀ ਦੀ, ਮੈਂ ਏਸ ਹਕੀਕਤ ਤੋਂ,
ਪਲ-ਪਲ ਦਾ ਹੱਸਣਾ ਹੈ, ਪਲ ਪਲ ਦਾ ਰੋਣਾ ਹੈ।

ਉਸ ਝੂਠੇ ਹਾਕਮ ਨੂੰ, ਗੱਲ-ਗੱਲ ਤੇ ਭੰਡਦਾ ਹਾਂ,
ਮੇਰੀ ਇਸ ਆਦਤ ਨੇ, ਮੈਨੂੰ ਮਰਵਾਉਣਾ ਹੈ।

ਮੌਲਣ ਦੇ ਬਿਰਖਾਂ ਨੂੰ, ਚਿੜੀਆਂ ਨੂੰ ਚਹਿਕਣ ਦੇ,
'ਅਜਮੇਰ ਜੋ ਉੱਜੜ ਰਿਹਾ, ਇਹ ਚਮਨ ਬਚਾਉਣਾ ਹੈ।

### ਸੋਗੀ ਖਬਰ

ਪੰਜਾਬੀ ਸਾਹਿਤ ਦੇ ਸਿਰਕੱਢ ਪ੍ਰਕਾਸ਼ਕ ਅਤੇ ਮਾਸਕ ਪੱਤਰ ਆਰਸੀ ਦੇ ਸੰਪਾਦਕ ਭਾਪਾ ਸ੍ਰੀ ਪ੍ਰੀਤਮ ਸਿੰਘ ਨਵ-ਯੁਗ ਪਬਲੀਸ਼ਰਜ਼ ਦਿੱਲੀ, ਭਰਪੂਰ ਜੀਵਨ ਬਤੀਤ ਕਰਕੇ ਚਲਾਣਾ ਕਰ ਗਏ ਹਨ। ਉਹਨਾਂ ਦੇ ਤੁਰ ਜਾਣ ਨਾਲ ਪ੍ਰਕਾਸ਼ਨ ਦੇ ਖੇਤਰ ਵਿਚ ਵੱਡਾ ਖਲਾ ਪੈਦਾ ਹੋ ਜਾਣਾ ਕੁਦਰਤੀ ਹੈ, ਜਿਸ ਨੂੰ ਪੂਰਨਾ ਮੁਸ਼ਕਿਲ ਪ੍ਰਤੀਤ ਹੁੰਦਾ ਹੈ। ਅਦਾਰਾ ਚਿਰਾਗ਼ ਉਸ ਨੇਕ ਤੇ ਸੁਹਿਰਦ ਇਨਸਾਨ ਦੇ ਤੁਰ ਜਾਣ ਤੇ ਸਬੰਧਤ ਪਰਿਵਾਰ ਦੇ ਦੁੱਖ ਵਿਚ ਭਾਈਵਾਲ ਹੁੰਦਾ ਹੈ। - ਸੰਪਾਦਕੀ ਮੰਡਲ

## 5. ਸੂਰਜ

ਸੁਲੱਖਣ ਸਰਹੱਦੀ

ਕਰੋੜਾਂ ਕਿਣਕਿਆਂ ਵਿਚ ਅਸੰਖਾਂ ਤੜਫਦੇ ਸੂਰਜ,
ਹਨੇਰਾ ਘਰ ਮੇਰਾ ਛੱਡ ਕੇ ਨੇ ਕਿੱਥੇ ਤੁਰ ਗਏ ਸੂਰਜ।

ਸਦਾ ਹੀ ਨੇਰ੍ਹ ਵਿਚ ਛਡ ਕੇ ਅਸਾਨੂੰ ਡੁੱਬ ਜਾਂਦਾ ਹੈ,
ਜਦੋਂ ਪਰ ਚੜ੍ਹਦਾ ਹੈ ਤਾਂ ਚੜ੍ਹਦੈ ਜਾ ਕੇ ਦਿਨ ਚੜ੍ਹੇ ਸੂਰਜ।

ਜਦੋਂ ਵੀ ਠੰਡੀਆਂ ਛਾਵਾਂ ਦਾ ਮੈਨੂੰ ਖ਼ਾਬ ਆਉਂਦਾ ਹੈ,
ਤਾਂ ਮੇਰੇ ਹਿੱਸੇ ਦੇ ਸਭ ਰੁੱਖਾਂ ਹੇਠਾਂ ਆ ਬਲੇ ਸੂਰਜ।

ਕਦੇ ਵੀ ਚੌਂਕੀਦਾਰਾਂ ਦੇ ਇਹ ਠਰਦੇ ਵਿਹੜੀਂ ਨਾ ਆਵੇ,
ਠਰੇ ਮੌਸਮ 'ਚ ਲੰਬੜਾਂ ਦਾ ਪ੍ਰਾਹੁਣਾ ਹੀ ਰਹੇ ਸੂਰਜ।

ਅਸਾਡੇ ਪਿੰਡ ਦੀਆਂ ਜੂਹਾਂ ਦਾ ਕੋਰਾ ਧੋਣ ਤੋਂ ਮੁਨਕਰ,
ਮਹੱਲਾਂ ਕਲਸਾਂ ਦੇ ਚਾਕਰ ਤੁਹਾਡੇ ਸ਼ਹਿਰ ਦੇ ਸੂਰਜ।

ਜਦੋਂ ਵੀ ਬੁੱਝਣ ਲਗਦਾ ਹੈ ਤਾਂ ਇੰਝ ਹੀ ਭਬਕਦੈ ਦੀਵਾ,
ਜਲਾਲੀ ਬਹੁਤ ਹੁੰਦੇ ਨੇ ਇਕ ਢਲਦੇ ਡੁੱਬਦੇ ਸੂਰਜ।
ਵਈਂ ਖੁਦ ਤਾਂ ਨਹੀਂ ਕਾਲੀ, ਵਈਂ ਦਾ ਪਾਣੀ ਕਾਲਾ ਹੈ,
ਕਿ ਕਾਲੇ ਪਾਣੀਆਂ ਸਾਡੇ ਹਜ਼ਾਰਾਂ ਖਾ ਲਏ ਸੂਰਜ।

ਮੇਰੇ ਅੰਦਰ ਦਾ ਹਨ੍ਹੇਰਾ ਸ਼ੂਕਦਾ ਤੇ ਤਿਲਮਿਲਾਉਂਦਾ ਹੈ,
ਦਰਾੜਾਂ ਮੇਰੀਆਂ 'ਚੋਂ ਜਦ ਕਦੇ ਹਨ ਝਾਕਦੇ ਸੂਰਜ।

ਸਦਾ ਹੀ ਸੂਰਜ ਦੇ ਰਥ ਦੇ ਅੱਗੇ ਮੈਂ ਹੀ ਜੁਪਿਆ ਹਾਂ,
ਠੁਠਰਦੇ ਮੇਰੇ ਬਾਲਾਂ ਨੂੰ ਨਾ ਫਿਰ ਵੀ ਨਿੱਘ ਦਵੇ ਸੂਰਜ।

ਕਹੋ ਹੁਣ ਨੇਰ੍ਹ-ਗਰਦਾਂ ਨੂੰ ਕਿ ਮੈਨੂੰ ਨਾ ਵੰਗਾਰਨ ਹੁਣ,
ਮੇਰੇ ਮੱਥੇ 'ਚ ਸਰਹੱਦੀ ਹਜ਼ਾਰਾਂ ਬਲ ਪਏ ਸੂਰਜ।

## 6. ਬੇੜੀਆਂ ਦਾ ਪੁਲ

ਮੈਂ ਪੁਲ ਹਾਂ ਬੇੜੀਆਂ ਦਾ ਦਰਿਆ ਦੀ ਲਹਿਰ ਹੈਂ ਤੂੰ,
ਬੰਦਿਸ਼ ਮੈਂ ਕਾਫ਼ੀਏ ਦੀ ਪਰ ਰਮਲ ਬਹਿਰ ਹੈ ਤੂੰ।

ਮੈਂ ਅਨੰਤ ਪਿਆਸ ਥਲ ਦੀ ਸੂਲੀ ਪਰੁੱਚਾ ਕੈਕਟਸ,
ਲੂੰ ਲੂੰ 'ਚ ਜ਼ਹਿਰ ਮੇਰੇ ਅੰਮ੍ਰਿਤ ਦੀ ਨਹਿਰ ਹੈ ਤੂੰ।



ਤੂੰ ਜਿ ਨੂਰ ਦਾ ਮੁਜਸਮਾਂ ਮੈਂ ਵੀ ਹਾਂ ਕਿਰਮਚੀ ,
ਮੈਂ ਸ਼ਾਮ ਸੁਰਮਈ ਹਾਂ, ਊਸ਼ਾ ਦਾ ਪਹਿਰ ਹੈ ਤੂੰ।

ਪੂਰਨ ਦੇ ਕਿਹੜੇ ਕੰਮ ਹੈ ਇਹ ਖੈਰ ਮੋਤੀਆਂ ਦੀ
ਰੋਟੀ ਦੀ ਮੈਂ ਤਮੰਨਾਂ ਸੋਨੇ ਦਾ ਸ਼ਹਿਰ ਹੈ ਤੂੰ।

ਭਾਵੇਂ ਹੈ ਤੂੰ ਬਿਗਾਨਾ ਪਰ ਆਸ਼ਨਾਂ ਵੀ ਲੱਭ,
ਉੱਠੀ ਹੁਣੇਂ ਜੋ ਦਿਲ 'ਚੋਂ ਓਹੀ ਤਾਂ ਲਹਿਰ ਹੈ ਤੂੰ।

ਨਾ ਚਾਹੁੰਦਿਆਂ ਵੀ ਮੈਂ ਤੂੰ ਰਹਿਣਾ ਹੈ ਨੇੜ੍ਹਤਾ ਵਿੱਚ,
ਗਰਦਿਸ਼ 'ਚ ਮੈਂ ਸਿਤਾਰਾ ਗਰਦਿਸ਼ ਦੀ ਗਹਿਰ ਹੈ ਤੂੰ।

ਬਰਫ਼ਾਨੀ ਕੁਆਰਟੀਸੀ ਕਦ ਤਕ ਰਹੇਂਗੀ ਬਣ ਕੇ,
ਜਿੱਥੇ ਨੇ ਖੇਤ ਪਿਆਸੇ ਪਿੰਡਾਂ ਦੀ ਨਹਿਰ ਹੈ ਤੂੰ।

ਤੂੰ ਵੀ ਤੇ ਮੈਂ ਵੀ ਦੋਵੇਂ ਜੰਗਲ ਦੀ ਹੂਕ ਬਣ ਗਏ,
ਮੈਂ ਬਾਂਸ ਬਲ ਰਿਹਾ ਹਾਂ ਕੂ-ਹੂਕ ਲਹਿਰ ਹੈ ਤੂੰ।

ਚਲ ਆ ਨਦੀ ਕਿਨਾਰੇ ਇਕ ਬਿਰਖ ਚਿਤਵਦੇ ਹਾਂ,
ਮੈਂ ਵੀ ਹਾਂ ਥੱਕਾ ਥੱਕਾ ਤਿੱਖੜ ਦੁਪਹਿਰ ਹੈ ਤੂੰ।

ਉਂਕਾਰ ਪ੍ਰੀਤ

ਖੁਦ ਕੋਲ ਨਾ ਪੁਜ ਹੋਇਆ, ਖੁਦ ਕੋਲੋਂ ਕਜ਼ਾ ਤੀਕਰ
ਖੁਦ ਤੀਕ ਹੀ ਨਾ ਪਹੁੰਚੇ, ਪੁਜਦੇ ਕੀ ਖੁਦਾ ਤੀਕਰ।

ਜੋ ਦਿਲ ਨੇ ਦਿਸ਼ਾ ਲੱਭੀ, ਉਹ ਮਨ ਦੇ ਨ ਮਨ ਲੱਗੀ,
ਹਰ ਇਕ ਦਿਸ਼ਾ ਵੇਖੀ, ਹਰ ਇਕ ਦਿਸ਼ਾ ਤੀਕਰ।

ਇਕ ਕੰਧ ਹੈ ਤਨ ਮਨ ਵਿਚ, ਇਕ ਕੰਧ ਹੈ ਤਨ ਤਨ ਵਿਚ,
ਰਸਤਾ ਨਾ ਕੋਈ ਬਚਿਆ, ਕੰਧਾਂ ਤੋਂ ਹਵਾ ਤੀਕਰ।

ਜੀਵਨ ਦੇ ਸਫਰ ਦੀ ਬਸ, ਏਨੀ ਕੁ ਕਹਾਣੀ ਹੈ,
ਅਗਨਾਰ ਤੋਂ ਤੁਰਦੇ ਹਾਂ, ਜਾਂਦੇ ਹਾਂ ਚਿਖਾ ਤੀਕਰ।

ਮਜ਼ਹਬ ਤੇ ਖੁਦਾ ਦੋਵੇਂ, ਚੁਪ ਸ਼ਾਂਤ ਨੇ ਆਪਣੀ ਥਾਂ,
ਚੁਪ ਸ਼ਾਂਤ ਨਾ ਪਰ ਕੁਝ ਵੀ, ਮਜ਼ਹਬ ਤੋਂ ਖੁਦਾ ਤੀਕਰ।

ਰਾਤਾਂ ਦੇ ਸਫਰ ਅੰਦਰ, ਜੇ ਸਾਥ ਹੈ ਤਾਂ ਹੈ ਨੇਰ੍ਹਾ,
ਹੈ ਸਾਥ ਕਿਰਨ ਹਰ ਇਕ, ਬਸ ਦਿਨ ਦੇ ਛਿਪਾ ਤੀਕਰ।

ਮੁੜ ਆਇਆ ਘੜਾ ਭਰਕੇ, ਮੈਂ ਸੜਦੇ ਘਰਾਂ ਵੱਲ ਨੂੰ,
ਜਦ ਜਦ ਵੀ ਕਦੇ ਪੁੱਜਿਆ ਹਾਂ, 'ਪ੍ਰੀਤ' ਝਨਾ ਤੀਕਰ।

8.

ਵੇਖ ਨਾ ਉੱਤੋਂ ਖੁਸ਼ ਸ਼ਕਲਾਂ ਹੀ ਝਾਕ ਉਨ੍ਹਾਂ ਦੇ ਅੰਦਰ ਵੇਖ,
ਆਲੀਸ਼ਾਨ ਮਕਾਨਾਂ ਦੇ ਵਿਚ ਵਸਦੇ ਨੇ ਕਿੰਝ ਖੰਡਰ ਵੇਖ।

ਏਨਾ ਸ਼ੁਕਰ ਕਿ ਮਨ ਦੇ ਅੰਦਰ ਵੇਖ ਨਹੀਂ ਸਕਦਾ ਕੋਈ,
ਵਰਨਾ, ਥੂ-ਥੂ ਥੂ-ਥੂ ਹੁੰਦੀ ਮੋਮਨ ਦੇ ਮਨ ਮੰਦਰ ਵੇਖ।

ਦਿਨ ਚੜ੍ਹਿਆ ਤਾਂ ਜ਼ਾਹਰ ਹੋਏ ਕੀ ਸੀ ਉਸਦੇ ਚੰਨ ਤਾਰੇ,
ਰਾਤ ਲੁਟਾਇਆ ਸਭ ਕੁਝ ਇਸਨੂੰ ਝਿਲਮਿਲ ਕਰਦਾ ਅੰਬਰ ਵੇਖ।

ਇਕ ਸਿਰ ਬਦਲੇ ਇਕ ਨੰਬਰ, ਸੀ ਨੱਬੇ ਨੰਬਰ ਸਾਡੇ,
ਅੱਗੋਂ ਹੁਣ ਕਿਸਨੇ ਸਿਰ ਦੇਣੇ, ਸਾਡੇ ਰੁਲਦੇ ਨੰਬਰ ਵੇਖ।

ਪਰਜਾਤੰਤਰ ਦੇ ਸੁਪਨੇ ਲੈ ਕੱਲ ਜੋ ਫਾਂਸੀ ਲੱਗੇ ਲੋਕ,
ਅੱਜ ਉਨ੍ਹਾਂ ਦੇ ਸੁਪਨੇ ਫਾਂਸੀ ਲਾਉਂਦਾ ਪਰਜਾਤੰਤਰ ਵੇਖ।

ਕੀ ਕੀ ਕੋਹੇਨੂਰੀ ਚੀਜ਼ਾਂ ਕਾਗਜ਼ ਬਣ ਕੇ ਰਹਿ ਗਈਆਂ,
ਹੌਲ ਜਿਹਾ ਇਕ ਉੱਠੇ ਆਪਣੇ ਵਿਰਸੇ ਦੇ ਕੈਲੰਡਰ ਵੇਖ।

ਦਿਲ ਦੇ ਬਾਗ 'ਚ ਜ਼ਖ਼ਮ ਖਿਲੇ ਨੇ, ਖਾਮੋਸ਼ੀ, ਤਨਹਾਈ ਹੈ,
ਕਿਉਂ ਕਵਿਤਾ ਦੀ ਲਹਿਰ ਨਾ ਜਾਗੇ, ਐਸੇ ਕਾਵਿ ਸਮੁੰਦਰ ਵੇਖ।

'ਪ੍ਰੀਤ' ਵਿਹੂਣੇ ਮਨ ਵਿਚ ਉਗਦੇ ਆਪ ਮੁਹਾਰੇ ਦੁਖੜੇ ਇਉਂ,
ਭਖੜਾ, ਪੋਲ੍ਹੀ, ਸੂਲਾਂ, ਥੋਰ੍ਹਾਂ, ਜਿਉਂ ਧਰਤੀ ਨੂੰ ਬੰਜਰ ਵੇਖ।

## ਸੂਚਨਾ

ਪਿਛਲੇ ਤਿੰਨ ਦਹਾਕਿਆਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ), ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ), ਦਿੱਲੀ ਯੂਨੀਵਰਸਿਟੀ (ਦਿੱਲੀ), ਪੰਜਾਬੀ ਯੂਨੀਵਰਸਿਟੀ (ਪਟਿਆਲਾ), ਕੁਰੂਕਸ਼ੇਤਰਾ ਯੂਨੀਵਰਸਿਟੀ (ਕੁਰੂਕਸ਼ੇਤਰ), ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਲੁਧਿਆਣਾ) ਨਾਲ ਸਬੰਧਤ ਬਹੁਤ ਸਾਰੇ ਪੰਜਾਬੀ ਆਲੋਚਕਾਂ, ਲੇਖਕਾਂ, ਐਮ.ਫਿਲ ਅਤੇ ਪੀ.ਐਚ.ਡੀ. ਦੇ ਖੋਜ ਵਿਦਿਆਰਥੀਆਂ ਨੇ ਮੇਰੀਆਂ ਹੇਠ ਲਿਖੀਆਂ ਕਾਵਿ-ਪੁਸਤਕਾਂ ਬਾਰੇ ਨਿਬੰਧ ਲਿਖੇ ਹਨ:

ਸ਼ਹਿਰ, ਧੁੰਦ ਤੇ ਰੌਸ਼ਨੀਆਂ (1979), ਲੱਕੜ ਦੀਆਂ ਮੱਛੀਆਂ (1979)
ਮਕਤਲ (1983), ਤੂਫਾਨ ਦੀਆਂ ਜੜ੍ਹਾਂ ਵਿੱਚ (1985), ਬਘਿਆੜਾਂ ਦੇ ਵੱਸ (1986)
ਬੁੱਢੇ ਘੋੜਿਆਂ ਦੀ ਆਤਮਕਥਾ (1991), ਸ਼ਕਿਜ਼ੋਫਰੇਨੀਆਂ (1993)
ਇਹ ਖ਼ਤ ਕਿਸਨੂੰ ਲਿਖਾਂ (1999) ਅਤੇ ਕੁੱਤਿਆਂ ਬਾਰੇ ਕਵਿਤਾਵਾਂ (2004)

ਮੈਂ ਇਨ੍ਹਾਂ ਸਾਰੇ ਖੋਜ-ਪੱਤਰਾਂ ਅਤੇ ਲਿਖਤਾਂ ਨੂੰ ਇੱਕ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ ਹੈ। ਲੇਖਕ ਆਪਣੀਆਂ ਇਨ੍ਹਾਂ ਲਿਖਤਾਂ ਦੀ ਕਾਪੀ ਮੇਰੇ ਤੱਕ ਮੇਰੇ ਇਸ ਪਤੇ ਉੱਤੇ ਭੇਜ ਸਕਣ:


Sukhinder
Editor Sanvad
Box 67089, 2300 yonge St, Toronto ON MAP1EO Canada
Email:poet sukhinder@hotmail.com




## 9. ਹਰਮਿੰਦਰ ਸਿੰਘ ਕੋਹਾਰਵਾਲਾ

ਸਫਰ ਲੰਬਾ ਕਦਮ ਨਿੱਕੇ ਕਰ ਗਏ।
ਯਾਰ ਸਾਡੇ ਕਿਰਸ ਕਿੱਥੇ ਕਰ ਗਏ।

ਚਾਅ ਅਸਾਡੇ ਤਰਸਦੇ ਹੀ ਮਰ ਗਏ।
ਵਿੰਹਦੇ-ਵਿੰਹਦੇ ਪਰ ਚੁਬਾਰੇ ਭਰ ਗਏ।

ਵੈਦ ਸਾਰੇ ਵੇਖ ਕੇ ਹੀ ਤਰ ਗਏ।
ਦਰਦ ਲੈ ਕੇ ਜ਼ਖ਼ਮ ਕਿਹੜੇ ਘਰ ਗਏ?

ਘਰ ਅਸਾਡੇ ਉਹ ਦਿਲਾਂ ਵਿਚ ਕਰ ਗਏ।
ਖਿੜੇ ਮੱਥੇ ਜੋ ਕਜ਼ਾ ਨੂੰ ਵਰ ਗਏ।

ਮੂੰਹ ਜੋ ਸਾਡਾ ਰੋਸ਼ਨੀ ਵਲ ਕਰ ਗਏ।
ਸਫਰ ਨੂੰ ਉਹ ਜਿਊਣ ਜੋਗਾ ਕਰ ਗਏ।

ਨਕਸ਼ ਤਾਂ ਸਨ ਰੌਸ਼ਨੀ ਸੰਗ ਭਰ ਗਏ।
ਹੌਲੀ ਹੌਲੀ ਪਰ ਅਸਾਡੇ ਡਰ ਗਏ।

ਠੀਕ ਹੈ ਕਿ ਸੌ ਨਗਰ ਦੇ ਨਰ ਗਏ।
ਸਮਝਣਾ ਇਹ ਨਾ ਕਿ ਸਾਰੇ ਮਰ ਗਏ।

10.

ਸਾਡੀਆਂ ਅੱਖਾਂ ਦੇ ਵਿਚ ਰੋਹ ਜਦ ਨਜ਼ਰ ਪਿਆ।
ਜ਼ੁਲਮ ਦਾ ਦਗ਼ਦਾ ਚਿਹਰਾ ਇਕਦਮ ਉੱਭਰ ਪਿਆ।

ਚਾਨਣ ਦੀ ਇਕ ਛਿਣ ਵੀ ਇੱਧਰ ਆਵੇ ਨਾ,
ਇਹ ਪਰਬਤ ਹੀ ਧੁਰ ਤੋਂ ਸਾਡੇ ਮਗਰ ਪਿਆ।

ਕਿਧਰੇ ਹੋਰ ਹੀ ਬੱਦਲ ਛਹਿਬਰ ਲਾ ਆਇਆ,
ਸਾਡੇ ਥਲ 'ਤੇ ਤਾਂ ਇਹ ਸੁੱਕਾ ਗਰਜ ਰਿਹਾ।

ਸਾਡੇ ਪੱਲੇ ਕੱਖ ਨਾ ਪਾਇਆ ਤਖਤਾਂ ਨੇ,
ਖ਼ਬਰੇ ਸਾਨੂੰ ਹੁਣ ਤਕ ਕਿੱਦਾਂ ਸਬਰ ਰਿਹਾ।

ਮਨ ਭਰਦੇ ਪਰਵਾਜ਼ਾਂ ਖੁੱਡਿਆਂ ਅੰਦਰ ਵੀ,
ਚਤਰ ਖਿਡਾਈ ਪਰ ਤਾਂ ਭਾਵੇਂ ਕਤਰ ਗਿਆ।

ਸੁਖ ਦਾ ਸਾਹ ਤਾਂ ਇਸ ਕਲਯੁਗ ਨੂੰ ਆਉਣਾ ਨਹੀਂ,
'ਗ਼ਦਰੀ ਬਾਬੇ' ਤੁਰ ਗਏ ਪਰ ਨਾ ਗ਼ਦਰ ਗਿਆ।

ਬੁਰੇ ਦਿਨਾਂ ਦਾ ਸਾਇਆ ਮਗਰੋਂ ਤਾਂ ਲਹਿਣਾ,
ਬੁਰੇ ਦੇ ਘਰ ਤਕ ਜਦ ਤੂੰ ਉਸ ਦੇ ਮਗਰ ਗਿਆ।

ਨਿਬੰਧ

## ਭਾਰਤ ਦੀ ਕਲਾ ਦੇ ਝੁਕਾ / ਅੰਮ੍ਰਿਤਾ ਸ਼ੇਰਗਿੱਲ

ਕਿਸੇ ਦੇਸ਼ ਦੀ ਕਲਾ ਇਸ ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਦਾ ਪ੍ਰਛਾਵਾਂ ਹੁੰਦਾ ਹੈ। ਉਸ ਕਲਾ ਦੀ ਕਿਸਮ, ਉਸ ਦੀ ਰਚਨਾਤਮਿਕ ਸ਼ਕਤੀ ਦੀ ਅਮੀਰੀ ਜਾਂ ਗਰੀਬੀ ਨੂੰ ਪ੍ਰਤੀਬਿੰਬਤ ਕਰਦੀ ਹੈ। ਤੇ ਉਸ ਕਲਾ ਦੀ ਪ੍ਰਸੰਸਾ ਦੀ ਕਿਸਮ, ਬਦਲੇ ਵਿਚ ਉਸ ਦੇ ਲੋਕਾਂ ਦੇ ਸੁਹਜਾਤਮਿਕ ਅਤੇ ਬੌਧਿਕ ਵਿਕਾਸ ਦੀ ਨਿਸ਼ਾਨੀ ਹੁੰਦੀ ਹੈ। ਸਾਡੇ ਦੇਸ਼ ਵਿਚ ਕਲਾ ਦੀ ਦਸ਼ਾ ਖਾਸ ਤੌਰ ਤੇ ਸੱਭਿਆਚਾਰਕ ਪੁਨਰ ਜਾਗ੍ਰਿਤੀ ਦੀ ਪਾਲਣਾ ਕਰਨ ਵੱਲ ਪਬਲਿਕ ਦਾ ਵਤੀਰਾ ਉਤਸ਼ਾਹਹੀਣ ਤੇ ਨਿਰਾਸ਼ਾਮਈ ਹੈ। ਕੋਈ ਕੋਸ਼ਿਸ਼ ਲੋਕਾਂ ਦੀ ਰੁੱਚੀ ਨੂੰ ਸਿੱਖਿਅਤ ਕਰਨ ਦੀ ਹੋਣੀ ਚਾਹੀਦੀ ਹੈ ਅਤੇ ਸਿੱਟੇ ਵਜੋਂ ਅਸਲੀ ਕਲਾ-ਕਿਰਤਾਂ ਦੀ ਉਪਜ ਨੂੰ ਸ਼ਕਤੀ ਮਿਲਦੀ ਰਹਿੰਦੀ ਹੈ। ਜਿੰਨੀ ਦੇਰ ਤੀਕ ਵਧੇਰੇ ਗਿਣਤੀ ਵਿਚ ਕਲਾਕਾਰ, ਆਪਣੇ ਗੁਜ਼ਾਰੇ ਲਈ ਪਬਲਿਕ ਦੀ ਨੀਵੀਂ ਰੁੱਚੀ ਦੀ ਪੂਰਤੀ ਲਈ ਕੰਮ ਕਰਦੇ ਹਨ, ਸਾਡੀ ਕਲਾ ਦੀ ਪੱਧਰ ਵਿਚ ਵਰਨਣ ਯੋਗ ਸੁਧਾਰ ਨਹੀਂ ਹੋ ਸਕਦਾ।

ਕਲਾਤਮਿਕ ਆਨੰਦ ਵਾਸਤੇ ਆਪਣੇ ਮਾਡਲਾਂ ਦੀ ਸੁੰਦਰਤਾ ਦੀ ਥਾਂ, ਇੱਕ ਪੇਂਟਿੰਗ ਜਾਂ ਇਕ ਬੁੱਤ ਦੀ ਰੰਗਾਤਮਿਕ ਸੁੰਦਰਤਾ ਉੱਤੇ ਨਿਰਭਰ ਕਰਨਾ ਕਲਾ ਦਾ ਊੜਾ ਐੜਾ ਹੈ। ਕੁਦਰਤੀ ਹੀ ਇਸ ਭਾਂਤ ਦੀ ਪ੍ਰਸੰਸਾ ਉੱਚੇ ਪੱਧਰ ਦੀ ਗੱਲ ਹੈ ਤੇ ਇਸ ਨੂੰ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ ਅਤੇ ਬੇਹੱਦ ਦੁਰਲੱਭ ਤੇ ਕੀਮਤੀ ਵੀ।

ਭਾਰਤ ਵਿਚ ਕਲਾ ਦੀ ਮੇਰੀ ਆਲੋਚਨਾ ਪਰੰਪਰਾਵਾਂ ਨਾਲ ਚਿੰਬੜੇ ਰਹਿਣ ਦੇ ਵਿਰੁੱਧ ਹੈ, ਜਿਹੜੀਆਂ ਪਰੰਪਰਾਵਾਂ ਕਦੇ ਬੜੀਆਂ ਸ਼ਕਤੀਸ਼ਾਲੀ, ਸੁਹਿਰਦ ਅਤੇ ਸ਼ਾਨਦਾਰ ਸਨ ਤੇ ਜਿਹੜੀਆਂ ਹੁਣ ਖੋਖਲੇ ਗੁਰਮੰਤਰਾਂ, ਵਰਗੀਆਂ ਕੋਈ ਸ਼ੈਆਂ ਹਨ। ਸਿਵਾਏ ਕੁਝ ਕੁ ਕਲਾਕਾਰਾਂ ਦੇ ਜਿਨਾਂ ਦੀ ਐਸੀ ਸ਼ਖਸੀਅਤ ਹੈ ਕਿ ਜਿਹੜੀ ਪੁਰਾਣੇ ਰਵਾਇਤੀ ਰੂਪ ਵਿਚੋਂ ਵੀ ਕੋਈ ਨਵੀਂ ਚੀਜ਼ ਸਿਰਜ ਲੈਂਦੇ ਹਨ। ਕਿਉਂਕਿ ਉਹ 1200 ਸਾਲ ਪੁਰਾਣੇ ਭਾਰਤ ਨੂੰ ਦੁਬਾਰਾ ਸਿਰਜਣਾ ਚਾਹੁੰਦੇ ਹਨ।(ਜ਼ਰੂਰੀ ਤੌਰ ਤੇ ਇਹ ਸਵੈ-ਧੋਖਾ ਹੈ) ਅਤੇ ਉਹ ਇਹ ਕੁਝ ਪੱਛਮੀ ਕਲਾ ਦੀ ਪੰਜਵੇਂ ਦਰਜੇ ਦੀ ਗੁਲਾਮਾਂ ਵਾਲੀ ਅਤੇ ਪੁਰਾਣੀ (ਬੁੱਢੀ) ਨਕਲ ਦੇ ਮੁਕਾਬਲੇ ਉੱਤੇ ਕਰਨਾ ਚਾਹੁੰਦੇ ਹਨ। ਕਿਉਕਿ ਬਦਕਿਸਮਤੀ ਨਾਲ ਸਾਡੇ ਵਿਚੋਂ ਬਹੁਤਿਆਂ ਕੋਲ ਜੋ ਕਲਾ ਸਹੀ ਤੌਰ ਤੇ ਚੰਗੀ ਹੈ ਤੇ ਜੋ ਬਿਲਕੁਲ ਹੀ ਨਿਕੰਮੀ ਹੈ, ਦੇ ਵਿਚਕਾਰ ਪਛਾਣ ਕਰਨ ਦੀ ਸੋਝੀ ਨਹੀਂ ਹੈ।

ਮੈਂ ਇਹ ਵੇਖਣਾ ਚਾਹੁੰਦੀ ਹਾਂ ਕਿ ਭਾਰਤ ਦੀ ਕਲਾ ਦੋਹਾਂ ਨਾਲੋਂ ਨਾਤਾ ਤੋੜ, ਕੋਈ ਐਸੀ ਕਲਾ ਸਿਰਜੇ, ਜਿਹੜੇ ਏਥੋਂ ਦੀ ਜਾਨਦਾਰ ਮਿੱਟੀ ਨਾਲ ਜੁੜੀ ਹੋਵੇ ਅਤੇ ਫੇਰ ਵੀ ਮੁੱਖ ਤੌਰ ਤੇ ਭਾਰਤੀ ਹੋਵੇ। ਮੈਂ ਨਿੱਜੀ ਤੌਰ ਤੇ ਖੁਦ, ਰੇਖਾ, ਰੰਗ ਤੇ ਡਿਜ਼ਾਇਨ ਦੇ ਮਾਧਿਅਮ ਰਾਹੀਂ ਲੋਕਾਂ ਦੇ ਜੀਵਨ ਦੀ ਵਿਆਖਿਆਕਾਰ ਬਣਨਾ ਚਾਹੁੰਦੀ ਹਾਂ।

ਆਮ ਤੌਰ ਤੇ ਗਰੀਬ ਤੇ ਉਦਾਸ ਲੋਕਾਂ ਦੇ ਜੀਵਨ ਦੀ। ਪਰ ਮੈਂ ਇਸ ਸਮੱਸਿਆ ਨੂੰ ਰੰਗਾਂ ਦੀ ਸ਼ੁੱਧਤਾ ਪੱਖੋਂ ਕੁਝ ਵਧੇਰੇ ਹੀ ਅਮੂਰਤ ਪੱਧਰ ਉੱਤੇ ਪਕੜਦੀ ਹਾਂ, ਇਸ ਕਾਰਨ ਨਹੀਂ ਕਿ ਮੈਂ ਮੁੱਖ ਤੌਰ ਤੇ ਇਕ ਪੇਂਟਰ ਹਾਂ। ਸਗੋਂ ਇਸ ਕਾਰਨ ਕਿ ਮੈਂ ਸਸਤੀ ਜਜ਼ਬਾਤੀ ਅਪੀਲ ਨੂੰ ਘਿਰਣਾ ਕਰਦੀ ਹਾਂ ਤੇ ਇਸ ਲਈ ਮੈਂ ਐਸੀ ਤਸਵੀਰ ਦੀ ਪ੍ਰਚਾਰਕ ਨਹੀਂ, ਜੋ ਕੋਈ ਬਾਤ ਪਾਉਂਦੀ ਹੋਵੇ।

ਭਾਰਤ ਵਿਚ ਏਨੀਆਂ ਅਸਚਰਜ ਅਤੇ ਸ਼ਾਨਦਾਰ ਚੀਜ਼ਾਂ ਹਨ, ਏਨੀਆਂ ਜ਼ਿਆਦਾ ਅਣਵਰਤੀਆਂ ਰੰਗਾਂ ਵਾਲੀਆਂ ਸੰਭਾਵਨਾਵਾਂ ਹਨ ਕਿ ਇਹ ਬੜੀ ਤਰਸ ਦੀ ਗੱਲ ਹੈ ਕਿ ਸਾਡੇ ਵਿਚੋਂ ਬਹੁਤ ਘੱਟ ਲੋਕਾਂ ਨੇ ਇਹਨਾਂ ਵੱਲ ਤੱਕਣ ਦੀ ਤੇ ਵਿਆਖਿਆ ਕਰਨ ਦੀ ਹੋਰ ਵੀ ਘੱਟ ਕੋਸ਼ਿਸ਼ ਨੀਤੀ ਹੈ।"

"ਅੱਖਾਂ ਦੇ ਹੁੰਦਿਆਂ, ਅਸੀਂ ਵੇਖਦੇ ਨਹੀਂ
ਕੰਨਾਂ ਦੇ ਹੁੰਦਿਆਂ, ਅਸੀਂ ਸੁਣਦੇ ਨਹੀਂ।"

●



ਨਜ਼ਮ

## ਮੈਂ ਤਾਰੇ ਵੇਖਣੇ ਨੇ

ਗੁਰਭਜਨ ਗਿੱਲ

ਮੇਰੀਆਂ ਅੱਖਾਂ ਤੋਂ ਅੱਖੜਬਾਨ੍ਹੇ ਖੋਲ੍ਹ ਦੇਵੋ।
ਉਤਾਰ ਦੇਵੋ ਆਪਣੀ ਪਸੰਦ ਦੇ ਖੋਪੇ।
ਰੰਗ ਬਰੰਗੀਆਂ ਦੇਸੀ ਵਿਦੇਸ਼ੀ ਸਾਰੀਆਂ ਐਨਕਾਂ ਲਾਹੋ।
ਮੈਂ ਤਾਰੇ ਵੇਖਣੇ ਨੇ।

ਚਾਰ ਦੀਵਾਰਾਂ ਨੂੰ ਦੂਰ ਹਟਾਓ।
ਖੋਲ੍ਹ ਦੇਵੋ ਦਰ ਦਰਵਾਜ਼ੇ
ਪਿਘਲਾ ਦਿਉ ਕੁੰਡੇ ਜੰਦਰੇ ਤਰਲ ਲੋਹੇ ਵਿਚ
ਪੈਰਾਂ ਵਿਚੋਂ ਜੰਜੀਰਾਂ ਖੋਲ੍ਹੋ।
ਪੁੱਟ ਦਿਓ ਕਿੱਲੇ,
ਲਾਹ ਦਿਓ ਸੰਗਲ,
ਮੈਨੂੰ ਖੁੱਲ੍ਹੀ ਹਵਾ ਵਿਚ ਆਉਣ ਦਿਓ।
ਮੈਂ ਤਾਰੇ ਵੇਖਣੇ ਨੇ।

ਅੰਨ੍ਹੇ ਬੋਲੇ ਸ਼ਹਿਰ ਦੀ ਹਨ੍ਹੇਰੀ ਰਾਤ ਵਿਚ
ਤੁਸੀਂ ਅੰਦਰ ਵੜ ਰਹੋ।
ਚੋਰਾਂ ਤੋਂ ਡਰਦੇ ਅੰਦਰ ਵੜੇ ਰਹੋ
ਮੰਜਾ ਬਿਸਤਰਾ ਨਹੀਂ ਤਾਂ ਨਾ ਸਹੀ,
ਮੈਨੂੰ ਕੋਠੇ ਤੇ ਚੜ੍ਹ ਕੇ ਸੌਣ ਦਿਉ।
ਮੈਂ ਤਾਰੇ ਵੇਖਣੇ ਨੇ।

ਡਰੀ ਹੋਈ ਰਾਤ ਨੂੰ
ਸਰਦ ਜ਼ਜਬਾਤ ਨੂੰ
ਸੁਸਤੀ ਕਮਜ਼ਾਤ ਨੂੰ
ਸੁੱਤੇ ਰਹਿਣ ਦਿਓ
ਮੈਂ ਤਾਰੇ ਵੇਖਣੇ ਨੇ।

ਗੁੰਮ ਸੁੰਮ ਧਰਤੀਆਂ ਨੂੰ
ਰੋਟੀਆਂ ਅਣਪਰਤੀਆਂ ਨੂੰ
ਡਰੇ ਹੋਏ ਪ੍ਰਾਣੀਆਂ ਨੂੰ
ਚਾਟੀਆਂ ਮਧਾਣੀਆਂ ਨੂੰ
ਜੰਮੇ ਹੋਏ ਖ਼ੂਨ ਨੂੰ ਜਮਾਓ।
ਮੈਂ ਤਾਰੇ ਵੇਖਣੇ ਨੇ।

ਲਿਸ਼ਕਦੇ ਪਸੀਨੇ ਨੂੰ,
ਭਾਦਰੋਂ ਮਹੀਨੇ ਨੂੰ,
ਚੁਮਾਸਿਆਂ ਨੂੰ ਆਉਣ ਦਿਓ,
ਮੈਂ ਤਾਰੇ ਵੇਖਣੇ ਨੇ।

ਫੁੱਲਾਂ ਅਤੇ ਟਾਹਣੀਆਂ ਨੂੰ
ਮੇਰੇ ਸਾਰੇ ਹਾਣੀਆਂ ਨੂੰ,
ਹਲੂਣ ਕੇ ਜਗਾਓ,
ਮੈਂ ਤਾਰੇ ਵੇਖਣੇ ਨੇ।

ਅੱਖਾਂ 'ਚੋਂ ਉਦਾਸੀਆਂ ਨੂੰ
ਬੁੱਲਾਂ ਉੱਤੋਂ ਹਾਸੀਆਂ ਨੂੰ
ਜੰਗਲਾਂ 'ਚ ਗੁੰਮ ਹੋਏ
ਸਾਰੇ ਬਨਵਾਸੀਆਂ ਨੂੰ
ਲੱਭ ਕੇ ਲਿਆਉ
ਮੈਂ ਤਾਰੇ ਵੇਖਣੇ ਨੇ।

ਬੁਝੇ ਹੋਏ ਚਿਰਾਗਾਂ ਨੂੰ
ਗੁੰਮ ਚੁਕੇ ਰਾਗਾਂ ਨੂੰ,
ਡਾਢੇ ਹੀ ਉਦਾਸ ਜਹੇ
ਉਜੜੇ ਜਹੇ ਬਾਗਾਂ ਨੂੰ
ਫੇਰ ਤੋਂ ਵਸਾਓ
ਮੈਂ ਤਾਰੇ ਵੇਖਣੇ ਨੇ।

ਜ਼ਿੰਦਗੀ ਦੇ ਨੂਰ ਨੂੰ
ਟੁੱਟ ਗਈ ਦਿਹਾੜੀ ਜੀਹਦੀ
ਓਸ ਮਜ਼ਦੂਰ ਨੂੰ
ਉਸ ਤੋਂ ਵੀ ਡਾਢੇ ਕਿਸੇ ਹੋਰ ਮਜਬੂਰ ਨੂੰ
ਭੁੱਖੇ ਭਾਣੇ ਸੁੱਤੇ ਹੋਏ ਭੁੱਖ ਦੇ ਤੰਦੂਰ ਨੂੰ
ਮੈਂ ਤਾਰੇ ਵੇਖਣੇ ਨੇ।

●

# ਅਜ਼ੀਮ ਪੰਜਾਬੀ ਅਦਬ ਨੂੰ ਮੇਰਾ ਸਲਾਮ

ਅਫ਼ਜ਼ਲ ਤੌਸੀਫ਼

ਤੇਰੇ ਦਰਬਾਰ ਵਿਚ ਇਕ ਵਾਰ ਫਿਰ ਨਜ਼ਰਾਨਾ ਲੈ ਕੇ ਆਈ ਹਾਂ, ਕਹਾਣੀਆਂ ਦਾ ਤੀਜਾ ਪਰਾਗਾ, 'ਅਮਨ ਵੇਲੇ ਮਿਲਾਂਗੇ' ਵੇਲੇ ਸਿਰ ਇਹ ਕਹਾਣੀਆਂ ਛਪ ਗਈਆਂ। ਅੱਜ ਵੇਲਾ ਤੰਗ ਏ, ਕੱਲ੍ਹ ਵਾਸਤੇ ਅਮਨ ਦੀ ਆਸ ਤਾਂ ਹੈ। ਪਰ ਪਤਾ ਨਹੀਂ ਕੱਲ੍ਹ ਨੂੰ ਕੀ ਹੋਣਾ ਏ। ਮੇਰੀਆਂ ਕਹਾਣੀਆਂ ਦਾ ਪਹਿਲਾ ਪਰਾਗਾ 'ਟਾਹਲੀ ਮੇਰੇ ਬੱਚੜੇ' ਓਸ ਜ਼ਮਾਨੇ ਵਿਚ ਛਪੀ ਹੈ, ਜਦੋਂ ਮੈਂ ਮਿਲਟਰੀ ਕੋਰਟ ਵਿਚ ਆਪਣੇ ਲੋਕਾਂ ਵਲੋਂ ਗਵਾਹੀ ਦੇਣ ਗਈ ਸਾਂ ਤੇ ਘੁੱਗੀ ਨਿਮਾਣੀ ਨੂੰ ਚੁੰਝ ਵਿਚ ਤੀਲਾ ਲੈ ਕੇ ਤੋਪ ਦੇ ਮੂੰਹ ਤੇ ਬੈਠੀ ਨੂੰ ਵੇਖਿਆ ਸੀ। ਪੰਜਾਬੀ ਦੀਆਂ ਟਾਹਲੀਆਂ ਜ਼ਾਲਮਾਂ ਨੇ ਵੱਢ ਕੇ ਆਪਣੇ ਬੈਠਣ ਲਈ ਕੁਰਸੀਆਂ ਬਣਵਾ ਲਈਆਂ। ਲੋਕਾਂ ਦੀ ਛਾਂ ਤੇ ਪੰਛੀ ਦੀ ਥਾਂ ਉੱਜੜ ਗਈ। ਅਜਿਹੇ ਵੇਲੇ ਮੇਰੇ ਵਰਗੀ ਕੀ ਕਰੇ? ਕਰਮਾਂ ਦੀ ਰੱਸੀ ਵੱਟਣ ਦੀ ਬਜਾਏ ਕਹਾਣੀ-ਕਥਾ ਚੰਗਾ ਕੰਮ ਏ। ਪੰਜਾਬੀ ਦੁਨੀਆਂ ਨੂੰ ਉਹ ਕਹਾਣੀਆਂ, ਪਸੰਦ ਆਈਆਂ, ਕਿਸੇ ਨੇ ਸ਼ਾਬਾਸ਼ ਦਿੱਤੀ, ਕਿਸੇ ਨੇ ਇਨਾਮ ਦਿੱਤਾ। ਅੰਮ੍ਰਿਤਾ ਪ੍ਰੀਤਮ ਵਰਗੀ ਕਹਾਣੀ ਦੀ ਰਾਣੀ ਨੇ ਪੂਰਾ ਸਨਮਾਨ ਦਿੱਤਾ। ਗੁਰਮੁਖੀ ਦਾ ਚੋਲਾ ਪਾ ਕੇ ਉਹ ਕਹਾਣੀਆਂ ਦਿੱਲੀ ਤੋਂ ਵੀ ਛਪੀਆਂ, ਤਾਂ ਸਾਰੇ ਚੜ੍ਹਦੇ ਪੰਜਾਬ ਵਿਚ ਵੀ ਆਪਣੀ ਪਛਾਣ ਬਣਾ ਗਈਆਂ।

ਏਸ ਤੇ ਅੱਗੇ ਜਦੋਂ ਸਾਡੇ ਦੇਸ਼ ਵਿਚ ਤੇ ਸਾਰੀ ਤੀਸਰੀ ਦੁਨੀਆਂ ਵਿਚ, "ਪੰਝੀਵਾਂ ਘੰਟਾ" ਚੱਲ ਰਿਹਾ ਸੀ, ਬੇਪਛਾਣ ਵੇਲੇ ਦੀ ਸੂਈ ਇਕ ਸਵਾਲ ਲੈ ਕੇ ਖੜ੍ਹੀ ਪੁੱਛ ਰਹੀ ਸੀ, ਅੱਗੋਂ ਕੀ? ਦੁਨੀਆਂ ਦੀ ਗੇਂਦ ਆਪਣੇ ਦੁਆਲੇ ਘੁੰਮਦੀ ਮਦਾਰ ਤੋਂ ਹਟ ਰਹੀ ਸੀ। ਜੇ ਇਕੋ ਥਾਂ ਜੰਮ ਗਈ ਤਾਂ ਅੱਗ ਦਾ ਗੋਲਾ ਬਣ ਜਾਊ ਜਾਂ ਬਰਫ਼ ਦਾ ਡਲਾ। ਜੇ ਕਿਤੇ ਇੰਝ ਹੋ ਗਿਆ ਤਾਂ ਕਹਾਣੀ ਮੁੱਕ ਜਾਣੀ ਏਂ।" ਆਦਮ-ਹਵਾ ਦੀ ਕਹਾਣੀ, ਮਾਈ ਅਨਾਰਾਂ ਵਾਲੀ ਦੀ ਕਹਾਣੀ, ਘੁੱਗੀ ਦੀ ਕਹਾਣੀ, ਟਾਹਲੀ ਆਹਲਣੇ ਦੀ ਕਹਾਣੀ ਵੀ ਕਿੱਥੇ ਬੱਚਣੀ ਏਂ। ਉਸ ਵੇਲੇ ਮੇਰੇ ਸਾਹਮਣੇ ਕਹਾਣੀਆਂ ਦਾ ਦੂਜਾ ਪਰਾਗਾ ਤਿਆਰ ਪਿਆ ਸੀ। ਇਲਿਆਸ ਘੁੰਮਣ ਇਹਨਾਂ ਕਹਾਣੀਆਂ ਨੂੰ ਛਾਪਣ ਲਈ ਤਿਆਰ ਸੀ। ਕਿਤਾਬ ਦਾ ਨਾਂ ਕੀ ਰੱਖਣਾ ਏਂ? ਓਸ ਮੇਰੇ ਕੋਲੋਂ ਪੁੱਛਿਆ ਸੀ। ਕਿਤਾਬ ਦਾ ਨਾਂ ਵੇਲੇ ਦੇ ਨਾਂ ਤੇ ਰੱਖ ਦਿੱਤਾ ਗਿਆ। "ਪੰਝੀਵਾਂ ਘੰਟਾ" ਪੰਝੀ ਕਹਾਣੀਆਂ ਦਾ ਦੂਜਾ ਪਰਾਗਾ, ਮੇਰੇ ਵਲੋਂ ਪੰਜਾਬੀ ਅਦਬ ਦੇ ਸ਼ੈਲਫ਼ ਤੇ ਸੱਜ ਗਿਆ। ਪੰਜਾਬ ਦੇ ਲੋਕਾਂ ਨੂੰ ਅੱਪੜ ਗਿਆ ਤੇ ਏਸ ਲਾਇਕ ਵੀ ਹੋ ਗਿਆ ਕਿ ਦੂਜੀਆਂ ਜ਼ੁਬਾਨਾਂ ਲਿਖਣ ਪੜ੍ਹਨ ਵਾਲਿਆਂ ਨੇ ਅੱਖ ਚੁੱਕ ਕੇ ਇਹਨਾਂ ਕਹਾਣੀਆਂ ਵੱਲ ਵੇਖਿਆ। ਇਹਨਾਂ ਦੇ ਤਰਜਮੇਂ ਕੀਤੇ, ਤਬਸਰੇ ਲਿਖੇ। ਮੈਨੂੰ ਖੁਸ਼ੀ ਹੋਈ। ਵੀਹਵੀਂ ਸਦੀ ਨੇ ਜਾਂਦੇ-ਜਾਂਦੇ ਪੰਜਾਬੀ ਦੀ ਉੱਘੀ 'ਕਹਾਣੀ ਕਾਰ ਦਾ ਲਕਬ' ਦਿੱਤਾ, ਮੈਨੂੰ ਹੋਰ ਕੀ ਚਾਹੀਦਾ ਏ। ਏਹੋ ਕਹਾਣੀਆਂ ਵਾਰਿਸ ਸ਼ਾਹ ਨੂੰ ਵੀ ਪਸੰਦ ਆਈਆਂ। ਏਹੋ ਕਹਾਣੀਆਂ ਬਾਬਾ ਫਰੀਦ ਐਵਾਰਡ ਲਿਆਈਆਂ। ਇਹ ਸਾਰੀਆਂ ਕਹਾਣੀਆਂ ਲੋਕਾਂ ਤੇ ਲੋਕਾ ਦੀ ਦੁਨੀਆਂ ਦੀਆਂ ਕਹਾਣੀਆਂ ਸੀ। ਮੈਂ ਤਾਂ ਬੱਸ ਉਲੀਕ ਛੱਡੀਆਂ। ਪਰ ਏਸ ਕੰਮ ਤੋਂ ਪਹਿਲਾਂ ਮੈਂ ਲੋਕਾਂ ਦਾ ਦਰਦ ਜ਼ਰੂਰ ਚੱਖਿਆ।

ਏਸ ਵਿਚਕਾਰ ਮੈਂ ਇਕ ਹੋਰ ਕਹਾਣੀ ਵੀ ਲਿਖੀ, ਉਹ ਕਹਾਣੀ ਜੋ ਮੈਂ ਆਪ ਜੀ ਕੇ ਵੇਖੀ ਤੇ ਮਰ ਕੇ ਵੀ। ਏਹੋ ਤਾਂ ਗੱਲ ਏ। ਕਹਾਣੀ ਅੰਦਰ ਵੀ ਇੱਕ ਜੀਊਣਾ ਮਰਨਾ ਹੁੰਦਾ ਹੈ। ਏਸੇ ਤਰ੍ਹਾਂ ਕਹਾਣੀ ਆਪ ਆਪਣੀ ਜੂਨ ਜੀਊਂਦੀ ਹੈ, ਮਰਦੀ ਰਹਿੰਦੀ ਏ। ਅਜਿਹੀ ਇਕ ਕਹਾਣੀ ਮੈਂ ਲਿਖੀ "ਮਨ ਦੀਆਂ ਬਸਤੀਆਂ" ਇਹ ਮੇਰੀ ਕਹਾਣੀ ਏ। ਮੈਂ ਦੁਨੀਆਂ ਤੇ



ਆਈ, ਖੌਰੇ ਇਸ ਕਹਾਣੀ ਵਾਸਤੇ। ਸੱਚੀ ਗੱਲ ਏ ਏਸ ਕਹਾਣੀ ਤੋਂ ਵੱਖ ਮੈਂ ਕੀਤਾ ਵੀ ਕੀ? ਬਹੁਤ ਸਾਰੇ ਕਾਲਮ ਵੀ ਲਿਖੇ। ਬਥੇਰੀਆਂ ਕਹਾਣੀਆਂ ਕਾਲਮਾਂ ਅੰਦਰ ਵੀ ਲਿਖੀਆਂ ਗਈਆਂ। ਇੱਕ ਜਹਾਨ ਮੇਰਾ, ਇਕ ਮੇਰੀ ਦੁਨੀਆਂ। ਏਸ ਦੁਨੀਆਂ ਨੂੰ ਵੇਖਣ ਸਮਝਣ ਦੀ ਕੋਸ਼ਿਸ਼ ਉਹਨਾਂ ਸਾਰਿਆਂ ਨੇ ਕੀਤੀ, ਜਿਹਨਾਂ ਉਹ ਕਹਾਣੀਆਂ ਪੜ੍ਹੀਆਂ, ਪੜ੍ਹ ਕੇ ਆਪਣੀਆਂ ਕਰ ਲਈਆਂ। ਕੱਲ ਈ ਦਲੀਪ ਟਿਵਾਣਾ ਦਾ ਖ਼ਤ ਆਇਆ। ਉਹ ਖ਼ਤ ਕਹਿੰਦਾ ਏ, ਲੈ ਅਫ਼ਜ਼ਲ ਤੌਸ਼ੀਫ ਅੱਜ ਸਾਰੇ ਪੰਜਾਬ ਨੇ ਤੇਰੀ ਦਾਸਤਾਨ ਹਮੇਸ਼ਾਂ ਲਈ ਸੰਭਾਲ ਲਈ ਏ। ਏਸ ਦੇ ਨਾਲ ਹੀ ਉਹ ਸਾਰੇ ਕਲੰਕ ਵੀ ਪ੍ਰਵਾਨ ਕਰ ਲਏ ਨੇ, ਜੋ ਇਤਿਹਾਸ ਨੇ ਉਹਦੇ ਮੱਥੇ ਉੱਤੇ ਲਗਾ ਦਿੱਤੇ ਨੇ, ਏਸ ਆਸ ਤੇ ਵਿਸ਼ਵਾਸ ਨਾਲ ਕਿ ਧੀ ਜਦੋਂ ਹਉਂਕਾ ਲੈਂਦੀ ਏ ਤਾਂ ਘਰ ਦੇ ਚਾਰੇ ਖੂੰਜੇ ਹਿਲਦੇ ਨੇ। ਮੁੜ ਕਿਸੇ ਜੀ ਨੂੰ ਹਉਂਕਿਆਂ ਦੀ ਦਾਸਤਾਨ ਨਾ ਲਿਖਣੀ ਪਵੇ।" ਖਾਹਿਸ਼ ਤੇ ਆਸ ਦੀ ਗੱਲ ਵੱਖਰੀ ਹੁੰਦੀ ਏ।

ਸਾਡੀ ਦੁਨੀਆਂ ਵਿਚ ਹਉਂਕਿਆਂ ਦੀ ਦਾਸਤਾਨ ਚਲਦੀ ਰਹਿਣੀ ਏ। ਏਸ ਦਾਸਤਾਨ ਨੂੰ ਸਾਂਭਣ ਵਾਲੇ ਹੋਣੇ ਚਾਹੀਦੇ ਨੇ। "ਮਨ ਦੀਆਂ ਬਸਤੀਆਂ" ਵੀ ਲਿਖੀ ਸੀ, ਲਿੱਪੀ ਅੰਤਰ ਹੋ ਕੇ ਚੜ੍ਹਦੇ ਪੰਜਾਬ ਵਿਚ ਛਪ ਗਈ। ਮੇਰੀ ਤਸੱਲੀ, ਏਸ ਕਹਾਣੀ ਅੰਦਰ ਕਿੰਨੇ ਸਾਰੇ ਲੋਕਾਂ ਦੀ ਕਹਾਣੀ ਰਲੀ ਹੋਈ ਏ। ਪੰਜਾਬ ਤੀਸਰੀ ਦੁਨੀਆਂ ਦਾ ਹਿੱਸਾ ਆਪ ਇਕ ਕਹਾਣੀ ਬਣ ਚੁੱਕਾ ਏ। ਏਸ ਧਰਤੀ ਉੱਤੇ ਕਹਾਣੀ ਕਣਕਾਂ ਵਾਂਗ ਉੱਗਦੀ ਏ। ਮਿੱਟੀ ਜ਼ਰਖੇਜ਼, ਹਿਸਟਰੀ ਗਮਾਂ ਦੀ ਦਾਸਤਾਨ, ਇੱਕ ਗੱਲ ਏ, ਏਥੇ ਕਾਸ਼ਤਕਾਰ ਥੋੜ੍ਹੇ ਨੇ । ਲਿਖਣ ਵਾਲਾ ਤਾਂ ਕਾਸ਼ਤਕਾਰ ਈ ਹੁੰਦਾ ਏ। ਕਹਾਣੀ ਤਾਂ ਕਿਰਦਾਰ ਦੇ ਹੱਡ ਮਾਸ ਵਿਚੋਂ ਉੱਗਦੀ ਏ। ਕਣਕ ਦਾ ਬੂਟਾ ਅਖੀਰ ਤੇ ਕਿਸੇ ਲਈ ਰੋਟੀ ਦੀ ਬੁਰਕੀ ਬਣ ਜਾਂਦਾ ਏਂ, ਕਿਸੇ ਦਾ ਢਿੱਡ ਭਰਦਾ ਏ। ਏਸੇ ਤਰ੍ਹਾਂ ਕਹਾਣੀ ਪਾਠਕ ਕੋਲ ਪੁੱਜਣ ਤੋਂ ਪਹਿਲਾਂ ਕਈ ਥਾਵਾਂ ਤੇ ਪਰਵਰਿਸ਼ ਪਾਉਂਦੀ ਏ।

ਕਿਰਦਾਰ ਦੀ ਕੁੱਖ ਤੋਂ ਲੈ ਕੇ ਲਿਖਾਰੀ ਦੀ ਕਲਮ ਤੋੜੀ, ਬੜੀ ਕਾਸ਼ਤਕਾਰੀ ਏ ਭਾਈ, ਫੇਰ ਦੀ ਮੰਡੀ ਦਾ ਕੰਮ ਰਹਿ ਜਾਂਦਾ। ਕਹਾਣੀ ਦਾ ਛਾਪੇ ਚੜ੍ਹਨਾ, ਮਾਰਕੀਟ ਦੇ ਸ਼ੋਰੂਮ ਤਾਈਂ ਜਾਣਾ ਇੱਕ ਵੱਡਾ ਮਰਹਲਾ। ਪਰ ਜਦੋਂ ਤੁਸੀਂ ਕਹਾਣੀ ਪੜ੍ਹ ਰਹੇ ਹੁੰਦੇ ਓ ਤਾਂ ਬੱਸ ਲਿਖਾਰੀ ਯਾਦ ਰਹਿੰਦਾ ਏ। ਲਿਖਾਰੀ ਕੌਣ ਏ? ਕਿਹੋ ਜਿਹਾ ਏ, ਸਿਫ਼ਤ ਕਰੋ ਜਾਂ ਨਿੰਦ ਦਿਓ। ਤੁਹਾਡੀ ਮਰਜ਼ੀ ............... ਸਾਡੇ ਏਥੇ ਕਹਾਣੀ ਦੇ ਪਾਠਕ ਥੋੜ੍ਹੇ ਨਹੀਂ। ਪਰ ਨੱਕਾਦ (ਆਲੋਚਕ) ਬਹੁਤ ਈ ਥੋੜ੍ਹੇ ਨੇ, ਪਾਰਖੂ ਹਾਲੇ ਜੰਮਿਆ ਨਹੀਂ।

ਫੇਰ ਵੀ ਕਹਾਣੀ ਅਦਬ ਦੀ ਰਾਣੀ ਏ। ਫਿਕਸ਼ਨ ਦਾ ਬੜਾ ਖਾਸ ਹਿੱਸਾ। ਜੇ ਸ਼ਾਇਰੀ ਦਿਲ ਵਰਗੀ ਏ ਤਾਂ ਕਹਾਣੀ ਅੱਖ ਵਰਗੀ........... ਕਹਾਣੀ ਕੋਲੋ ਰੋਸ਼ਨੀ ਵੀ ਹੁੰਦੀ ਏ। ਅੱਥਰੂ ਵੀ, ਉਦਾਸੀ ਵੀ ਆਉਂਦੀ ਏ। ਖੁਸ਼ੀ ਦੀ ਝਲਕ ਵੀ ਪੈਂਦੀ ਤੇ ਪੜ੍ਹਨ ਵਾਲੇ ਨੂੰ ਪੂਰੀ ਤਸੱਲੀ ਦੇਣ ਵਾਲੀ ਸਿਨਫ ਵੀ ਤਾਂ ਕਹਾਣੀ ਏ, ਕਣਕ ਦੀ ਰੋਟੀ ਵਰਗੇ, ਸੌ ਮਿਠਾਈਆਂ ਮੇਵੇ ਖਾ ਲਓ, ਰੋਟੀ ਬਿਨਾਂ ਭੁੱਖ ਨਹੀਂ ਲਹਿੰਦੀ। ਇਕ ਵਾਰੀ ਇੱਕ ਨਜ਼ਮ ਲਿਖੀ ਸੀ, "ਸਾਡੀ ਤੇ ਕਣਕਾਂ ਦੀ ਇਕੋ ਕਹਾਣੀ" ਪਿੱਛੋਂ ਆਪੇ ਕਹਾਣੀ ਹੋ ਗਈ।

ਕਹਾਣੀ ਤੇ ਕਣਕ ਬਿਨਾਂ ਆਦਮ-ਹਵਾ ਦੀ ਲੋੜ ਪੂਰੀ ਨਹੀਂ ਹੋ ਸਕਦੀ। ਦੁਨੀਆਂ ਦੀ ਪਹਿਲੀ ਕਹਾਣੀ ਵੀ ਆਦਮ ਤੇ ਕਣਕ ਦੇ ਦਾਣੇ ਦੀ ਕਹਾਣੀ ਏ, ਏਸ ਕਹਾਣੀ ਦਾ ਪਹਿਲਾਂ-ਪਹਿਲਾਂ ਖਾਲਕ ਖੌਰੇ ਕੌਣ ਸੀ? ਮਗਰੋਂ ਤਾਂ ਹਜ਼ਾਰਾਂ ਹੋਏ। ਵੇਲਾ ਬਦਲ ਜਾਂਦਾ ਰਿਹਾ। ਕਹਾਣੀ ਦੀ ਤਕਦੀਰ ਵੀ ਬਦਲ ਜਾਂਦੀ ਸੀ। ਅੱਜ ਤਾਂ ਜਿੰਨੀਆਂ ਕਹਾਣੀਆਂ, ਓਨੀਆਂ ਤਕਨੀਕਾਂ ਨਿਕਲ ਆਈਆਂ। ਕਹਾਣੀ ਦਾ ਸ਼ਊਰ ਵਧ ਗਿਆ ਏ, ਲਿਖਾਰੀ ਵਾਸਤੇ ਬੜੀ ਮੁਸ਼ਕਿਲ ਹੋ ਗਈ ਏ, ਇਹ ਮੁਸ਼ਕਿਲ ਉਹਦੇ ਕਲਾ ਹੋ ਜਾਣ ਦੀ ਮੁਸ਼ਕਿਲ ਏ। ਆਦਮੀ ਦੀ ਜ਼ਿੰਦਗੀ ਕੋਲੋਂ ਅੱਕ ਜਾਣ ਦੀ ਮੁਸ਼ਕਿਲ ਵੀ ਹੈ ਤੇ ਜ਼ਿੰਦਗੀ ਨਾਲੋਂ ਪੱਛੜ ਜਾਣ ਦੀ ਮੁਸ਼ਕਿਲ ਵੀ। ਅਮਨ ਦੀ ਕਹਾਣੀ ਲਿਖਣਾ ਆਸਾਨ ਏ, ਪਰ ਜੰਗ ਦੀ

ਕਹਾਣੀ ਕਿੱਥੇ ਬਹਿ ਕੇ ਲਿਖੋਗੇ। ਉੱਤੇ ਬੰਬਾਰੀ ਦਾ ਖਤਰਾ ਏ, ਥੱਲੇ ਸੁਰੰਗ ਫੱਟ ਸਕਦੀ ਏ, ਕਿਸੇ ਵੇਲੇ ਤਾਂ ਇੰਝ ਲਗਦਾ ਏ, ਤੁਸੀਂ ਜਿਸ ਕਿਰਦਾਰ ਬਾਰੇ ਲਿਖ ਰਹੇ ਹੋ, ਉਹ ਹੀ ਕਿਰਦਾਰ ਬੰਦੂਕ ਦੀ ਨਾਲੀ ਤੁਹਾਡੀ ਪੁੜ-ਪੁੜੀ ਤੇ ਰੱਖ ਦਿੰਦਾ ਏ, ਹੋਰ ਤਾਂ ਹੋਰ ਕਹਾਣੀ ਆਪ ਕਲਾਸ਼ਨੀਕੋਵ ਤਾਣ ਕੇ ਆਰਡਰ ਦਿੰਦੀ ਏ। "ਰੱਖ ਦੇ ਕਲਮ, ਰੋੜ੍ਹ ਦੇ ਸਿਆਹੀ, ਪਾੜ ਦੇ ਖਰੜਾ"

ਮੇਰੇ ਨਾਲ ਕਈ ਵਾਰੀ ਏਸ ਤਰ੍ਹਾਂ ਵੀ ਹੋਈ, ਤੰਗ ਆ ਕੇ ਮੈਂ ਇਨਸਾਨ ਦੀ ਦੁਨੀਆਂ ਵਿਚੋਂ ਮੂੰਹ ਮੋੜ ਕੇ ਕੁਦਰਤ ਵੱਲ ਵੇਖਿਆ, ਧਰਤੀ ਦੇ ਦੂਜੇ ਵਾਸੀਆਂ ਬਣ-ਵਾਸੀਆਂ ਵੱਲ ਨਿਗ੍ਹਾ ਕੀਤੀ। ਦਰੱਖਤ, ਚਿੜੀਆਂ, ਬੁਲਬੁਲ, ਜਾਨਵਰ ਸਾਰੇ ਈ ਕਹਾਣੀਆਂ ਬਣਾਉਂਦੇ ਨੇ। ਇਨਸਾਨ ਕਦੇ ਉਹਨਾਂ ਦੇ ਨਾਲ ਹੁੰਦਾ ਸੀ, ਅੱਜ ਦੁਸ਼ਮਣ ਹੋ ਗਿਆ। ਬਰਬਾਦ ਕਰੀ ਜਾਂਦਾ, ਆਹਲਣੇ ਢਾਹੀ ਜਾਂਦਾ। ਦਰੱਖਤ ਵੱਢੀ ਜਾਂਦਾ। ਉਹਨਾਂ ਦੇ ਬੱਚੇ ਵੇਚ ਦਿੰਦਾ। ਉਹਨਾਂ ਦੇ ਬੱਚੇ ਭੁੰਨ ਕੇ ਖਾ ਜਾਂਦਾ। ਇਨਸਾਨ ਹੀਰੋ ਨਹੀਂ ਰਿਹਾ। ਵਿਲਨ (ਸ਼ੈਤਾਨ) ਬਣ ਗਿਆ ਏ। ਇਨਸਾਨ ਸਾਧੂ ਨਹੀਂ ਰਿਹਾ, ਡਾਕੂ ਬਣ ਗਿਆ ਏ, ਜ਼ਮੀਨ ਦਾ ਦੁਸ਼ਮਣ, ਜ਼ਿੰਦਗੀ ਦਾ ਵੈਰੀ, ਕਹਾਣੀ ਦਾ ਕਾਤਲ।

ਖੌਰੇ ਏਸੇ ਬੇਇੱਜ਼ਤੀ ਦੀ ਵਜ੍ਹਾ ਤੋਂ ਮੇਰੀ ਕਹਾਣੀ ਦਾ ਇਤਬਾਰ ਵੀ ਬਦਲ ਗਿਆ ਏ। "ਅਮਨ ਵੇਲੇ ਮਿਲਾਂਗੇ" ਏਸ ਪਰਾਗੇ ਦੀਆਂ ਕਹਾਣੀਆਂ ਦਾ ਕਲਚਰ ਬਦਲ ਗਿਆ ਏ। ਤੁਹਾਨੂੰ ਏਸ ਤਬਦੀਲੀ ਦਾ ਪਤਾ ਲੱਗ ਸਕਦਾ ਏ, ਜੇ ਤੁਸੀਂ ਨੂੰ 'ਟਾਹਲੀ ਮੇਰੇ ਬੱਚੜੇ', 'ਮਾਈ ਅਨਾਰਾਂ ਵਾਲੀ' ਤੇ 'ਪੰਝੀਵਾਂ ਘੰਟਾ' ਦੀਆਂ ਕਹਾਣੀਆਂ ਪੜ੍ਹੀਆਂ ਹੁੰਦੀਆਂ। ਏਸ ਪਰਾਗੇ ਦੀਆਂ ਕਹਾਣੀਆਂ ਵਿਚ ਮੈਂ ਆਪਣੇ ਆਪਦੀ ਗੱਲ ਵੀ ਸੁਣੀ ਏ। 'ਅਮਨ ਦੀਆਂ ਬਸਤੀਆਂ' ਲਿਖਣ ਤੋਂ ਪਹਿਲਾਂ ਮੈਂ ਕਦੇ ਵੀ ਆਪਣੇ ਆਪ ਨੂੰ ਧਰਤੀ ਤੋਂ ਅਲੱਗ ਖੜ੍ਹੀ ਕਰ ਕੇ ਕਦੇ ਵੇਖਿਆ ਈ ਨਹੀਂ ਸੀ। ਮੇਰੇ ਪੈਰਾਂ 'ਚ ਕਿੰਨੇ ਕੁ ਕੰਡੇ, ਕਿੰਨਾ ਕੁ ਛਾਲੇ, ਮੇਰੇ ਦਿਲ ਤੇ ਕਿੰਨੇ ਕੁ ਨੀਲ ਮੇਰੀਆਂ ਉਂਗਲਾਂ ਤੇ ਕਿੰਨੇ ਕੁ ਅੱਟਣ ਪਏ ਹੋਏ ਨੇ। ਮੇਰੀ ਟਰੇਨਿੰਗ, ਮੇਰਾ ਕਲਚਰ ਕੁਝ ਏਸ ਕਿਸਮ ਦਾ ਵੀ ਸੀ, ਮੈਂ ਲੋਕਾਂ ਵਿਚੋਂ ਲੋਕਾਂ ਦੇ ਨਾਲ ਤੇ ਲੋਕਾਂ ਵਾਸਤੇ ਹਾਂ। ਲੋਕ ਵੀ ਕਿਹੜੇ? ਗਰੀਬੀ ਤੇ ਗੁਲਾਮੀ ਦੇ ਮਾਰੇ ਹੋਏ, ਜੱਦੋ-ਜਹਿਦ ਕਰਦੇ, ਜੱਦੋ-ਜਹਿਦ ਹਾਰਦੇ ਹੋਏ। ਲੋਕਾਂ ਦੀਆਂ ਤਹਿਰੀਕਾਂ ਲੋਕ-ਸਿਆਸਤ ਦੀਆਂ ਲਹਿਰਾਂ ਦੇ ਨਾਲ-ਨਾਲ ਟੁਰਦੀ ਰਹੀ ਹਾਂ। ਅੱਜ ਜੀਵਨ ਦੀ ਸਾਂਝ ਸਮੇਂ ਮੈਨੂੰ ਏਸ ਦੁਨੀਆਂ ਬਾਰੇ ਬੜੀਆਂ ਫ਼ਿਕਰਾਂ ਨੇ, ਪਰ ਆਪਣੇ ਬਾਰੇ ਕੋਈ ਨਾ ਜੋ ਹੋਇਆ, ਠੀਕ ਹੋਇਆ। ਮੈਂ ਆਪਣੇ ਦੇਸ ਦੇ ਲੋਕਾਂ ਨਾਲ ਰਹੀ। ਮੇਰੇ ਨਾਲ ਵੀ ਓਸੇ ਤਰ੍ਹਾਂ ਦੀ ਹੋਈ, ਜਿਸ ਤਰ੍ਹਾਂ ਦੀ ਉਹਨਾਂ ਸਾਰਿਆਂ ਨਾਲ ਹੋਈ। ਮੈਂ ਇਸ ਧਰਤੀ ਉੱਤੇ ਖਿੱਲਰੀ ਹੋਈ, ਓਸ ਮਹਾਨ ਦੁਨੀਆਂ ਨਾਲ ਰਹੀ, ਜਿਹਨੂੰ ਤੀਸਰੀ ਦੁਨੀਆਂ ਕਹਿੰਦੇ ਨੇ, ਏਸ ਦੁਨੀਆਂ ਦੇ ਸਾਰੇ ਸੁੱਖ-ਸੰਤਾਪ ਵਿਚ ਹਿੱਸੇਦਾਰ ਹੋ ਕੇ ਵੱਸੀ ਵੀ, ਉੱਜੜੀ ਵੀ। ਮੇਰੀ ਕਹਾਣੀ ਕੋਲ ਐਡੇ ਵੱਡੇ ਦਰਦ ਸਾਂਭਣ ਜੋਗੀ ਤਾਕਤ ਪੂਰੀ ਨਹੀਂ ਸੀ। ਤਾਹੀਓਂ ਮੈਂ ਹੋਰ ਰਸਤੇ ਵੀ ਲੱਭੇ। ਕਾਲਮ ਲਿਖੇ, ਨਜ਼ਮਾਂ ਲਿਖੀਆਂ, ਸਿਆਸੀ ਲੇਖ ਵੀ ਲਿਖੇ। ਅੱਜ ਵੇਖਾਂ ਤਾਂ ਪਿਛਲੇ ਤੀਹ ਵਰ੍ਹਿਆਂ ਵਿਚ ਤੀਹ ਕਿਤਾਬਾਂ ਪਬਲਿਸ਼ ਕੀਤੀਆਂ। ਕਾਲਮ ਤਾਂ ਹਜ਼ਾਰਾਂ ਲਿਖ ਛੱਡੇ, ਉਹਨਾਂ ਕਾਲਮਾਂ ਅੰਦਰ ਬਥੇਰੀਆਂ ਕਹਾਣੀਆਂ ਲਿਖੀਆਂ ਗਈਆਂ ਜਾਂ ਮੁੱਕ ਗਈਆਂ, ਪਰ ਆਪ ਕਹਾਣੀ ਤਾਂ ਰਾਣੀ ਏ। ਅਦਬ ਦੀ ਰਾਣੀ ਨੂੰ ਆਪਣੇ ਘਰ ਲਿਆਉਣ ਲਈ ਬੜਾ ਆਹਰ ਕਰਨਾ ਪੈਂਦਾ। ਹੌਲੀ-ਹੌਲੀ ਆਉਂਦੀ ਏ। ਪਿਛਲੇ ਤੀਹ ਵਰ੍ਹਿਆਂ ਵਿਚ ਪੰਜਾਬੀ ਤੇ ਉਰਦੂ ਕਹਾਣੀ ਦੇ ਪੰਜ ਪਰਾਗੇ ਛਾਪ ਸਕੀ ਆਂ? ਕਈ ਅਣਛਪੀਆਂ ਤੇ ਅਣਲਿਖੀਆਂ ਕਹਾਣੀਆਂ ਰਹਿ ਗਈਆਂ। ............ ਅੱਗੇ ਇੱਕ ਸਵਾਲ ਏ।

ਕਿੰਨੇ ਮਿੱਤਰ ਪੁੱਛਦੇ ਨੇ। ਏਡਾ ਖਿਲਾਰ ਕਿਉਂ ਪਾਇਆ? ਨਿਰੀ ਕਹਾਣੀ ਕਿਉਂ ਨਾ ਲਿਖੀ। ਕਹਾਣੀ ਅੰਦਰ ਤਾਂ ਸਭ ਕੁਝ ਆ ਸਕਦਾ ਏ, ਠੀਕ ਏ ਪਰ ਜੇ ਕਹਾਣੀ ਰੋਜ਼ ਛਪ



ਸਕਦੀ ਤਾਂ ਅੱਜ ਹਜ਼ਾਰਾਂ ਕਹਾਣੀਆਂ ਕਰੈਡਿਟ ਤੇ ਹੁੰਦੀਆਂ। ਕਹਾਣੀ ਲਿਖ ਲੈਣਾ ਆਸਾਨ ਏ, ਪਰ ਕਹਾਣੀ ਛਾਪਣ ਦਾ ਇੰਤਜ਼ਾਮ ਏਥੇ ਬੜਾ ਮਾੜਾ ਏ। ਅਦਬੀ ਪਰਚੇ ਤਾਂ ਮੁੱਕਦੇ ਜਾ ਰਹੇ ਨੇ। ਅਸੀਂ ਪੁਰਾਣੇ ਬੰਦੇ ਅਜੇ ਵੀ ਕਮਰਸ਼ੀਅਲ ਅਦਬ ਨੂੰ ਅਦਬ ਆਲੀਆ (ਉੱਤਮ) ਨਹੀਂ ਸਮਝਦੇ। ਕਿਤਾਬ ਤਾਂ ਛਪਦੀ-ਛਪਦੀ ਕਈ ਵਰ੍ਹੇ ਲੈ ਜਾਂਦੀ ਏ। ਫੇਰ ਪੰਜਾਬੀ ਕਿਤਾਬ ਕਲਚਰ ਤਾਂ ਉਂਝ ਵੀ ਮੁਕਦਾ ਜਾ ਰਿਹਾ ਏ। ਇਹਦੇ ਬਾਵਜੂਦ ਅਦਾਰਾ ਪੰਜਾਬੀ ਜ਼ੁਬਾਨ ਤੇ ਸਕਾਫਤ, ਲਾਹੌਰ ਉੱਚੇ ਮਿਆਰ ਦੀਆਂ ਕਿਤਾਬਾਂ ਛਾਪ ਰਿਹਾ ਏ, ਏਸੇ ਅਦਾਰੇ ਵੱਲੋਂ ਛਪੀ ਇਹ ਮੇਰੀ ਤੀਜੀ ਕਿਤਾਬ ਏ, ਪਿੱਛੇ ਜਿਹੇ ਕੁਝ ਮੁਫਾਦ-ਪ੍ਰਸਤਾਂ (ਸਵਾਰਥੀਆਂ) ਮੇਰੇ ਨਾਲ ਐਵੇਂ ਮਨ-ਘੜਤ ਗੱਲਾਂ ਛਾਪ ਦਿੱਤੀਆਂ। ਪਰ ਏਸ ਅਦਾਰੇ ਤੇ ਮੇਰੇ ਵਿਚਕਾਰ ਗਲਤ-ਫਹਿਮੀਆਂ ਪੈਦਾ ਕਰਨ ਦੀ ਇਹ ਘਟੀਆ ਕੋਸ਼ਿਸ਼ ਏਸ ਲਈ ਨਾਕਾਮ ਰਹੀ ਕਿ ਉਹ ਸਭ ਬਿਲਕੁਲ ਝੂਠ ਸੀ। ਹੋਰ ਬਹੁਤ ਸਾਰੀਆਂ ਬੇਦੀਆਂ ਗੱਲਾਂ ਵਾਂਗ ਜੋ ਸਾਡੇ ਸਮਾਜ ਵਿਚ ਚੱਲਦੀਆਂ ਨੇ, ਇੱਕ ਗੱਲ ਇਹ ਵੀ ਹੈਗੀ, ਪਈ ਹੁਣ ਕਿਤਾਬ ਦੀ ਲੋੜ ਨਹੀਂ। ਕੰਪਿਊਟਰ ਜੋ ਆ ਗਿਆ, ਕੌਣ ਪੁੱਛੇ ਤੇ ਕੀਹਨੂੰ ਪੁੱਛੇ?, ਕੰਪਿਊਟਰ ਤਾਂ ਹਜ਼ਾਰ ਵਿਚੋਂ ਪੰਜ ਬੰਦਿਆਂ ਕੋਲ ਆ ਗਿਆ ਹੋਣਾ ਏ। ਬਾਕੀ ਦੇ ੯੯੫ ਕਿਸ ਖੁਸ਼ੀ ਵਿਚ ਕਿਤਾਬ ਤੋਂ ਵਿਹਲੇ ਹੋ ਗਏ?

ਦਰਅਸਲ ਇਹ ਇਕ ਅਵਾਰਾ ਕਲਚਰ ਏ ਜੋ ਕਿਤਾਬ ਤੋਂ ਦੂਰ ਲੈ ਜਾ ਕੇ ਨਵੀਂ ਪੀੜ੍ਹੀ ਨੂੰ ਪੁਰਾਣੀ ਤਹਿਜੀਬ ਤੇ ਨਵੇਂ ਸ਼ਊਰ ਤੋਂ ਖਾਲੀ ਕਰ ਰਿਹਾ ਏ। ਖਾਸ ਕਰਕੇ ਸਾਡੇ ਪੰਜਾਬ ਵਿਚ ਬਹੁਤਾ ਈ ਫੈਲ ਗਿਆ ਏ, ਕੋਈ ਵੀ ਕਾਢ ਕਿਤਾਬ ਦੀ ਥਾਂ ਨਹੀਂ ਲੈ ਸਕਦੀ, ਇਹ ਵੱਖਰੀ ਗੱਲ ਏ ਕਿ ਪੰਜਾਬੀ ਕਿਤਾਬ ਵਾਸਤੇ ਪੰਜਾਬ ਦੇ ਘਰਾਂ ਵਿਚ ਤੇ ਸਿਰਾਂ ਵਿਚ ਵੀ ਥਾਂ ਮੁੱਢ ਤੋਂ ਸੌੜੀ ਏ, ਵੱਡੀਆਂ ਕੋਠੀਆਂ ਵਾਲੇ ਸ਼ਹਿਰ ਲਾਹੌਰ ਵਿਚ ਇੱਕ ਵੀ ਪੰਜਾਬੀ ਲਾਇਬ੍ਰੇਰੀ ਨਹੀਂ। ਕਿਸੇ ਲਾਇਬ੍ਰੇਰੀ ਵਿਚ ਇਕ ਸ਼ੈਲਫ ਪੰਜਾਬੀ ਕਿਤਾਬਾਂ ਦੀ ਨਹੀਂ। ਕਿਤਾਬ ਛਪਦੀ ਨਹੀਂ, ਛਪ ਜਾਵੇ ਤਾਂ ਵਿਕਦੀ ਨਹੀਂ। ਵਿਕੇ ਨਾ ਤਾਂ ਛਪੇ ਕਾਹਦੇ ਲਈ? ਪੰਚਾਇਤਾਂ ਨੂੰ ਪੰਜਾਬੀ ਪੜ੍ਹਨੀ ਆਉਂਦੀ ਜੂ ਨਹੀਂ। ਜ਼ਿੰਦਗੀ ਦੇ ਪੂਰੇ ਪੰਜਾਹ ਵਰ੍ਹੇ ਉਹਨਾਂ ਆਪਣੀ ਮਾਂ ਬੋਲੀ ਨੂੰ ਭੁੱਲਣ ਵਿਚ ਖਰਚ ਕੀਤੇ ਨੇ। ਹੁਣ ਪੰਜਾਬੀ ਬੋਲੀ ਪੰਜਾਬੀ ਬੱਚਿਆਂ ਦੀ ਮਾਂ-ਬੋਲੀ ਨਹੀਂ ਰਹੀ। ਖਾਸ ਕਰਕੇ ਸ਼ਹਿਰੀ ਬੱਚਿਆਂ ਦੀ ਤਾਂ ਬਿਲਕੁਲ ਨਹੀਂ।

ਅਜ਼ੀਮ (ਮਹਾਨ) ਪੰਜਾਬੀ ਜ਼ੁਬਾਨ ..... ਵਾਰਸ ਸ਼ਾਹ ਦੀ ਜ਼ੁਬਾਨ, ਬੁੱਲੇ ਸ਼ਾਹ ਦੀ ਬੋਲੀ, ਸ਼ਾਹ ਹੁਸੈਨ ਦੀ ਸ਼ਾਇਰੀ ਦੇ ਲਫ਼ਜ਼, ਬਾਬਾ ਫਰੀਦ ਤੇ ਬਾਬਾ ਨਾਨਕ ਦੇ ਕਲਾਮ ਦੀ ਅਮਾਨਤ ਹੈ। ਪੰਜਾਬੀ ਜ਼ੁਬਾਨ ਆਪਣੀ ਧਰਤੀ ਉੱਤੇ ਮੁੱਕ ਰਹੀ ਏ। ਉਹਦੀ ਫਸਲ ਸੁੱਕ ਰਹੀ ਏ ਤੇ ਪੰਜਾਬ ਲੋਕ ਬੇ-ਫ਼ਿਕਰੀ ਨਾਲ ਖੌਰੇ ਬੇਸਮਝੀ ਨਾਲ, ਬੈਠੇ ਵੇਖ ਰਹੇ ਨੇ। ਪੰਜਾਬ ਦੀ ਵੰਡ ਮਜ਼ਹਬ ਦੇ ਨਾਂ ਤੇ ਹੋ ਚੁੱਕੀ ਏ। ਤਬਕਾਤੀ (ਸ਼੍ਰੇਣਕ) ਵੰਡ ਇਕਤਸਾਦੀ (ਆਰਥਕ) ਨਾ-ਬਰਾਬਰੀ ਦੀ ਵਜ੍ਹਾ ਨਾਲ ਡੂੰਘੀ ਹੋਈ ਜਾ ਰਹੀ ਏ, ਹੁਣ ਇੱਕ ਹੋਰ ਵੰਡ ਹੋ ਰਹੀ ਹੈ, ਸ਼ਹਿਰ ਤੇ ਪਿੰਡ ਦੀ ਬੋਲੀ ਵੱਖ-ਵੱਖ, ਏਸ ਵੰਡ ਨੂੰ ਤੁਸੀਂ (Horizental) (ਪਏਦਾ), ਵੰਡ ਕਹਿ ਸਕਦੇ ਹੋ। ਸ਼ਹਿਰ ਆਪਣੀ ਬੋਲੀ ਬਦਲ ਚੁੱਕੇ, ਪਿੰਡ ਪੰਜਾਬੀ ਨਾਲ ਅਹਿਸਾਸੇ ਕਮਤਰੀ ( ਘਟੀਆਪਨ) ਦਾ ਸ਼ਿਕਾਰ ਹੋ ਰਹੇ ਨੇ। ਕੋਈ ਪੁੱਛੇ ਤੁਹਾਡੀ ਪਛਾਣ ਕੀਏ? ਪਾਕਿਸਤਾਨ ਵਿਚ ਹੋਰ ਵੀ ਬੜੀਆਂ ਕੌਮਾਂ ਰਹਿੰਦੀਆਂ ਨੇ। ਆਪਣੀ ਜ਼ੁਬਾਨ ਤੇ ਕਲਚਰ ਨੂੰ ਤਰੱਕੀ ਦੇਣ ਲਈ ਜੱਦੋ ਜਹਿਦ ਕਰਦੀਆਂ ਨੇ। ਬੰਗਾਲ ਵੀ ਕਦੇ ਪਾਕਿਸਤਾਨ ਦਾ ਹਿੱਸਾ ਸੀ। ਸਗੋਂ ਵੱਡਾ ਹਿੱਸਾ। ਜਮਹੂਰੀਅਤ ਲਈ ਜੱਦੋ-ਜਹਿਦ ਕੀਤੀ, ਪਰ ਪਹਿਲਾਂ ਆਪਣੀ ਬੋਲੀ ਤੇ ਆਪਣੀ ਤਹਿਜ਼ੀਬ ਤੇ ਲੋਕ-ਤੰਤਰੀ ਹੱਕ ਵਾਸਤੇ ਪੂਰਾ ਹੱਕ ਅਦਾ ਕੀਤਾ। ਸਿੰਧ, ਸਰਹੱਦ, ਬਲੋਚਿਸਤਾਨ ਕੋਈ ਵੀ ਆਪਣੀ ਬੋਲੀ ਵਾਸਤੇ ਹੀਣਾ ਨਹੀਂ। ਕੋਈ ਵੀ ਆਪਣੀ ਪਿਛੋਕੜ ਤੋਂ ਕੱਟ ਕੇ ਅੱਗੇ ਨਹੀਂ ਵਧਿਆ।

ਅੱਜ ਪੰਜਾਬ ਨੂੰ ਪੰਜਾਬੀ ਇਲਾਕਾ ਵੀ ਕਿਸ ਤਰ੍ਹਾਂ ਕਹੋਗੇ? ਜ਼ੁਬਾਨ ਹੈ ਤਾਂ ਪਛਾਣ ਵੀ ਹੈ। ਐਤਕਾਂ ਅਸੰਬਲੀ ਵਿਚ ਜਾਣ ਵਾਸਤੇ ਬੀ.ਏ. ਦੀ ਸ਼ਰਤ ਰੱਖੀ ਗਈ। ਠੀਕ ਏ, ਪਰ ਪੰਜਾਬ ਨੂੰ ਵੋਟ ਜਾਂ ਸੀਟ ਲੈਣ ਵਾਸਤੇ ਪੰਜਾਬੀ ਬੋਲੀ ਵਿਚ ਡਿਗਰੀ ਦੀ ਸ਼ਰਤ ਵੀ ਰੱਖੀ ਜਾਣੀ ਚਾਹੀਦੀ ਏ।

ਗੱਲ ਚੱਲ ਰਹੀ ਸੀ ਪੰਜਾਬੀ ਕਹਾਣੀ ਦੀ, ਮੇਰੇ ਵਲੋਂ ਕੁਝ ਹੋਰ ਕਹਾਣੀਆਂ ਦਾ ਨਜ਼ਰਾਨਾ ਕਬੂਲ ਕਰੋ। ਅਸਲ ਵਿਚ ਮੇਰਾ ਕੰਮ, ਮਤਲਬ ਬਹੁਤਾ ਕੰਮ ਉਰਦੂ ਜ਼ੁਬਾਨ ਵਿਚ ਹੈ, ਉਰਦੂ ਵੀ ਇੱਕ ਸ਼ਾਨਦਾਰ ਵਿਰਸੇ ਵਾਲੀ ਜ਼ੁਬਾਨ ਹੈ। ਮੈਂ ਤਾਂ ਬਲੋਚਿਸਤਾਨ ਜਾ ਕੇ ਸਿੱਖੀ ਸੀ। ਬਲੋਚਿਸਤਾਨ ਮੇਰਾ ਦੂਸਰਾ ਦੇਸ਼ ਹੈ। ਇਕ ਅਰਸੇ ਬਾਅਦ ਪੰਜਾਬ ਪਰਤੀ ਸਾਂ ਤੇ ਆਪਣੀ ਜ਼ਿੰਮੇਵਾਰੀ ਪਛਾਣ ਕੇ ਪੰਜਾਬੀ ਅਦਬ ਵਿਚ ਆਪਣਾ ਹਿੱਸਾ ਪਾਇਆ। ਇਹ ਤਾਂ ਪਤਾ ਨਹੀ ਸੀ ਮੇਰੀ ਲਿਖੀ ਕਹਾਣੀ ਐਡੀ ਇੱਜ਼ਤ ਕਮਾਊ। ਲਹਿੰਦੇ-ਚੜ੍ਹਦੇ ਪੰਜਾਬ ਤੋਂ ਅੱਗੇ ਦਿੱਲੀ ਤਾਈਂ ਚਲੇ ਜਾਵੇਗੀ। ਅੰਮ੍ਰਿਤਾ ਪ੍ਰੀਤਮ ਕੋਲੋਂ ਕਾਮਯਾਬੀ ਦਾ ਸਰਟੀਫਿਕੇਟ ਲੈ ਕੇ ਅੱਗੋਂ ਵਾਰਸ ਸ਼ਾਹ, ਬਾਬਾ ਫ਼ਰੀਦ ਐਵਾਰਡ ਵੀ ਜਿੱਤ ਲਿਆਏਗੀ। ਮੇਰੇ ਦਿਲ ਦੀ ਤਸੱਲੀ ਏ ਮੈਂ ਆਪਣੀ ਮਾਂ ਬੋਲੀ ਨੂੰ ਆਪਣੀ ਉਮਰਾਂ ਦੀ ਕਮਾਈ ਵਿਚੋਂ ਵਧੀਆ ਸ਼ੈਅ, ਕਹਾਣੀ ਅਦਬ ਦਾ ਨਜ਼ਰਾਨਾ ਹੀ ਪੇਸ਼ ਕੀਤਾ। ਮੈਂ ਵਾਰਸ ਸ਼ਾਹ ਦੀ ਸ਼ਾਗਿਰਦ, ਬੁੱਲ੍ਹੇ ਸ਼ਾਹ ਦੀ ਮਰੀਦਣੀ, ਆਪਣੀ ਧਰਤੀ ਦੀ ਧੀ, …….. ਅੰਮ੍ਰਿਤਾ ਪ੍ਰੀਤਮ ਨੇ ਮੈਨੂੰ ਸਨਦ ਦਿੱਤੀ ਏ। "ਸੱਚੀ ਧੀ ਪੰਜਾਬੀ ਦੀ" ਹੋਰ ਕੀ ਚਾਹੀਦਾ ਏ?

ਬੱਸ ਇਕ ਗੱਲ। ਇਹ ਇੱਜ਼ਤ, ਇਹ ਸਨਮਾਨ ਜੋ ਮੈਨੂੰ ਮਿਲਿਆ, ਮੇਰੀਆਂ ਪੰਜਾਬੀ ਕਹਾਣੀਆਂ ਨੇ ਇਹਦੇ ਲਈ ਭਾਰੀ ਸਿਫਾਰਿਸ਼ ਕੀਤੀ।

ਮੈਂ ਖੁਸ਼ ਹਾਂ, ਅਜ਼ੀਮ (ਮਹਾਨ) ਪੰਜਾਬੀ ਅਦਬ ਦੀ ਲਾਇਬ੍ਰੇਰੀ ਦੀ ਇਸ ਸ਼ੈਲਫ ਤੇ ਮੇਰੀਆਂ ਕਹਾਣੀਆਂ ਦੇ ਮਜਮੂਏ ਸਾਫ ਤੇ ਸੱਜਲ ਨਜ਼ਰ ਆਉਂਦੇ ਰਹਿਣਗੇ। ਮੈਂ ਰਵ੍ਹਾ ਨਾ ਰਵ੍ਹਾ ਮੇਰੇ ਬੱਚੜੇ ਰਹਿਣਗੇ", "ਮਾਈ ਅਨਾਰਾਂ ਵਾਲੀ", "ਪੰਝੀਵਾਂ ਘੰਟਾ ਵੱਜਦਾ ਰਹੇਗਾ" ਤੇ "ਅਮਨ ਵੇਲੇ ਮਿਲਾਂਗੇ", "ਜੀਊਂਦੀਆਂ ਰਹਿਣਗੀਆਂ ਮਨ ਦੀਆਂ ਬਸਤੀਆਂ" ਅੱਗੇ ਮੇਰਾ ਵਾਅਦਾ ਹੈ ਕਿ ਮੈਂ ਆਪਣੀ ਜ਼ਿੰਦਗੀ ਦਾ ਬਾਕੀ ਹਿੱਸਾ ਪੰਜਾਬੀ ਅਦਬ, ਪੰਜਾਬ ਦੀ ਤਾਰੀਖ ਤੇ ਪੰਜਾਬੀ ਤਹਿਜ਼ੀਬ ਦੀ ਤਰੱਕੀ ਲਈ, ਵਕਫ ਰੱਖਾਂਗੀ। ਪਰ ਇੱਕ ਵਾਅਦਾ ਮੈਨੂੰ ਤੁਹਾਡੇ ਵੱਲੋਂ ਵੀ ਚਾਹੀਦਾ ਏ। ਆਪਣੀ ਧਰਤੀ, ਆਪਣੀ ਬੋਲੀ, ਆਪਣੀ ਲੋਕਾਈ ਤੇ ਆਪਣੇ ਅਦਬ ਨੂੰ ਆਪਣੀ ਇੱਜ਼ਤ, ਆਪਣੀ ਸ਼ਨਾਖਤ ਦਾ ਨਿਸ਼ਾਨ ਸਮਝੋਗੇ।

ਮੇਰੀ ਇਕ ਕਹਾਈ ਏ, ਜੀਸੀ, ਹੋ, ਜੀ ਸੀ। ਉਹਦਾ ਕੇਂਦਰੀ ਪਾਤਰ ਪੰਜਾਬ ਦੀ ਵੰਡ ਵੇਲੇ ਦੇਸੋਂ ਪ੍ਰਦੇਸ ਹੋ ਗਿਆ ਸੀ। ਵੀਹ ਪੰਝੀ ਵਰ੍ਹਿਆਂ ਪਿੱਛੋਂ ਆਪਣੇ ਕਾਲਜ ਦੀ ਸੈਂਟੇਨਰੀ (ਸੌਂਵੀ) ਉੱਤੇ ਲਾਹੌਰ ਆਉਂਦੇ ਏ ਤਾਂ ਲਾਹੌਰ ਸ਼ਹਿਰ ਦੀ ਗਲੀ-ਗਲੀ ਪੰਜਾਬੀ ਲੱਭਦਾ ਫਿਰਦਾ ਏ। ਹਰ ਕਿਸੇ ਨਾਲ ਪੰਜਾਬੀ ਵਿਚ ਗੱਲ ਕਰਦਾ ਏ, ਪਰ ਜਵਾਬ ਕਿਸੇ ਹੋਰ ਬੋਲੀ ਵਿਚ ਮਿਲਦਾ ਏ। ਕਾਲਜ ਨੇ ਉਹਦੇ ਨਾਲ ਅੰਗ੍ਰੇਜ਼ੀ ਵਿਚ ਗੱਲ ਕੀਤੀ। ਟਾਂਗੇ ਵਾਲਾ ਉਰਦੂ ਬੋਲਿਆ। ਅਖੀਰ ਆਪਣੇ ਸਵਾਲ ਦਾ ਜਵਾਬ ਉਹਨੇ ਆਪ ਇਕ ਸਵਾਲ ਰਾਹੀਂ ਦਿੱਤਾ। ਕੀ 1947 ਈ. ਦੇ ਸਾਲ ਏਥੋਂ ਪੰਜਾਬੀਆਂ ਦੀ ਸਾਰੀ ਆਬਾਦੀ ਹਿਜਰਤ ਕਰ ਗਈ ਸੀ?

ਮੈਂ ਆਪ ਵੀ ਦੇਸੋ-ਪ੍ਰਦੇਸ ਹੋ ਗਈ ਸਾਂ। ਪੂਰੇ ਤੀਹ ਸਾਲ ਪਿੱਛੋਂ ਆ ਕੇ ਪੰਜਾਬ ਵਿਚ ਪੰਜਾਬੀ ਨੂੰ ਲੱਭਦੀ ਫਿਰੀ। ਅੱਜ ਵੀ ਮੈਂ ਪੰਜਾਬ ਵਿਚ ਪੰਜਾਬੀ ਦੀ ਲਾਇਬ੍ਰੇਰੀ ਲੱਭ ਰਹੀ ਹਾਂ। ਵਾਰਸ ਸ਼ਾਹ ਲਾਇਬ੍ਰੇਰੀ ਨੂੰ ਖਾਲੀ ਵੇਖ ਕੇ ਵੀ ਆਸ ਲਾਉਂਦੀ ਹਾਂ, ਮੇਰੀਆਂ ਕਹਾਣੀਆਂ ਨੂੰ ਪੜ੍ਹਨ ਵਾਸਤੇ ਅਗਲੀਆਂ ਪੀੜ੍ਹੀਆਂ ਪੰਜਾਬੀ ਜ਼ੁਬਾਨ ਸਿੱਖ ਜਾਣਗੀਆਂ।

(11-2-2003)





## ਰਿਫਾਕਤ ਹੁਸੈਨ ਮੁਮਤਾਜ਼ / ਦੋ ਗ਼ਜ਼ਲਾਂ

1. ਵੇਚ ਦਿੱਤੀਆਂ, ਮੁਹੱਬਤਾਂ ਉਹਨੇ,
ਪੇਸ਼ ਰੱਖੀਆਂ ਜ਼ਰੂਰਤਾਂ ਉਹਨੇ।

ਏਸ ਵਾਰੀ ਵੀ ਹਾਰ ਉਹਦੀ ਸੀ,
ਖੇਡੀਆਂ ਨੇ ਸਿਆਸਤਾਂ ਉਹਨੇ।

ਪੈਰ ਆਵੇ ਸੂ ਸ਼ਾਲਾ ਕਾਲੀ ਤੇ,
ਵੰਡੀਆਂ ਨੇ ਕਦੂਰਤਾਂ ਉਹਨੇ।

ਜੀਭ ਸੀਤੀ ਏ ਨਾਲ ਤਾਲੂ ਦੇ
ਮੰਗ ਲਈਆਂ ਸ਼ਹਾਦਤਾਂ ਉਹਨੇ।

ਚਾੜ੍ਹ ਕੇ ਹਰਫ਼ ਸੂਲੀ ਤੇ,
ਤੋੜ ਦਿੱਤੀਆਂ, ਕਿਆਮਤਾਂ ਉਹਨੇ।

ਗ਼ੈਰ ਦੇ ਨਾਲ ਯਾਰੀਆਂ ਲਾ ਕੇ,
ਇਹ ਨਿਭਾਈਆਂ ਰਫਾਕਤਾਂ ਉਹਨੇ।

2.

ਜੀਵੇਂ ਹੱਥਾਂ 'ਚ ਹੱਥਕੜੀਆਂ ਸਦਾ ਨਹੀਂ ਰਹਿਣੀਆਂ ਏਵੇਂ।
ਇਹ ਕੋੜੇ, ਜੇਲ੍ਹ ਤੇ ਫਾਹੀਆਂ, ਸਦਾ ਨਹੀਂ ਰਹਿਣੀਆਂ ਏਵੇਂ।

ਹਨੇਰੇ ਦੇ ਧੂੰਏਂ ਵਿਚੋਂ ਨਵਾਂ ਸੂਰਜ ਨਿਕਲ ਆਉਣਾ,
ਇਹ ਲੰਮੀਆਂ ਕਾਲੀਆਂ ਰਾਤਾਂ, ਸਦਾ ਨਹੀਂ ਰਹਿਣੀਆਂ ਏਵੇਂ।

ਜੀਵੇਂ ਜੀਆ ਤਸ਼ੱਦਦ ਤੇ ਤਸ਼ੱਦਦ ਕਰ ਅਸਾਡੇ ਤੇ,
ਇਹ ਤੇਰੇ ਜ਼ੋਰ ਤੇ ਬਾਹਵਾਂ ਸਦਾ ਨਹੀਂ ਰਹਿਣੀਆਂ ਏਵੇਂ।

ਨਹੀਂ ਇੰਝ ਪੀਂਦਿਆਂ ਰਹਿਣਾ ਮੇਰੇ ਸੁਕਰਾਤ ਨੇ ਜ਼ਹਿਰਾਂ,
ਇਹ ਵੇਲੇ ਵਕਤ, ਇਹ ਘੜੀਆਂ, ਸਦਾ ਨਹੀਂ ਰਹਿਣੀਆਂ ਏਵੇਂ।

ਸਦਾ ਨਹੀਂ ਮਹਿਲ ਪੈਣੇ, ਸਾਡੀਆਂ ਲਾਸ਼ਾਂ ਦੀ ਧਰਤੀ 'ਤੇ
ਇਹ ਖ਼ੂਨੀ ਉੱਚੀਆਂ ਕੰਧਾਂ, ਸਦਾ ਨਹੀਂ ਰਹਿਣੀਆਂ ਏਵੇਂ।

ਜਬਰ ਦੇ ਮੌਸਮਾਂ ਦੀ ਰੁੱਤ ਨੇ ਇਕ ਰੋਜ਼ ਹਰ ਜਾਣਾ,
'ਰਫਾਕਤ' ਉਹਦੀਆਂ ਫੌਜਾਂ ਸਦਾ ਨਹੀਂ ਰਹਿਣੀਆਂ ਏਵੇਂ।

(ਪੰਚਮ ਲਾਹੌਰ)

## ਸਲੀਮ ਤਨਹਾ

1

ਆਜ ਵੋ ਬੇਸ਼ੱਕ ਹੈ ਦੁਸ਼ਮਣ, ਦੋਸਤ ਕੱਲ ਹੋ ਜਾਏਗਾ।
ਜ਼ਿੰਦਗੀ ਮੇਂ ਘੁਲ ਗਿਆ ਤੋਂ, ਇਕ ਗ਼ਜ਼ਲ ਹੋ ਜਾਏਗਾ।

ਬਰਫ਼ ਕੀ ਮਾਨਿੰਦ ਗਲਨਾ, ਅਬ ਉਸੇ ਆਨੇ ਲਗਾ,
ਲਮਹਾ ਲਮਹਾ ਦੇਖ ਲੇਨਾ, ਜਲ ਹੀ ਜਲ ਹੋ ਜਾਏਗਾ।

ਆਜ ਤੋ ਛੋਟਾ ਸਾ ਘਰ ਹੈ, ਤੁਮ ਨਾ ਆਓਗੇ ਯਹਾਂ,
ਫਿਰ ਬੁਲਾਏਂਗੇ ਤੁਮ੍ਹੇਂ, ਜਬ ਯਿਹ ਮਹਿਲ ਹੋ ਜਾਏਗਾ।

ਤਿਤਲੀਓਂ ਕੇ ਹਾਥ ਸੇ, ਗੁਲ ਕੀ ਪਕੜ ਢੀਲੀ ਹੁਈ,
ਤੋਂ ਚਮਨ ਕੇ ਇਸ ਅਸੂਲੋਂ, ਮੇਂ ਗਲਤ ਹੋ ਜਾਏਗਾ।

ਜ਼ਿੱਦ ਪੇ ਅਪਨੀ ਜੋ ਤੁਲਾ ਹੈ, ਸੁਰਖ਼ ਸੂਰਜ ਕੇ ਲੀਏ,
ਆਜ ਚਾਹੇ ਹੋ ਨਾ ਹੋ ਕੱਲ ਵੋ ਸਫਲ ਹੋ ਜਾਏਗਾ।

ਦਰਦ ਕਾ ਸਫ਼ਰ 'ਤਨਹਾ', ਆਜ ਮੇਰੇ ਸਾਮਨੇ,
ਹੈ ਯਕੀਂ ਮੁਝਕੋ ਕਿ ਕੁਝ ਰੱਦੋ-ਬਦਲ ਹੋ ਜਾਏਗਾ।

2

ਦਰਦ ਹਮਾਰੇ ਸੀਨੇ ਮੇਂ ਅਬ ਲਮਹਾ-ਲਮਹਾ ਹੋਤਾ ਹੈ,
ਆਂਖ ਮੇਂ ਆਨੇ ਵਾਲਾ ਆਂਸੂ ਸਹਿਮਾ ਸਹਿਮਾ ਹੋਤਾ ਹੈ।

ਕਿਤਨੇ ਫੂਲੋਂ ਕੋ ਮਸਲਾ ਹੈ, ਉਸ ਪਰ ਕੁਝ ਇਲਜ਼ਾਮ ਨਹੀਂ,
ਗੁਲਸ਼ਨ ਮੇਂ ਬਸ ਜ਼ਿਕਰ ਹਮਾਰਾ, ਪੱਤਾ ਪੱਤਾ ਹੋਤਾ ਹੈ।

ਜਿਸ ਬਸਤੀ ਮੇਂ ਖ਼ੂਨ ਖਰਾਬਾ, ਨਫਰਤ, ਹਿੰਸਾ ਪਲਤੀ ਹੈ,
ਸਹਿਮਾ ਸਹਿਮਾ ਉਸ ਬਸਤੀ ਕਾ, ਬੱਚਾ ਬੱਚਾ ਹੋਤਾ ਹੈ।

ਲਾਖ ਮਿਟਾਓ ਫਰਕ, ਮਗਰ ਯੇ ਫਰਕ ਨਹੀਂ, ਪਰ ਮਿਟਤਾ ਹੈ,
ਝੂਠਾ, ਝੂਠਾ ਹੋਤਾ ਹੈ, ਔਰ ਸੱਚਾ, ਸੱਚਾ ਹੋਤਾ ਹੈ।

ਮੰਜ਼ਿਲ ਦੂਰ ਥਕੇ ਕਦਮੋਂ ਕੀ, ਆਹਟ ਕੋਈ ਨਹੀਂ ਸੁਨਤਾ,
ਪਾਂਵੋਂ ਕੇ ਛਾਲੇ ਕਾ ਚਰਚਾ, ਸਹਿਰਾ ਸਹਿਰਾ ਹੋਤਾ ਹੈ।

ਨਫਰਤ, ਖ਼ੌਫ, ਮੁਹੱਬਤ, ਲਾਲਚ, ਭੂਖ, ਗਰੀਬੀ, ਮਜ਼ਬੂਰੀ,
'ਤਨਹਾ' ਇਸ ਛੋਟੇ ਸੇ ਦਿਲ ਮੇਂ, ਜਾਨੇ ਕਿਆ ਕਿਆ ਹੋਤਾ ਹੈ।

ਮੈਂ ਹੀ ਤਨਹਾ ਹੂੰ ਇਸ ਜਗ ਮੇਂ, ਐਸੀ ਕੋਈ ਬਾਤ ਨਹੀਂ,
ਮੇਰੀ ਤਰਾਂ ਵੋਹ ਵੀ ਅਕਸਰ, ਤਨਹੀ ਤਨਹੀ ਹੋਤਾ ਹੈ।

(ਬੀ-25 ਅਸ਼ੋਕਾ ਗਾਰਡਨ ਸ਼ੇਡ, ਰਾਏਸੇਨ ਰੋਡ, (ਭੋਪਾਲ) ਮੱਧਪ੍ਰਦੇਸ਼)





### ਅਮਰੀਕਾ ਦੇ 'ਨੇਟਿਵ ਇੰਡੀਅਨ' ਕੈਦੀ

# ਲੀਓਨਾਰਡ ਪਿਲਟੀਅਰ ਦੇ ਨਾਂ ਇਕ ਗੁਰੀਲਾ ਕਮਾਂਡਰ ਦਾ ਖ਼ਤ

**ਸੂਫੀ ਅਮਰਜੀਤ**

ਕਦੇ ਅਮਰੀਕਾ, ਆਦਿਵਾਸੀਆਂ ਇੰਡੀਅਨਾਂ ਦਾ ਆਪਣਾ ਦੇਸ਼ ਹੁੰਦਾ ਸੀ। ਬਰਤਾਨਵੀ ਸਾਮਰਾਜ ਵਲੋਂ ਕਬਜ਼ਾ ਕਰ ਲੈਣ ਤੋਂ ਪਿੱਛੋਂ ਇਹ ਮੂਲਵ੍ਾਸੀ, ਨਾ ਕੇਵਲ ਘਟ ਗਿਣਤੀ ਵਿਚ ਬਦਲ ਦਿੱਤੇ ਗਏ, ਸਗੋਂ ਵਿਉਂਤਬੰਦ ਢੰਗ ਨਾਲ ਇਹਨਾਂ ਦੇ ਸਾਰੇ ਅਧਿਕਾਰ ਖੋਹ ਕੇ, ਇਹਨਾਂ ਦਾ ਸੱਭਿਆਚਾਰ, ਭਾਸ਼ਾ ਅਤੇ ਇਹਨਾਂ ਦੀ ਹੋਂਦ ਤੱਕ ਨੂੰ ਖ਼ਤਮ ਕਰਨ ਦਾ ਹਰ ਅਣ-ਮਨੁੱਖੀ ਢੰਗ ਵਰਤਿਆ ਗਿਆ। ਇਹਨਾਂ ਨੂੰ ਨਿਸ਼ਚਿਤ ਏਰੀਆਂ ਵਿਚ ਜੂਹਬੰਦ ਕਰ ਦਿੱਤਾ ਗਿਆ। ਜਿੱਥੇ ਇਹ ਹੁਣ ਵੀ 'ਇੰਡਨ ਰੀਜ਼ਰਵ' ਨਾਂ ਦੀ ਕਾਰ ਅੰਦਰ ਰੌਹ ਰਹੇ ਹਨ।

ਲੀਓਨਾਰਡ ਪਿਲਟੀਅਰ ਨੂੰ ਜੋ ਆਦਿਵਾਸੀ ਇੰਡੀਅਨ ਅਮਰੀਕਨਾਂ ਦੇ ਹੱਕਾਂ ਦਾ ਮੋਹਰੀ ਆਗੂ ਸੀ। ਮੈਕਸੀਕੋ ਦੇ ਜਾਪਿਤਾਸ਼ਾ ਇੰਡੀਅਨ ਦੀ ਮੁਕਤੀ ਸੈਨਾ ਦੇ ਸਬਕਮਾਡੈਂਟ ਵੱਲੋਂ ਲਿਖਿਆ, ਹੇਠਾਂ ਦਿੱਤਾ ਜਾ ਰਿਹਾ ਖ਼ਤ, ਇਕ ਸਾਧਾਰਨ ਖ਼ਤ ਨਹੀਂ ਹੈ। ਇਸ ਨੂੰ ਭਾਵਕਤਾ ਵੱਸ ਜਾਂ ਇੰਨਕਲਾਬੀ ਸੰਘਰਸ਼ਾਂ ਦੀ ਇਕ ਮੁੱਠਤਾ ਲਈ ਹੀ ਲਿਖਿਆ ਨਹੀਂ ਸਮਝ ਲੈਣਾ ਚਾਹੀਦਾ ਹੈ। ਇਹ ਤਾਂ ਹੈ ਹੀ ਪ੍ਰੰਤੂ ਇਹ ਦਸਦਾ ਹੈ ਕਿ ਕਿਵੇਂ ਸੰਸਾਰ ਭਰ ਦੀਆਂ ਘਟ ਗਿਣਤੀਆਂ ਜਾਂ ਵਿਸ਼ੇਸ਼ ਦਿੱਖ ਵਾਲੇ ਖ਼ਿਤਿਆਂ ਦੇ ਲੋਕਾਂ ਦੇ ਸੱਭਿਆਚਾਰਾਂ ਨੂੰ, ਅਮਰੀਕਨ ਸਾਮਰਾਜ ਅਤੇ ਪੱਛਮੀ ਪੂੰਜੀਵਾਦੀ ਸੱਭਿਆਚਾਰ ਹੜੱਪਦਾ ਜਾ ਰਿਹਾ ਹੈ। ਫਿਰ ਵੀ ਦਿਓ ਦੇ ਢਿੱਡ ਵਿਚ ਰਹਿੰਦਿਆਂ ਹੋਇਆ, ਉੱਤਰੀ ਅਮਰੀਕਾ, ਕੇਂਦਰੀ ਅਮਰੀਕਾ ਅਤੇ ਲਾਤੀਨੀ ਅਮਰੀਕਾ ਦੇ ਇਹ ਇੰਡੀਅਨ ਆਦਿਵਾਸੀ, ਸਦੀਆਂ ਤੋਂ ਆਪਣੀ ਹੋਂਦ ਤੇ ਸੱਭਿਆਚਾਰ ਦੀ ਰਾਖੀ ਲਈ ਬਹਾਦਰਾਨਾ ਸੰਘਰਸ਼ ਲੜਦੇ ਆ ਰਹੇ ਹਨ।

ਇਹ ਖ਼ਤ ਵਿਚ ਜਿੱਥੇ ਲੀਓਨਾਰਡ ਪਿਲਟੀਅਰ ਦੇ 'ਲਾਕੋਤਾ' ਕਬੀਲੇ ਅਤੇ 'ਜਾਪਿਸਤਾਨ' ਕਬੀਲੇ ਦੇ ਮੈਕਸੀਕੋ ਦੇ ਲੋਕ, ਸਿੱਧਿਆਂ ਅਮਰੀਕਨ ਸਾਮਰਾਜ ਤੇ ਉਸਦੀਆਂ ਪਿੱਠੂ ਸਰਕਾਰਾਂ ਨਾਲ ਟੱਕਰ ਲੈ ਰਹੇ ਹਨ, ਉਸ ਤੋਂ ਸਾਨੂੰ ਭਾਰਤੀਆਂ ਨੂੰ ਖ਼ਾਸ ਕਰਕੇ ਪੰਜਾਬੀਆਂ ਨੂੰ ਚੇਤਨਾ ਅਤੇ ਸੇਧ ਮਿਲਦੀ ਹੈ ਕਿ ਕਿਵੇਂ ਸਰਕਾਰ ਪੰਜਾਬੀ ਭਾਸ਼ਾ ਨੂੰ ਪਾਸੇ ਰੱਖ ਕੇ, ਅੰਗ੍ਰੇਜ਼ੀ ਭਾਸ਼ਾ ਦੀ ਮੁਖਤਿਆਰੀ ਅਤੇ ਪਰਮੁੱਖਤਾ ਨੂੰ ਸਥਾਪਤ ਕਰਦੀ ਜਾ ਰਹੀ ਹੈ। ਭਾਰਤੀ ਕੌਮੀਅਤਾਂ ਦੇ ਸੱਭਿਆਚਾਰਾਂ ਉਪਰ, ਆਧੁਨਿਕ ਪਾਸਾਰ ਸਾਧਨਾਂ ਅਤੇ ਮੀਡੀਏ ਦੁਆਰਾ ਬੋਲਿਆ ਗਿਆ ਮਾਰੂ ਹਮਲਾ ਰੋਕਣ ਲਈ ਜੇ ਕਰ ਅਸੀਂ ਹੁਣ ਵੀ ਨਾ ਉੱਠੇ ਤਾਂ ਸਾਡੀ ਹਾਲਾਤ ਅਮਰੀਕਨ ਮਹਾਂਦੀਪ ਦੇ ਆਦਿਵਾਸੀ ਇੰਡੀਅਨਾਂ ਤੋਂ ਭਿੰਨ ਨਹੀਂ ਹੋਵੇਗੀ।

ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਹੋਰਨਾਂ ਲੇਖਕਾਂ ਨੂੰ ਇਸ ਦੀ ਗੰਭੀਰਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਹ ਲੋਕਾਂ ਨੂੰ ਇਸ ਹਮਲੇ ਪ੍ਰਤੀ ਜਾਗਰੂਕ ਕਰਕੇ ਸਰਕਾਰ ਅਤੇ ਸਾਮਰਾਜ ਦੀ ਸਾਂਝੀ ਸਾਜ਼ਸ਼ ਵਿਰੁੱਧ ਲਾਮਬੰਦ ਕਰਨ ਲਈ ਅੱਗੇ ਆਉਣ। ਸਾਹਿਤ ਅਤੇ ਜੀਵਨ ਦੇ ਸੰਬੰਧਾਂ ਨੂੰ ਕੇਵਲ ਬੌਧਿਕਤਾ ਅਤੇ ਭਾਵੁਕਤਾ ਦੇ ਘੇਰੇ ਵਿਚ ਹੀ ਰੱਖਣ ਦਾ ਰੁਝਾਨ, ਆਪਣੀ ਜ਼ਿੰਮੇਵਾਰੀ ਤੋਂ ਭੱਜਣ ਤੋਂ ਸਿਵਾ ਕੁਝ ਨਹੀਂ ਹੁੰਦਾ।

ਜਿਹੜਾ ਅਮਰੀਕਾ, ਆਪਣੇ ਦੇਸ਼ ਵਿਚ ਹੀ ਘਟ ਗਿਣਤੀਆਂ, ਆਦਿਵਾਸੀ ਇੰਡੀਅਨਾਂ ਅਤੇ ਅਫਰੀਕਾ ਤੋਂ ਗੁਲਾਮ ਬਣਾ ਕੇ ਲਿਆਂਦੇ ਗਏ ਕਾਲੇ ਲੋਕਾਂ ਦੀ ਨਸਲਕੁਸ਼ੀ ਤੇ ਗੈਰਮਨੁੱਖੀ ਵਿਵਹਾਰ ਕਰ ਸਕਦਾ ਹੈ ਉਸ ਦੀਆਂ ਭਰਮਾਊ ਮੁਸਕਾਨਾਂ ਵਿਚ ਫਸ ਕੇ, ਸਾਡੀ ਸਰਕਾਰ ਆਪਣਾ ਸਭ ਕੁਝ, ਉਸ ਨੂੰ ਸਮਰਪਨ ਕਰਨ ਦੇ ਰਾਹ ਤੁਰੀ ਹੋਈ ਹੈ। ਸਾਡੇ ਕਰੋੜਾਂ ਆਦੀਵਾਸੀ, ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਭਲੇ

ਦੀ ਆਸ ਨਾ ਰੱਖਣ। ਹਿੰਦੂ ਅੰਧ-ਰਾਸ਼ਟਰੀ ਸ਼ਕਤੀਆਂ ਅਤੇ ਅਮਰੀਕਨ ਸਾਮਰਾਜ, ਹਿਟਲਰ ਦੇ ਯਹੂਦੀਆਂ ਵਾਂਗੂ ਹੀ ਕਰਨ ਲਈ ਪੈਂਤੜੇ ਵਿਉਂਤ ਰਹੇ ਹਨ। ਇਹ ਮਨੁੱਖੀ ਅਧਿਕਾਰਾਂ ਦੇ ਨਾਂ ਉੱਤੇ ਗੋਬਲਜ਼, ਵਾਲਾ ਝੂਠਾ ਪ੍ਰਾਪੇਗੰਡਾ ਕਰਕੇ ਸਾਨੂੰ ਮੂਰਖ ਨਹੀਂ ਬਣਾ ਸਕਦੇ। (ਅਨੁਵਾਦਕ)

1975 ਵਿਚ ਦੋ ਸਰਕਾਰੀ ਏਜੰਟਾਂ ਦੇ ਕਤਲ ਦੇ ਸੰਬੰਧ ਵਿਚ ਲੀਓਨਾਰਡ ਪਿਲਟੀਅਰ ਨੂੰ ਉਗਲਾਲਾ ਰਿਜ਼ਰਵ ਦੀ ਇਕ ਹਿੰਸਕ ਟੱਕਰ ਵਿਚ ਦੋਸ਼ੀ ਸਿੱਧ ਕਰ ਦਿੱਤਾ ਗਿਆ ਸੀ। ਅਮਰੀਕਨ ਇੰਡੀਅਨ ਮੂਵਮੈਂਟ ਅਤੇ ਸਥਾਨਿਕ 'ਸਿਉਕਸਾਂ' ਕਾਨੂੰਨ ਵਿਵਸਥਾ ਵਾਲੇ ਅਧਿਕਾਰੀਆਂ ਵਿਚਕਾਰ ਡੂੰਘਾ ਪਾੜ ਪਾ ਦਿੱਤਾ। ਅਮਰੀਕਨ ਇੰਡੀਅਨ ਮੂਵਮੈਂਟ ਦੇ ਦੋ ਹੋਰਨਾਂ ਮੈਂਬਰਾਂ ਨੂੰ ਇੱਕ ਵੱਖਰੇ ਅਦਾਲਤੀ ਮੁਕੱਦਮੇ ਵਿਚ ਬਰੀ ਕਰ ਦਿੱਤਾ ਗਿਆ। ਪ੍ਰੰਤੂ ਪਿਲਟੀਅਰ ਨੂੰ ਦੋ ਉਪਰਥੱਲੀ ਉਮਰ ਕੈਦਾਂ ਦੀ ਸਜ਼ਾ ਦਿੱਤੀ ਗਈ। ਇਹ ਮੁਕੱਦਮਾ "ਉਗਲਾਲਾ ਵਿਚ ਇਕ ਘਟਨਾ (1975) ਨਾਂ ਦੀ ਇਕ ਫਿਲਮ ਦੀ ਕਹਾਣੀ ਸੀ। 6 ਫਰਵਰੀ 2000 ਈਸਵੀ ਨੂੰ ਪਿਲਟੀਅਰ ਦੇ ਜੇਲ੍ਹ ਵਿਚ ਰਹਿਣ ਦੇ ਚੌਵੀ ਸਾਲ ਪੂਰੇ ਹੋਣ ਦੀ ਵਰ੍ਹੇ ਗੰਢ ਹੈ। ਇਸ ਕੇਸ ਬਾਰੇ ਹੋਰ ਜਾਣਕਾਰੀ ਇੰਟਰਨੈੱਟ ਉੱਪਰ www. lpsg. co. org. ਜਾਂ ਲਿਓਨਾਰਡ ਪਿਲਟੀਅਰ ਡੀਫੈਂਸ ਕਮੇਟੀ ਤੋਂ P.o. Box. -583, Lawrence, KS 66044-USA ਦੇ ਪਤੇ ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਹੇਠ ਲਿਖਿਆ ਖ਼ਤ "ਨੈਸ਼ਨਲ ਕਮਿਸ਼ਨ ਫਾਰ ਡੈਮੋਕਰੇਸੀ ਵਲੋਂ ਜੋ ਆਸਟਰ ਟੈਕਸਿਸ ਵਿਚ ਹੈ, ਨੇ ਇੰਟਰਨੈੱਟ ਉਪਰ ਛਾਪਿਆ ਹੈ।

**(ਮੰਥਲੀ ਰੀਵੀਊ ਨਿਊਯਾਰਕ ਵਲੋਂ ਉਪਰੋਕਤ ਨੋਟ)**

ਤੁਹਾਨੂੰ ਜਾਪਤਿਸਤਾ ਆਰਮੀ ਆਫ ਨੈਸ਼ਨਲ ਲਿਬਰੇਸ਼ਨ ਦੇ ਮਰਦਾਂ, ਇਸਤਰੀਆਂ, ਬੱਚਿਆਂ ਅਤੇ ਬਜ਼ੁਰਗਾਂ ਵੱਲੋਂ ਨੈਸ਼ਨਲ ਕਮਿਸ਼ਨ ਫਾਰ ਡੈਮੋਕਰੇਸੀ ਇੰਨ ਮੈਕਸੀਕੋ ਤੇ ਸਿਸਿਲੀਆ ਰੋਡਰਿਗਿਊਜ਼ ਰਾਹੀਂ ਸ਼ੁਭ ਇੱਛਾਵਾਂ ਭੇਜ ਰਹੇ ਹਾਂ।

ਸਿਸਿਲੀਆਂ ਨੇ ਸਾਨੂੰ, ਉੱਤਰੀ ਅਮਰੀਕਾ ਦੇ ਨਿਆਏ ਪ੍ਰਬੰਧ ਵਲੋਂ ਤੁਹਾਡੇ ਨਾਲ ਕੀਤੇ ਗਏ ਘੋਰ ਅਨਿਆਂ ਬਾਰੇ ਦੱਸਿਆ। ਅਸੀਂ ਇਹ ਸਮਝਦੇ ਹਾਂ ਕਿ ਇਹ ਸੱਤਾਧਾਰੀ ਅਤੇ ਤੁਹਾਡੀ ਵਿਦਰੋਹੀ ਭਾਵਨਾ ਅਤੇ ਤੁਹਾਡੀ ਉੱਤਰੀ ਅਮਰੀਕਾ ਦੇ ਆਦੀਵਾਸੀ ਲੋਕਾਂ ਦੇ ਹੱਕਾਂ ਲਈ ਕੀਤੇ ਜਾ ਰਹੇ ਸ਼ਕਤੀਸਾਲੀ ਸੰਘਰਸ਼ ਨੂੰ ਸਜ਼ਾ ਦਿੱਤੀ ਹੈ!

ਇਹ ਮੂਰਖ, ਸੱਤਾਧਾਰੀ ਸਮਝਦੇ ਹਨ ਕਿ ਉਹ ਜਿੱਚ ਕਰਕੇ, ਹੈਂਕੜ ਨਾਲ ਤੁਹਾਨੂੰ ਲੋਕਾਂ ਨਾਲੋਂ ਉਹਨਾਂ ਦੇ ਵਿਚਾਰਾਂ, ਭਾਵਨਾਵਾਂ ਦੇ ਸਵੈਮਾਨ ਨੂੰ, ਜਿਹੜੇ ਉਹਨਾਂ ਦੀ ਹੋਂਦ ਦੀ ਰਾਖੀ ਅਤੇ ਸਤਿਕਾਰ ਲਈ ਕੀਤੇ ਜਾ ਰਹੇ ਸੰਘਰਸ਼ਾਂ ਦੀ, ਇਸ ਭੂਮੀ ਦੇ ਪਹਿਲੀ ਬਾਸ਼ਿੰਦਿਆਂ ਦੀ ਧਰਤੀ ਹੈ, ਜਿਸ ਉਪਰ ਸੰਯੁਕਤ ਰਾਜ ਉਸਰਿਆ ਹੋਇਆ ਹੈ, ਤੋੜ ਸਕਦੇ ਹਨ। ਤੁਸੀਂ ਇਸ ਨੂੰ ਜੇਲ੍ਹਾਂ ਅੰਦਰ, ਬਹਾਦਰੀ ਨਾਲ ਮੁਜ਼ਾਹਮਤ ਕਰਦਿਆਂ, ਕਾਇਮ ਰੱਖਿਆ ਹੈ, ਸੰਯੁਕਤ ਰਾਜ ਅਮਰੀਕਾ ਵਿਚ ਅਤੇ ਪੂਰੇ ਸੰਸਾਰ ਸਾਹਮਣੇ, ਇਕਮੁੱਠਤਾ ਦੀ ਵਿਸ਼ਾਲ ਲਹਿਰ ਨੂੰ, ਜਿਸ ਨੂੰ ਤੁਹਾਡੇ ਮੁਕੱਦਮੇ ਅਤੇ ਮਨੋਰਥ ਤੇ ਉਤਸ਼ਾਹਿਤ ਕੀਤਾ ਹੈ, ਉਹਨਾਂ ਦੀਆਂ ਬੇਨਿਯਮੀਆਂ ਦਾ ਪੜਦਾ ਫਾਸ਼ ਕਰ ਦਿੱਤਾ ਹੈ।

ਕੋਈ ਵੀ ਇਸਤਰੀ ਅਤੇ ਪੁਰਸ਼ (ਜੇ ਉਹ ਈਮਾਨਦਾਰ ਅਤੇ ਚੌਕੰਨਾ ਹੈ) ਤੁਹਾਡੀ ਹੋਂਦ ਤੇ ਇਤਿਹਾਸ ਨੂੰ ਜਾਣਕੇ, ਇਸ ਘੋਰ ਬੇਇਨਸਾਫੀ ਦੇ ਸਾਹਮਣੇ ਉੱਕਾ ਹੀ ਖਾਮੋਸ਼ ਨਹੀਂ ਰਹਿ ਸਕਦਾ। ਨਾ ਹੀ ਉਹ ਸੰਘਰਸ਼ ਦੇ ਸਨਮੁੱਖ ਚੁੱਪ ਕਰਕੇ ਬੈਠ ਸਕਦਾ ਹੈ। ਜਿਹੜਾ ਕਿ ਮਹੱਤਵਪੂਰਨ ਹੈ ਤੇ ਇਕ ਸੱਚਾਈ ਹੈ ਜੋ ਹੇਠੋਂ ਉੱਠ ਕੇ ਤੁਰਦੀ ਹੋਈ ਵਿਕਸਿਤ ਹੁੰਦੀ ਹੈ।

"ਲਾਕੋਤਾ" ਲੋਕ ਜਿਨ੍ਹਾਂ ਦਾ ਆਪਣਾ ਸਵੈਮਾਨ ਅਤੇ ਸੁਭਾਗ, ਉਹਨਾਂ ਦੇ ਆਪਣੇ ਲਹੂ ਵਿਚ ਹੈ, ਉਹਨਾਂ ਦਾ ਆਪਣਾ ਸਦਾਚਾਰ ਹੈ, ਜੋ ਕਿ ਸਾਰੇ ਲੋਕਾਂ ਦੀ ਸੰਪਤੀ ਵਲੋਂ ਜੋ ਮੰਨਿਆ ਤੇ ਸਤਿਕਾਰਿਆ ਜਾਂਦਾ ਹੈ। ਧਰਤੀ ਮਾਤਾ ਜਿਹੜੀ ਕਿ ਸਾਡੇ ਉਸ ਨਾਲ ਸੰਬੰਧਾਂ ਦੇ ਕਾਰਨ ਸਤਿਕਾਰ ਯੋਗ ਹੈ ਅਤੇ ਦੂਸਰੀਆਂ ਸਜੀਵ ਵਸਤਾਂ ਵਾਂਗ, ਇਸ ਦੇ ਅੰਦਰ ਅਤੇ ਬਾਹਰ ਜੀਊਂਦੇ ਅਤੇ ਮਰਦੇ ਹਾਂ। ਇਹ ਸਦਾਚਾਰ ਹੀ ਹੈ ਜੋ ਮਨੁੱਖੀ ਸਾਰਥਿਕਤਾ



ਦੇ ਮਾਪ ਵਜੋਂ ਫ਼ਰਾਖ਼ਦਿਲੀ ਨੂੰ ਮਾਨਤਾ ਦਿੰਦਾ ਹੈ, ਸਾਡੇ ਵੱਡੇ ਵਡੇਰਿਆਂ ਅਤੇ ਉਹਨਾਂ ਦੇ ਪੂਰਵਜਾਂ ਦੇ, ਵਰਤਮਾਨ ਅਤੇ ਭਵਿੱਖ ਲਈ ਦੱਸੇ ਰਾਹਾਂ ਉੱਪਰ ਤੁਰਦੇ ਹੋਏ, ਸਾਰੇ ਇਸਤਰੀਆਂ ਅਤੇ ਪੁਰਸ਼ ਬ੍ਰਹਿਮੰਡ ਦੇ ਇਕ ਅੰਗ ਵਜੋਂ (ਯੁਗ ਗਰਦੀ ਦੀਆਂ, ਅਨੁ) ਇਹਨਾਂ ਰਾਹਾਂ ਅਤੇ ਰੁੱਤਾਂ ਨੂੰ ਚੁਣਦੇ ਹਾਂ, ਸਦਭਾਵਨਾ ਦੀ ਭਾਲ ਵਿਚ ਅਤੇ ਉਹ ਜਿਹੜੇ ਨਿਯਮਾਂ ਨੂੰ ਤੋੜਦੇ ਹਨ, ਦੇ ਵਿਰੁੱਧ ਸੰਘਰਸ਼ਸ਼ੀਲ ਹਨ। ਇਹ ਅਤੇ ਹੋਰ ਬਹੁਤ ਕੁਝ ਹੈ ਜਿਸ ਤੋਂ ਅਸੀਂ ਬਹੁਤ ਦੂਰ ਹੋਣ ਦੇ ਕਾਰਨ ਬਚੇ ਰਹਿਣ ਦੇ ਕਾਰਨ, ਉਤਰੀ ਅਮਰੀਕਾ ਅਤੇ ਬਾਕੀ ਸੰਸਾਰ ਭਰ ਵਿਚ ਮਨੁੱਖਤਾ ਅਤੇ ਪ੍ਰਾਕ੍ਰਿਤੀ ਦੇ ਦੁਸ਼ਮਣ 'ਪੱਛਮੀ' ਸੱਭਿਆਚਾਰ ਦੀ ਸਿੱਖਿਆ ਨੂੰ ਨਿਸ਼ਾਨਾ ਬਣਾ ਰਹੇ ਹਾਂ।

ਸ਼ਾਇਦ ਕੱਲੇ ਕਾਰੇ ਲੀਓਨਾਰਡ ਪਿਲਟੀਅਰ ਦੀ ਦ੍ਰਿੜ ਮੁਖਾਲਫਤ, ਹੈਂਕੜਬਾਜ਼ ਉੱਤਰੀ ਅਮਰੀਕਾ ਅਤੇ ਸੰਸਾਰ ਭਰ ਲਈ ਨਾ ਕਾਫੀ ਹੋਵੇ। ਕਦੇ ਵੀ ਇਸ ਮੁਲਾਕਾਤ ਦਾ ਤਿਆਗ ਨਾ ਕਰਨ ਦੀ ਦ੍ਰਿੜਤਾ ਨੂੰ ਇਹ ਜੋਰਾਵਰ "ਮੂਰਖਤਾ" ਦੱਸਦੇ ਹਨ।

ਪ੍ਰੰਤੂ ਇਹੋ ਜਿਹੇ ਮੂਰਖ ਤਾਂ ਅੱਜ ਸੰਸਾਰ ਦੇ ਹਰ ਕੋਨੇ-ਕੋਨੇ ਵਿਚ ਹਨ ਅਤੇ ਉਹਨਾ ਸਾਰੇ ਦੇ ਸਾਰਿਆਂ ਦਾ ਅਤੀ ਪੁਰਾਤਨ ਇਤਿਹਾਸ ਦੀ ਜ਼ਰਖੇਜ਼ ਰਣ ਭੂਮੀ ਉਪਰ, ਵਿਰੋਧ ਪ੍ਰਫੁੱਲਤ ਹੋ ਰਿਹਾ ਹੈ।

ਸਮੁੱਚੇ ਤੌਰ ਤੇ ਇਹ ਸੱਤਾਧਾਰੀ ਜਿਹੜੀ ਗੱਲ ਸਮਝਣੋਂ ਅਸਮਰੱਥ ਹਨ ਕਿ ਇਹ ਕੇਵਲ ਪਿਲਟੀਅਰ ਦਾ ਹੀ ਪ੍ਰਤੀਰੋਧ ਨਹੀਂ ਹੈ ਸਗੋਂ ਸਾਰੇ ਸੰਸਾਰ ਦਾ ਹੀ ਹੈ ਜਿਹੜੇ ਇਸ ਲੜਾਈਆਂ, ਜੇਲ੍ਹਾਂ ਅਤੇ ਪੁਲਸੀ ਧਾੜਾਂ ਵਾਲੇ ਉਹਨਾਂ ਦੇ ਪ੍ਰਬੰਧ ਵਾਲੀ ਦੁਨੀਆਂ ਨੂੰ ਉਹਨਾਂ ਦੇ ਹੀ ਤਾਬੂਤ ਵਿਚ ਬਦਲਣ ਦਾ ਇਰਾਦਾ ਰੱਖਦੇ ਹਨ।

ਸ਼ਾਇਦ ਉੱਤਰੀ ਅਮਰੀਕਾ ਦੇ ਇਹ ਹਾਕਮ ਸੋਚਦੇ ਹੋਣ ਕਿ ਲੀਓਨਾਰਡ ਪਿਲਟੀਅਰ ਨੂੰ ਤਸ਼ੱਦਦ ਕਰਕੇ ਜੇਲ੍ਹ ਵਿਚ ਸੁੱਟ ਕੇ ਅਤੇ ਇਕ ਵਿਅਕਤੀ ਨੂੰ ਜੇਲ੍ਹ ਵਿਚ ਡੱਕ ਕੇ ਤਸ਼ੱਦਦ ਕਰ ਰਹੇ ਹਨ।

ਅਤੇ ਉਹ ਇਹ ਨਹੀਂ ਸਮਝਦੇ ਕਿ ਇਕ ਕੈਦੀ ਜੇਲ੍ਹ ਵਿਚ ਡੱਕਿਆ ਵੀ ਕਿਵੇਂ ਸੁਤੰਤਰ ਰਹਿ ਸਕਦਾ ਹੈ।

ਅਤੇ ਉਹ ਇਹ ਨਹੀਂ ਸਮਝ ਸਕਦੇ ਕਿ ਕੋਈ ਕੈਦ ਵਿਚ ਰਹਿੰਦਿਆਂ ਹੋਇਆ ਕਿਵੇਂ ਅਨੇਕਾਂ ਨਾਲ ਗੱਲਾਂ ਕਰਦਾ ਹੈ ਅਤੇ ਕਿਵੇਂ ਅਨੇਕਾਂ ਦੀਆਂ ਸੁਣਦਾ ਹੈ।

ਅਤੇ ਉਹ ਇਹ ਨਹੀਂ ਸਮਝਦੇ ਕਿ ਕਿਵੇਂ ਵਿਅਕਤੀ, ਇੰਨੀ ਵੱਡੀ ਪੱਧਰ ਉੱਤੇ ਇਕੱਲਾ ਹੀ, ਇੰਨਿਆਂ ਦੀ ਪ੍ਰਤੀਨਿਧਤਾ ਕਰਦਾ ਹੋਇਆ, ਇੰਨੇ ਕੁਝ ਅੱਗੇ ਅੜਦਾ ਹੈ।

ਹਾਕਮ ਆਪਣੇ ਆਪ ਨੂੰ ਪੁੱਛਣ ਤਾਂ ਸਹੀ ਇਵੇਂ "ਕਿਉਂ" ਅਤੇ ਉਹਨਾਂ ਦਾ ਉੱਤਰ ਕਦੇ ਉਹਨਾਂ ਦੇ ਕੰਨਾਂ ਤੱਕ ਨਹੀਂ ਅਪੜੇਗਾ ਅਤੇ ਸਮੁੱਚੇ ਲੋਕਾਂ ਨੂੰ ਕਦੇ ਕੈਦੀ ਬਣਾ ਕੇ ਰੱਖਣਾ ਅਸੰਭਵ ਹੁੰਦਾ ਹੈ।

ਕਿਉਂਕਿ ਲੀਓਨਾਰਡ ਪਿਲਟੀਅਰ 'ਲਾਕੋਤਾ' ਮਰਦਾਂ ਅਤੇ ਇਸਤਰੀਆਂ ਦੁਆਰਾ ਬੋਲਦਾ ਹੈ ਜੋ ਕਿ ਆਪਣੇ ਆਪ ਅਤੇ ਆਪਣੀ ਪ੍ਰਕਿਰਤੀ ਵਜੋਂ ਧਰਤੀ ਮਾਂ ਦੇ ਉੱਤਮ ਜਾਏ ਹਨ।

ਕਿਉਂਕਿ ਇਸ ਬੰਦੇ ਅਤੇ ਇਸ ਦੇ ਲੋਕਾਂ ਦੀ ਸ਼ਕਤੀ ਆਧੁਨਿਕ ਹੱਥਿਆਰਾਂ ਤੋਂ ਪ੍ਰਾਪਤ ਨਹੀਂ ਹੁੰਦੀ, ਇਹ ਤਾਂ ਇਹਨਾਂ ਦੇ ਇਤਿਹਾਸ, ਇਹਨਾਂ ਦੀਆਂ ਜੜ੍ਹਾਂ ਅਤੇ ਪੂਰਵਜਾਂ ਤੋਂ ਮਿਲਦੀ ਹੈ।

ਕਿਉਂਕਿ ਲਾਕੋਤਾ ਅਤੇ ਹੋਰ ਬਹੁਤ ਸਾਰੇ ਉੱਤਰੀ ਅਮਰੀਕਾ ਦੇ ਇੰਡੀਅਨ ਲੋਕ ਜਾਣਦੇ ਹਨ ਕਿ ਹਾਰ ਮੰਨਣ ਵਾਲੇ ਪ੍ਰਤੀਰੋਧ ਨੂੰ ਜਾਰੀ ਰੱਖ ਕੇ, ਉਹ ਨਾ ਕੇਵਲ ਆਪਣੇ ਜੀਵਨ ਅਤੇ ਸੁਤੰਤਰਤਾ ਦੀ ਰੱਖਿਆ ਕਰ ਰਹੇ ਹਨ, ਸਗੋਂ ਉਹ ਉਹਨਾਂ ਦੇ ਇਤਿਹਾਸ, ਪ੍ਰਕਿਰਤੀ, ਜਿਸ ਨੇ ਉਹਨਾਂ ਨੂੰ ਜਨਮ ਦਿੱਤਾ ਹੈ, ਘਰ ਅਤੇ ਹੋਣੀ ਦੀ ਰੱਖਿਆ ਵੀ ਕਰ ਰਹੇ ਹਨ।

ਕਿਉਂਕਿ ਜਿਹੜੇ ਇਤਿਹਾਸ ਨਾਲ ਅੱਖ ਨਹੀਂ ਮਿਲਾਉਣੀ ਚਾਹੁੰਦੇ, ਉਹਨਾਂ ਨੂੰ

ਮਹਾਨ ਲੋਕ ਹਮੇਸ਼ਾ ਹੀ ਨਿੱਕੇ-ਨਿੱਕੇ ਦਿਸਦੇ ਹਨ। ਇਤਿਹਾਸ ਜੋ ਸਭ ਕਾਸੇ ਨੂੰ ਆਪਣੀ ਬੁੱਕਲ ਵਿਚ ਸਾਂਭ ਰੱਖਦਾ ਹੈ।

ਕਿਉਂਕਿ ਅੱਜਕੱਲ ਜਿਹੜਾ ਨਸਲਵਾਦ ਰਾਜ ਕਰ ਰਿਹਾ ਹੈ, ਦੂਜਿਆਂ ਨੂੰ ਤਾਂ ਕੁਝ ਸਮਝਦਾ ਹੀ ਨਹੀਂ, ਉਹਨਾਂ ਨੂੰ ਤਾਂ ਉਹ ਜੇਲ੍ਹਾਂ ਦੇ ਜਾਂ ਕੂੜੇਦਾਨ ਦੇ ਯੋਗ ਹੀ ਸਮਝਦਾ ਹੈ। 'ਪ੍ਰਾਈਨ ਰਿੱਜ' ਦੀ ਕਮਿਊਨਿਟੀ ਵਿਚ ਪਿਛਲੇ ਮਹੀਨੇ ਦੋ ਲੋਕਾਤਾ ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ। ਉੱਤਰੀ ਅਮਰੀਕਾ ਦੇ ਇਨਸਾਫ਼ ਦਾ ਇਹ ਤਕਾਜ਼ਾ ਹੈ ਕਿ ਜਿਹੜੇ ਆਪਣੇ ਲੋਕਾਂ ਦੇ ਲਈ ਸੰਘਰਸ਼ ਕਰਦੇ ਹਨ। ਉਹ ਜੇਲ੍ਹਾਂ ਵਿਚ ਤੁੰਨ ਰੱਖਦੇ ਹਨ। ਜਿਹੜੇ ਕਮੀਨੇ ਅਤੇ ਕਾਤਲ ਹਨ ਜਾਂ ਖੁੱਲੇ ਘੁੰਮ ਰਹੇ ਹਨ।

ਅਕਸਰ ਲੀਓਨਾਰਡ ਪਿਲਟੀਅਰ ਦਾ ਕਸੂਰ ਕੀ ਹੈ?

ਕਸੂਰ ਉਹ ਹੈ, ਜਿਹੜਾ ਉਸ ਨੇ ਕੀਤਾ ਹੀ ਨਹੀਂ, ਨਹੀਂ ਨਹੀਂ। ਉਸ ਦਾ ਕਸੂਰ ਹੈ ਕਿ ਉਹ ਉਹਨਾਂ ਦੇ ਵਿਚੋਂ ਨਹੀਂ ਹੈ, ਉਹ ਉਹਨਾਂ ਤੋਂ ਵੱਖਰਾ ਦਿੱਸਦਾ ਹੈ। (ਰੰਗ ਤੇ ਨਸਲ ਕਾਰਨ) ਉਹ ਭਿੰਨ ਹੈ ਤੇ ਉਸ ਨੂੰ ਹੋਰਵੇਂ ਅਤੇ ਵੱਖਰੇ ਹੋਣ ਉਪਰ ਫ਼ਖ਼ਰ ਹੈ।

ਪ੍ਰੰਤੂ ਹੱਤਿਆਰਿਆਂ ਲਈ ਲੀਓਨਾਰਡ ਪਿਲਟੀਅਰ ਦਾ ਬੱਜਰ ਅਪਰਾਧ ਇਹ ਹੈ ਕਿ ਉਹ ਆਪਣੇ ਅਤੀਤ, ਆਪਣੇ ਸੱਭਿਆਚਾਰ, ਆਪਣੇ ਵਿਰਸੇ, ਲੋਕਾਤਾ ਲੋਕਾਂ ਦੇ ਇਤਿਹਾਸ ਨੂੰ ਮੁਕਤ ਕਰਵਾਉਣਾ ਚਾਹੁੰਦਾ ਹੈ। ਹਾਕਮਾਂ ਲਈ ਇਹ ਅਪਰਾਧ ਹੈ, ਕਿਉਂਕਿ ਆਪਣੇ ਇਤਿਹਾਸ ਨੂੰ ਜਾਨਣਾ, ਉਹਨਾਂ ਦੀ ਮਸ਼ੀਨ ਦੇ ਤਰਕਹੀਨ ਸਿਸਟਮ ਵਿਚ ਅੜਿੱਕਾ ਬਣਕੇ, ਉਹ ਉਸ ਨੂੰ ਝੰਜੋੜਾ ਦਿੰਦਾ ਹੈ।

ਜੇ ਕਰ ਲੀਓਨਾਰਡ ਪਿਲਟੀਅਰ ਅਪਰਾਧੀ ਹੈ ਤਾਂ ਫਿਰ ਅਸੀਂ ਸਾਰੇ ਹੀ ਅਪਰਾਧੀ ਹਾਂ, ਕਿਉਂਕਿ ਅਸੀਂ ਸਾਰੇ ਹੀ ਆਪਣੇ ਇਤਿਹਾਸ ਦੀ ਰਾਖੀ ਕਰਨੀ ਚਾਹੁੰਦੇ ਹਾਂ, ਅਤੇ ਇਸ ਦੇ ਮੋਢਿਆਂ ਉੱਪਰ ਅਸੀਂ ਸੰਸਾਰ ਵਿਚ ਆਪਣੇ ਸਥਾਨ ਲਈ, ਸਵੈਮਾਨ ਅਤੇ ਸਤਿਕਾਰ ਯੋਗ ਸਥਾਨ ਲਈ, ਜਿਹੋ ਜਿਹੇ ਵੀ ਅਸੀਂ ਹਾਂ ਤੇ ਜਿਹੋ ਜਿਹੇ ਵੀ ਅਸੀਂ ਸੀ, ਸੰਘਰਸ਼ ਕਰ ਰਹੇ ਹਾਂ।

ਜੇ ਕਰ ਉੱਤਰ ਵਿਚ ਦੇ ਇੰਡੀਅਨ ਲੋਕ ਅਤੇ ਮੈਕਸੀਕੋ ਦੇ ਇੰਡੀਅਨ ਲੋਕ ਏਸੇ ਤਰ੍ਹਾਂ ਪੂਰੇ ਮਹਾਂਦੀਪ ਦੇ ਮੂਲਵਾਸੀ ਜਾਣਦੇ ਹਨ ਕਿ ਉਹਨਾਂ ਦਾ ਕੋਈ ਆਪਣਾ ਥਾਂ ਹੈ। ਅਸੀਂ ਕੌਣ ਹਾਂ, ਵੱਖਰੇ ਰੰਗ ਦੀ ਚਮੜੀ, ਵੱਖਰੀ ਭਾਸ਼ਾ, ਵੱਖਰੇ ਸੱਭਿਆਚਾਰ ਦੇ ਵਿਖਾਵੇ ਲਈ ਹੀ ਨਹੀਂ, ਇਹ ਹਾਕਮਾਂ ਦੇ ਸਮਝਣ ਵਾਲੀ ਗੱਲ ਹੈ, ਕਿ ਇਸ ਵਿਚ ਕੀ ਪਿਆ ਹੈ, ਜਦੋਂ ਕਿ ਅਸੀਂ ਸਭ ਕੁਝ ਜਾਣਦੇ ਹਾਂ, ਕਿ ਸਾਰੀ ਦੁਨੀਆਂ ਭਾਂਤ ਸੁਭਾਂਤੇ ਰੰਗਾਂ ਵਾਲੇ ਲੋਕਾਂ ਨਾਲ ਭਰੀ ਪਈ ਹੈ। ਇਸ ਲਈ ਉਹ ਸਮਝ ਜਾਣ ਅਤੇ ਕੋਈ ਅਜਿਹਾ ਸਬਕ ਸਿੱਖਣ ਜੋ ਉਹਨਾਂ ਨੂੰ ਕਦੇ ਨਾ ਭੁੱਲੇ। ਕਿ ਬਹੁਤ ਸਾਰੇ ਹੋਰਨਾਂ ਰਾਹਾਂ ਅਤੇ ਪੁਲਾਂ ਦੀ ਲੋੜ ਹੈ, ਜਿਹਨਾਂ ਦੇ ਹੇਠੋਂ ਦੀ ਲੰਘ ਜਾਈਦਾ ਹੈ।

ਇਹਨਾਂ ਰਾਹਾਂ ਅਤੇ ਪੁਲਾਂ ਉੱਤੇ ਤੇਰਾ, ਪਿਆਰੇ ਲੀਓਨਾਰਡ ਪਿਲਟੀਅਰ ਬਹੁਤ ਹੀ ਸਾਡੇ ਨੇੜਲੇ, ਆਪਣੇ ਵਿਚੋਂ ਹੀ ਜਿਵੇਂ ਕੋਈ ਹੁੰਦਾ ਹੈ, ਦਾ ਵਿਸ਼ੇਸ਼ ਸਥਾਨ ਹੈ। ਜੁਝਾਰੂ ਸਲਾਮ! ਲੀਓਨਾਰਡ ਪਿਲਟੀਅਰ ਉਸ ਇਕ ਵਲੋਂ ਜਿਹੜਾ ਤੇਰਾ ਪ੍ਰਸੰਸ਼ਕ ਹੈ ਤੇ ਸਤਿਕਾਰ ਕਰਦਾ ਹੈ ਅਤੇ ਆਸ ਰੱਖਦਾ ਹੈ ਕਿ ਇਕ ਦਿਨ ਤੂੰ ਉਸ ਨੂੰ "ਭਰਾ" ਆਖ ਸਕੇਂਗਾ। ਘੁੱਟਵੀਂ ਗਲਵੱਕੜੀ।

ਅਲਵਿਦਾ ਪਿਆਰੇ! ਤੇਰੀ ਚੰਗੇਰੀ ਸਿਹਤ ਦੀ ਕਾਮਨਾ ਅਤੇ ਮੈਂ ਆਸ ਕਰਦਾ ਹਾਂ ਕਿ ਅੱਜ ਦੇ ਰਾਹਾਂ ਤੇ ਤੁਰਦਿਆਂ, ਬੀਤੇ ਦੇ ਕੱਲ੍ਹ ਦੇ ਹਥਿਆਰਾਂ ਨਾਲ ਭਲਕੇ ਬੇਇਨਸਾਫੀ ਅਲੋਪ ਹੋ ਜਾਵੇਗੀ। •

**ਦੱਖਣੀ ਪੂਰਵੀ ਮੈਕਸੀਕੋ ਦੀਆਂ ਪਹਾੜੀਆਂ ਵਿਚੋਂ**
**ਸਬਕਮਾਂਡੈਂਟ ਇਨਸਰਜੈਂਟ ਮਾਰਕੋਜ਼**
**ਮੈਕਸੀਕੋ, ਅਕਤੂਬਰ 1999 (ਅਨੁਵਾਦਕ ਸੂਫੀ ਅਮਰਜੀਤ)**





# ਸ਼ਾਇਰੀ ਵਿਚ ਮੋਤੀਆਂ ਦਾ ਜੜਾਅ
# ਨਰਿੰਦਰ ਮਾਨਵ ਦੀ 'ਇਬਾਦਤ'

ਪੰਜਾਬੀ ਸ਼ਾਇਰੀ ਨੂੰ ਜਿੰਨ੍ਹਾ ਨੇ ਸਾਰੀ ਉਮਰ ਇਬਾਦਤ ਵਾਂਗ ਪਾਕ ਰੱਖਿਆ ਅਤੇ ਸ਼ਾਇਰੀ ਨੂੰ ਸ਼ਿੱਦਤ ਦੇ ਅਹਿਸਾਸ ਦੀ ਸਿਖ਼ਰ ਪ੍ਰਦਾਨ ਕੀਤੀ ਉਹਨਾਂ ਵਿਚ ਉਸਤਾਦ ਗ਼ਜ਼ਲਗੋ ਅਤੇ 'ਗ਼ਜ਼ਲ ਦੇ ਦਿੱਗ ਦਰਸ਼ਨ' ਵਾਲਾ ਮਹਿੰਦਰ ਮਾਨਵ ਵੀ ਹੈ। ਉਸਨੇ ਜਿੰਨੀ ਵਧੀਆ ਸ਼ਾਇਰੀ ਕੀਤੀ ਉਸ ਤੋਂ ਵੀ ਵੱਧ ਗ਼ਜ਼ਲ ਉੱਤੇ ਸਮਾਲੋਚਨਾ ਦੀ, ਸਮਦ੍ਰਿਸ਼ਟੀਵਾਲਤਾ ਦੀ ਪ੍ਰਵਿਰਤੀ ਵੀ ਪ੍ਰਦਾਨ ਕੀਤੀ। ਉਸ ਦੀ ਖੁਸ਼ਕਿਸਮਤੀ ਹੀ ਮੰਨਣੀ ਚਾਹੀਦੀ ਹੈ ਕਿ ਉਸ ਮਾਨਵ ਦਾ ਕੁਕਨੁਸ ਪੁੱਤਰ ਨਰਿੰਦਰ ਮਾਨਵ ਵੀ ਪੰਜਾਬੀ ਗ਼ਜ਼ਲ ਵਿਚ ਸੂਹੀ ਰੋਸ਼ਨੀ ਪ੍ਰਦਾਨ ਕਰ ਰਿਹਾ ਹੈ। 'ਕਿਰਮਚੀ ਸ਼ੁਅਲੇ' ਗ਼ਜ਼ਲ ਸੰਗ੍ਰਹਿ ਨਾਲ ਹੀ ਨਰਿੰਦਰ ਮਾਨਵ ਪੰਜਾਬੀ ਗ਼ਜ਼ਲ ਦੇ ਆਧੁਨਿਕ ਸ਼ਾਇਰਾਂ ਦੀ ਪਹਿਲੀ ਕਤਾਰ ਵਿਚ ਆਣ ਖਲੋਤਾ ਸੀ। ਪਿਛਲੇ ਸਾਲ ਛਪੀ ਉਸਦੀ ਨਵੀਂ ਗ਼ਜ਼ਲ ਪੁਸਤਕ 'ਇਬਾਦਤ' ਹੋਰ ਗ਼ਜ਼ਲ ਪੁਸਤਕਾਂ ਨਾਲੋਂ ਵੱਧ ਮਾਣ ਸਤਿਕਾਰ ਹਾਸਿਲ ਕਰਨ ਦੀ ਪਾਤਰ ਹੈ। ਕਿਰਤੀ ਪਬਲੀਕੇਸ਼ਨ ਜਲੰਧਰ ਵਲੋਂ ਛਪੀ ਇਸ ਗ਼ਜ਼ਲ-ਪੁਸਤਕ ਦੀਆਂ ਜਗਤਾਰ ਅਤੇ ਅਮਰਜੀਤ ਸਿੰਘ 'ਸੰਧੂ' ਨੇ ਭੂਮਿਕਾਵਾਂ ਲਿਖੀਆਂ ਹਨ। ਕੁੱਲ 96 ਸਫ਼ਿਆਂ ਵਿਚ 74 ਗ਼ਜ਼ਲਾਂ ਦੀ ਸੁੰਦਰ ਤੇ ਗਲਤੀ ਰਹਿਤ ਛਪਾਈ ਵਾਲੀ ਇਸ ਬਹੁਮੁੱਲੀ ਕਿਤਾਬ ਦੀ ਸਜਿਲਦ 100 ਰੁ. ਅਤੇ ਪੇਪਰ ਬੈਕ 60 ਰੁਪਏ ਕੀਮਤ ਹੈ। ਇਹ ਪੁਸਤਕ ਨਰਿੰਦਰ ਨੇ ਆਪਣੇ ਪਿਤਾ ਮਹਿੰਦਰ ਮਾਨਵ ਨੂੰ ਸਮਰਪਤ ਕੀਤੀ ਹੈ। ਇਸ ਪੁਸਤਕ ਬਾਰੇ ਜਗਤਾਰ ਕਹਿੰਦਾ ਹੈ ਕਿ 'ਮਾਨਵ ਦੀਆਂ ਗ਼ਜ਼ਲਾਂ ਨਾ ਤਾਂ ਪੂਰਨ ਭਾਂਤੀ ਆਧੁਨਿਕ ਹਨ, ਨਾਹੀ ਕ੍ਰਾਂਤੀਸ਼ੀਲ, ਪ੍ਰੰਤੂ ਪ੍ਰੰਪਰਾਈ ਰੰਗ ਵਿਚ ਬੇਮਿਸਾਲ ਹਨ। ਪਰ ਮਾਨਵ ਪੁਰਾਣੇ ਉਸਤਾਦਾਂ ਵਾਂਗ ਲਕੀਰ ਦਾ ਫਕੀਰ ਨਹੀਂ। (ਸਫਾ 5) ਏਸੇ ਤਰ੍ਹਾਂ ਹੀ ਸ. ਅਮਰਜੀਤ ਸਿੰਘ ਸੰਧੂ ਲਿਖਦਾ ਹੈ ਕਿ 'ਮਾਨਵ ਲੋਕ-ਪੱਖੀ ਸੋਚ ਦਾ ਧਾਰਨੀ ਹੈ। ਲੋਕ ਦਰਦ ਉਸ ਦੇ ਕਲਾਮ ਵੀ ਹੀ ਨਹੀਂ ਸਗੋਂ ਨਿੱਜੀ ਜ਼ਿੰਦਗੀ ਵਿਚ ਵੀ ਸਮਾਇਆ ਹੋਇਆ ਹੈ। ਉਸ ਨੇ ਆਪਣੀ ਜੀਵਨ ਸ਼ੈਲੀ ਹੀ ਐਸੀ ਢਾਲੀ ਹੋਈ ਹੈ। ਉਸਦਾ ਕਮਜ਼ੋਰ ਧਿਰ ਵੱਲ ਖਲੋਣਾ ਵੀ ਅੱਜ ਭਾਵੇਂ ਜੋਰਾਵਰਾਂ ਨੂੰ ਖਟਕਦਾ ਹੀ ਹੈ ਪਰ ਉਸ ਨੂੰ ਵਿਸ਼ਵਾਸ ਹੈ ਕਿ ਉਸ ਦੀ ਲੋਕ-ਪੱਖੀ ਕਹਿਣੀ, ਕਰਨੀ ਅਤੇ ਲੇਖਣੀ ਦਾ ਮੁੱਲ ਇਕ ਦਿਨ ਜ਼ਰੂਰ ਪਵੇਗਾ।"

ਨਰਿੰਦਰ ਮਾਨਵ ਸੱਚ ਦਾ ਸ਼ਾਇਰ ਹੈ। ਸ਼ਿਵਮ (ਕਲਿਆਣਕਾਰੀ) ਅਤੇ ਸੁੰਦਰਮ ਪੱਖ ਸਤਿਅੰਮ ਤੋਂ ਬਿਨਾਂ ਬੇਕਾਰ ਹੁੰਦੇ ਹਨ। ਮਾਨਵ ਦੀ ਸ਼ਾਇਰੀ ਸੱਚ ਦੀ ਸਰਵਭੌਮਿਕਤਾ ਦਾ ਪਰਤੌ ਹੈ। ਉਹ ਕਹਿੰਦਾ ਹੈ ਕਿ 'ਸੱਚ ਦੇ ਆਸ਼ਕ ਜ਼ਿੰਦਗੀ ਦਾ ਹਰ ਸਿਤਮ ਜਰਦੇ ਰਹੇ..........' ਸੱਚ ਕਹਿੰਦਿਆਂ ਉਹ ਬੇਖੌਫ ਹੋ ਜਾਂਦਾ ਹੈ। ਉਹ ਕਲਗੀਧਰ ਦੇ ਪੈਰੋਕਾਰਾਂ ਨੂੰ ਚੌਰਾਹੇ ਵਿਚ ਇਵੇਂ ਖਲ੍ਹਾਰ ਖਲੋਂਦਾ ਹੈ, 'ਅਮਾਨਤ ਵਿਚ ਖਿਆਨਤ ਕਰਨਾ ਦਾ ਭੁੱਸ ਪੈ ਗਿਆ ਇਸ ਨੂੰ, ਦਿਨੋਂ ਦਿਨ ਨਿਘਰਦਾ ਜਾਵੇ ਤੇਰਾ ਪਰਵਾਰ ਕਲਗੀਧਰ, ਸ਼ਰੇ ਬਾਜ਼ਾਰ ਕਰਕੇ ਧਰਮ ਦਾ ਵਿਉਪਾਰ ਕਲਗੀਧਰ, ਬਿਠਾਏ ਧਰਮ ਦੇ ਜੋ ਆਪਾਂ ਪਹਿਰੇਦਾਰ ਕਲਗੀਧਰ।' ਮਾਨਵ ਸੰਵੇਦਨਾ ਦਾ ਸ਼ਾਇਰ ਹੈ ਉਹ ਆਦਮੀ ਤੋਂ ਖੁਦੀ ਦੇ ਦੂਰ ਹੋਣ ਨੂੰ ਨਿਲੱਜਤਾ ਸਮਝ ਕੇ ਅਰਦਾਸੀ ਹੈ ਕਿ, 'ਕੋਈ ਕਦੇ ਵੀ ਏਨਾ ਮਜ਼ਬੂਰ ਹੋ ਨਾ ਜਾਏ, ਖੁਦ ਆਪਣੇ ਆਪ ਤੋਂ ਹੀ ਉਹ ਦੂਰ ਨਾ ਹੋ ਜਾਏ' (50) ਪੰਜਾਬੀ ਦੀ ਧਰਤੀ ਨੂੰ ਇਸ ਸੁਨਹਿਰੀ ਸੋਚ ਨਾਲ ਸਲਾਮ ਕਰਦਾ 'ਇਹ ਧਰਤ ਸ਼ਹੀਦਾਂ ਦੀ, ਅਸਮਾਨ ਸ਼ਹੀਦਾਂ ਦਾ,

ਇਸ ਦੇਸ਼ ਦੀ ਮਿੱਟੀ ਨੂੰ ਵਰਦਾਨ ਸ਼ਹੀਦਾਂ ਦਾ' (60), ਮਾਨਵ ਨਿੱਘਰੀ ਲੋਕਤਾ ਦੇ ਦਿਲ ਨੂੰ ਹਲੂਣਾ ਦੇਣ ਲਈ ਹੋਕਾ ਦਿੰਦਾ ਹੈ, 'ਜ਼ੁਲਮ ਕਦੋਂ ਤੱਕ ਹੋਰ ਸਹੋਗੇ, ਖ਼ੂਨੀ ਜੋਕਾਂ ਦਾ? ਖ਼ੂਨ ਬੜਾ ਹੀ ਡੀਕ ਗਈਆਂ ਨੇ ਇਹ ਨਿਰਦੋਸ਼ਾਂ ਦਾ' (61), ਵਿਕਾਊ ਵੋਟਾਂ ਦੇ ਕਲਚਰ ਉੱਤੇ ਮਾਨਵ ਦਾ ਵਿਅੰਗ ਦਿਲ ਵਿਚ ਲਹਿਣ ਵਾਲਾ ਹੈ। 'ਦਿਲ ਤਾਂ ਕਰਦੈ ਹੁਣ ਮਾਨਵ ਆਪਾਂ ਵੀ ਵਿਕ ਜਾਈਏ, ਮੁੱਲ ਹਮੇਸ਼ਾ ਏਥੇ ਪੈਂਦੇ ਜਾਅਲੀ ਵੋਟਾਂ ਦਾ' (61), ਮਾਨਵ ਉਸ ਆਦਮੀ ਨੂੰ ਮਿਲਣਾ ਵੀ ਪਸੰਦ ਨਹੀਂ ਕਰਦਾ, ਜਿਸ ਕੋਲ ਦਿਲ ਹਾਜ਼ਰ ਨਹੀਂ, 'ਨਾ ਆਇਆ ਕਰ ਜੇ ਤੇਰੇ ਨਾਲ ਤੇਰਾ ਦਿਲ ਨਹੀਂ ਹੁੰਦਾ' (64), ਮਾਨਵ ਸਪੱਸ਼ਟ ਵਾਦੀ ਵੀ ਹੈ, ਉਸਦਾ ਇਹ ਸ਼ਿਅਰ ਕਿੰਨਾ ਪਿਆਰਾ ਹੈ, 'ਆਖਰ ਨੂੰ ਉਸ ਘਰ ਨੇ ਮਾਨਵ ਢਹਿ ਢੇਰੀ ਹੋ ਜਾਣਾ, ਜਿਸ ਨੂੰ ਸੰਨ੍ਹਾਂ ਲਾਉਂਦੇ ਰਹਿਣਾ ਉਸਦੇ ਪਹਿਰੇਦਾਰਾਂ' (65), ਵਿਆਪਕ ਮਾਰ-ਧਾੜ, ਅਰਾਜਕਤਾ, ਖੋਹਮਾਰੀ, ਬੇਹਿੱਸਤਾ, ਔਰੰਗਸ਼ਾਹੀ ਅਤੇ ਬੇਹੁਨਰਤਾ ਦੇ ਮਾਹੌਲ ਵਿਚ ਕਦੇ-ਕਦੇ ਮਾਨਵ ਉਦਾਸ ਵੀ ਹੋ ਜਾਂਦਾ ਹੈ। ਉਹ ਬਹੁਤ ਮਾਸੂਮਤਾ ਨਾਲ ਕਹਿ ਉੱਠਦਾ ਹੈ, 'ਕਿਸ ਚੀਜ਼ ਦਾ ਹੈ ਮਾਣ ਹੁਣ ਕਾਹਦਾ ਗੁਮਾਨ ਹੁਣ? ਸਭ ਕੁਝ ਹੀ ਮੈਨੂੰ ਜਾਪਦਾ ਹੈ ਨਾਸ਼ਵਾਨ ਹੁਣ' (66), ਪਰ ਐਸੇ ਮੌਸਮ ਵਿਚ ਵੀ ਉਹ ਖ਼ੁਦ ਨੂੰ ਗੈਰ ਹਾਜ਼ਰ ਨਹੀਂ ਕਰਦਾ ਤੇ ਅਹਿਦ ਕਰਦਾ ਹੈ, 'ਮਾਨਵ ਸਫੈਦ ਖ਼ੂਨ ਵਿਚ ਰੰਗਤ ਲਿਆਉਣ ਲਈ, ਤੈਨੂੰ ਹੀ ਕਰਨਾ ਪੈਣਾ ਹੈ ਕੁਝ ਖ਼ੂਨਦਾਨ ਹੁਣ' (66), ਦਿਲ ਕਰਦਾ ਹੈ ਉਸਦੇ ਸਾਰੇ ਸ਼ਿਅਰਾਂ ਦੀ ਪੂਜਾ ਕਰੀਏ। ਇਬਾਦਤ ਦਾ ਹਰ ਸ਼ਿਅਰ ਲੋਅ ਦੇ ਮਣਕਿਆਂ ਦਾ ਜੜਾਅ ਹੈ, ਰੂਪ ਵਿਧਾਨ ਵਿਚ ਉਸਤਾਦ ਮਾਨਵ ਦੀ 'ਇਬਾਦਤ' ਵਿਚ ਤੁਹਾਨੂੰ ਸ਼ਾਮਿਲ ਹੋਣ ਦਾ ਨਿੱਘਾ ਸੱਦਾ ਹੈ। •

## ਸਮਕਾਲ ਦੀ ਸੰਵੇਦਨਾ 'ਅਹਿਸਾਸ ਦੀ ਲੋਅ'

ਪੰਜਾਬੀ ਗ਼ਜ਼ਲ ਦੀ ਪ੍ਰਾਪਤੀ ਹੈ ਕਿ ਉਹ ਲੋਕਾਂ ਦੇ ਹਾਣ ਦੀ ਹੈ। ਲੋਕਾਂ ਦੇ ਦੁੱਖ-ਸੁੱਖ, ਅਨੁਭਵ-ਪ੍ਰਭਾਵ ਅਤੇ ਉਹਨਾਂ ਦੇ ਦਿਲ ਦੀਆਂ ਪਰਤਾਂ ਦੀ ਅੱਕਾਸੀ ਕਰਦੀ ਗ਼ਜ਼ਲ 'ਨਵੀਂ ਗੱਲ' ਸੁਣਦੀ ਵੀ ਹੈ ਅਤੇ ਉਸਨੂੰ ਆਪਣਾ ਰਵਾਇਤੀ ਪੈਗਾਮ ਦਿੰਦੀ ਵੀ ਹੈ। ਏਹੀ ਕਾਰਨ ਹੈ ਕਿ ਸੰਵੇਦਨਸ਼ੀਲਤਾ ਦੇ ਨਾਮ ਉੱਤੇ ਜਾਤੀ-ਬ੍ਰਿਹੜੇ ਅਤੇ ਬਿੱਲੀ-ਰੁਦਨ ਪੰਜਾਬੀ ਗ਼ਜ਼ਲ ਨੇ ਆਪਣਾ ਵਿਸ਼ੇਸ਼ਣ ਨਹੀਂ ਬਣਨ ਦਿੱਤਾ। ਉਸਨੇ ਆਪਣੇ ਸੌੜੇ ਅਰਥਾਂ ਨੂੰ ਰੱਦ ਕਰਕੇ ਪੰਜਾਬੀਅਤ ਦੇ ਸਨਮੁੱਖ ਵਿਆਪਕ ਸਰੋਕਾਰਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੈ। ਉਸਨੇ ਆਪਣੇ ਖੰਭਾਂ ਨਾਲ ਵਾਦਾਂ ਦੇ ਤਮਗੇ ਨਹੀਂ ਬੰਨ੍ਹਣ ਦਿੱਤੇ ਅਤੇ ਏਸੇ ਲਈ ਉਹ ਲੋਕ-ਵਾਦ ਦੇ ਗਗਨੀਂ ਖੁੱਲ੍ਹੀਆਂ ਉਡਾਰੀਆਂ ਲਾਉਣ ਦੇ ਸਮਰੱਥ ਹੈ। ਪਰ ਇਹਨਾਂ ਗਗਨਾਂ ਵਿਚ ਉਹ ਕਬੂਤਰ ਵਾਂਗ ਪੁੱਠੀਆਂ ਬਾਜ਼ੀਆਂ ਵੀ ਲਾ ਲੈਂਦੀ ਹੈ। ਪੰਜਾਬੀ ਗ਼ਜ਼ਲ ਰਸਭਿੰਨੀ ਵੀ ਅਤੇ ਉਸ ਵਿਚ ਰਸ-ਭਿੰਨਤਾ ਵੀ ਮੌਜੂਦ ਹੈ। ਉਸਦੇ ਜ਼ਿੰਦਾ ਰਹਿਣ ਅਤੇ ਲੋਕਾਂ ਦੀ ਹਰਮਨ ਪਿਆਰਤਾ ਦਾ ਕਾਰਨ ਉਸ ਦੀ ਲੋਕਾਂ ਪ੍ਰਤੀ ਸ਼ਰਧਾ ਅਤੇ ਆਸਥਾ ਹੀ ਹੈ।

'ਅਹਿਸਾਸ ਦੀ ਲੋਅ' ਗ਼ਜ਼ਲ ਸੰਗ੍ਰਹਿ ਵਾਚਦਿਆਂ ਵੀ ਕੁਝ ਐਸੀ ਹੀ ਤਸੱਲੀ ਮੈਨੂੰ ਮਿਲ ਰਹੀ ਹੈ ਕਿ ਗ਼ਜ਼ਲ ਦਾ ਭਵਿੱਖ ਉਸਦੇ ਭੂਤ ਅਤੇ ਵਰਤਮਾਨ ਤੋਂ ਅਸੀਂ ਭਲੀ-ਭਾਂਤ ਨਿਯਤ ਕਰ ਸਕਦੇ ਹਾਂ, ਜੋ ਕਿ ਲੋਕ-ਮੁਖੀ ਹੈ। ਇਸ ਪੁਸਤਕ ਦਾ ਸ਼ਾਇਰ ਗ਼ਜ਼ਲਕਾਰ ਪ੍ਰੀਤਮ ਪੰਧੇਰ ਹੈ। ਜਿਸ ਦੇ ਇਸ ਤੋਂ ਪਹਿਲਾਂ ਦੋ ਕਾਵਿ-ਸੰਗ੍ਰਹਿ 'ਸੁਲਗਦੀ ਅੱਗ' ਅਤੇ 'ਅਗਨ ਫੁੱਲ' ਛਪ ਚੁੱਕੇ ਹਨ। ਪੁਸਤਕ ਵਿਚ ਕੁਲ 73 ਸ਼ਾਨਦਾਰ ਗ਼ਜ਼ਲਾਂ ਹਨ। ਗ਼ਜ਼ਲਕਾਰ ਮੁਹਿੰਦਰਦੀਪ ਗਰੇਵਾਲ ਨੇ ਇਸ ਦੀ ਬਹੁਤ ਮਿਹਨਤ ਨਾਲ ਭੂਮਿਕਾ ਲਿਖੀ ਹੈ। ਪੰਧੇਰ ਕੋਲ ਸੰਘਰਸ਼ਸ਼ੀਲਤਾ ਦਾ ਵਿਆਪਕ ਤਜ਼ਰਬਾ ਹੈ। ਉਸਨੇ ਓਹਨਾਂ ਲੋਕਾਂ ਵਿਚ



ਜਵਾਨੀ ਬਿਤਾਈ ਹੈ ਜੋ ਦਸ਼ਮੇਸ਼ੀ ਰਾਹ ਉੱਤੇ ਗਾਮਜ਼ਨ ਹਨ ਅਤੇ ਜਿੰਨ੍ਹਾਂ ਦਾ ਅਕੀਦਾ ਹੈ ਕਿ ਹਰ ਔਰੰਗਜ਼ੇਬ ਦੇ ਚੱਕਰਵਰਤ ਜ਼ੁਲਮਾਂ ਉੱਤੇ ਅਣਖ ਅਤੇ ਸੰਘਰਸ਼ਾਂ ਦੇ ਆਨੰਦਪੁਰਾਂ ਹੀ ਕਾਟੇ ਮਾਰਨ ਹਨ। ਪੰਧੇਰ ਨੇ ਆਪਣੇ ਸ਼ਿਅਰਾਂ ਵਿਚ ਥਾਂ ਪੁਰ ਥਾਂ ਨੀਵਾਣਾਂ ਛੂੰਹਦੀ ਜਾ ਰਹੀ ਰਾਜਨੀਤੀ, ਆਦਮੀ ਦੇ ਹੱਥੋਂ ਆਦਮੀ ਦੀ ਕਰੂਰ ਲੁੱਟ, ਧਾਰਮਕ ਸ਼ੋਸ਼ਣ, ਅੰਧੇਰਅੰਧਤਾ, ਬੁਰਛਾਗਰਦੀ, ਵੱਢੀਖੋਰੀ, ਧਿੰਗਾਜ਼ੋਰੀ, ਆਜ਼ਾਦੀ ਘੁਲਾਟੀਆਂ ਦੇ ਮੋਏ ਸੁਪਨੇ, ਕੁੰਠਤ ਵਿਵਸਥਾ, ਵਿਕਾਊ ਕਾਨੂੰਨ, ਅੱਖਾਂ ਚੁੰਧਿਆਉਂਦੀ ਰੋਸ਼ਨੀ, ਹਨੇਰਗਰਦੀ, ਕੂੜ ਸੁਰਗੀ-ਨਰਕੀ ਫਲਸਫਾ, ਮੌਕਾਪ੍ਰਸਤੀ, ਕਿਰਤ ਦੀ ਲੁੱਟ, ਕਲੀਆਂ ਮਰੁੰਡਦੇ ਮਾਲੀ, ਤਾਜ਼ਾ ਲਹੂ ਮੰਗਦੇ ਤਾਜ, ਭਾਗੋਆਂ ਸਾਹਵੇਂ ਲਿਲਕੜੀਆਂ ਕੱਢਦੇ ਲਾਲੋ, ਵਿਕਦੇ ਵੋਟ ਅਤੇ ਆਦਮੀ ਚੋਂ ਮਨਫੀ ਹੋ ਰਿਹਾ ਆਦਮੀ ਵਰਗੇ ਦਿਲ ਨੂੰ ਛੂੰਹਦੇ ਵਿਸ਼ੇ ਰੌਸ਼ਨ ਕੀਤੇ ਹਨ। ਰੁੱਖੇ ਪ੍ਰੂਤੂ ਰੋਟੀ ਵਰਗੇ ਲੋੜਵੰਦ ਵਿਸ਼ੇ ਨਿਭਾਉਂਦਿਆਂ ਵੀ ਪੰਧੇਰ ਨੇ ਸ਼ਿਅਰਾਂ ਵਿਚ ਬਿਆਨ ਦੀ ਚਾਸ਼ਨੀ ਘੋਲ ਕੇ ਰੱਖੀ ਹੈ। ਉਹ ਆਪਣੇ ਦਿਲ ਦੇ ਅਹਿਸਾਸਾਂ ਨੂੰ ਸ਼ਿਅਰਾਂ ਵਿਚ ਢਾਲਣ ਵੇਲੇ ਗ਼ਜ਼ਲੀਅਤ ਨੂੰ ਹਮੇਸ਼ਾ ਨਾਲ ਰੱਖਦਾ ਹੈ। ਮੁਹਿੰਦਰਦੀਪ ਗਰੇਵਾਲ 'ਪੰਧੇਰ' ਦਾ ਉਸਤਾਦ ਹੈ। ਇਸ ਲਈ ਰੂਪਕ ਪੱਖ ਤੋਂ ਉਸ ਉੱਤੇ ਨੁਕਤਾਚੀਨੀ ਮੁਸ਼ਕਿਲ ਹੈ। ਉਸ ਨੇ ਰਮਲ ਬਹਿਰ ਵਿਚ 26 ਗ਼ਜ਼ਲਾਂ ਕਹੀਆਂ ਹਨ। ਬਹਿਰ ਖ਼ਫੀਫ, ਹਜਿਜ, ਦਵੱਈਆ ਅਤੇ ਫੱਲੁਨਦਾਰ ਬਹਿਰ ਵੀ ਬਾਖ਼ੂਬੀ ਨਿਭਾਏ ਹਨ। ਉਸਨੇ 'ਵੈਬਸਾਈਟ' ਵਰਗੇ ਸ਼ਬਦ ਵਰਤ ਕੇ ਵਰਤੋਂ ਵਿਚ ਆ ਰਹੇ ਨਵੇਂ ਸ਼ਬਦ ਗ਼ਜ਼ਲ ਵਾਸਤੇ ਜਾਇਜ਼ ਦਰਸਾਏ ਹਨ। ਉਸਦੇ ਕਾਫ਼ੀਏ ਅਤੇ ਰਦੀਫ ਬਹੁਤ ਸੁੰਦਰ ਅਤੇ ਨਵੇਂ-ਨਵੇਂ ਹਨ। ਜੋ ਕਿ ਪਾਠਕ ਨੂੰ ਸੰਚਾਰ ਵਾਸਤੇ ਸੌਖ ਅਤੇ ਦਿਲਕਸ਼ ਮਾਹੌਲ ਪ੍ਰਦਾਨ ਕਰਦੇ ਹਨ। ਉਸ ਦੀ ਇਕ ਗ਼ਜ਼ਲ ਬੇਮਤਲਾ ਹੈ, ਜੋ ਕਿ ਫੱਬਦੀ ਨਹੀਂ। ਸਫਾ 57 ਉੱਤੇ ਵਾਲੀ ਗ਼ਜ਼ਲ ਦੇ ਕਾਫੀਏ ਦੀ ਬਿਹਾਰੀ ਡੇਗੀ ਗਈ ਹੈ ਜੋ ਦੁਰੱਸਤ ਨਹੀਂ। ਸ਼ਾਇਰ ਗਲਤ ਮੁਹਾਵਰੇ ਵਰਤਦਾ ਹੈ ਜਿਵੇਂ 'ਅੱਖਾਂ ਨਾਲ ਪਤਾਸ਼ੇ ਭੋਰਨੇ' (ਸਫਾ 14) । ਸਫਾ 84 ਉਤਲੀ ਗ਼ਜ਼ਲ ਦੇ ਸਾਰੇ ਕਾਫੀਏ ਗਲਤ ਹਨ ਜਿਵੇਂ 'ਸਿਲਾ' ਨਾਲ 'ਘੂਰੀਆਂ' ਅਤੇ 'ਬਚੀ' ਆਦਿ। ਸ਼ਾਇਰ ਤਿੰਨ ਅੱਖਰੀ ਸ਼ਬਦ ਪੰਜਾਬੀ ਉਚਾਰਨ ਦੇ ਵਿਰੁੱਧ ਬੰਨ੍ਹਦਾ ਹੈ।

ਅੰਤ ਵਿਚ ਮੈਂ ਕਹਾਂਗਾ ਕਿ ਇਹ ਸ਼ਾਇਰੀ ਦੀ ਪੁਸਤਕ ਪੜ੍ਹਨ ਵਾਲਿਆਂ ਵਾਸਤੇ ਸੁਲਗਦੇ ਅਹਿਸਾਸਾਂ ਦਾ ਨਿੱਘ ਵੀ ਹੈ ਅਤੇ ਆਪਣੇ ਦੁੱਖਾਂ ਦੀ ਅੱਕਾਸੀ ਵੀ। ਉਸ ਦੇ ਸਾਰੇ ਸ਼ਿਅਰ ਪੜ੍ਹਨ ਵਾਲੇ ਹਨ। ਮੈਂ ਏਥੇ ਕੇਵਲ ਇਕ ਦੇ ਰਿਹਾਂ ਹਾਂ।

ਅਸੀਂ ਮੱਥੇ ਦਾ ਦੀਵਾ ਬਾਲਿਆ, ਕਹਿੰਦੇ ਬੁਝਾ ਦੇਵੋ,
ਇਹ ਅਸਲੀ ਥਾਂ ਨਹੀਂ, ਇਸ ਨੂੰ ਕਬਰ ਉੱਤੇ ਜਗਾ ਦੇਵੋ। •

**ਸੁਲੱਖਣ ਸਰਹੱਦੀ**

## ਇਕ ਦਿਲਚਸਪ ਕਿਤਾਬ 'ਮੇਰਾ ਕੋਈ ਅਨੁਪਾਤ ਨਹੀਂ'

ਗੁਰਦਿਆਲ ਪੱਲ੍ਹਾ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਉੱਭਰਿਆ ਪੰਜਾਬੀ ਕਵਿਤਾ ਦਾ ਇਕ ਨਵਾਂ ਨਾਂ ਹੈ। ਬਾਕੌਲ ਕਵੀ ਸ. ਸ. ਮੀਸ਼ਾ ਤੇ ਸੁਰਜੀਤ ਹਾਂਸ ਹੁਰਾਂ ਦੀ ਪ੍ਰੇਰਨਾ ਤੋਂ ਪ੍ਰਭਾਵਿਤ ਹੋ ਕੇ ਕਵਿਤਾ ਲਿਖਣ ਦੀ ਉਸਨੂੰ ਚੇਟਕ ਲੱਗੀ ਸੀ। ਜਿਹੜੀ ਹੁਣ ਤਕ ਵੀ ਜਾਰੀ ਹੈ। ਉਸ ਦੇ ਕਹਿਣ ਅਨੁਸਾਰ ਕਵਿਤਾ ਦੇ ਖੇਤਰ ਵਿਚ ਉਹ ਕੁਝ ਕਦਮ ਹੀ ਤੁਰਿਆ ਹੈ। ਕਦਮ ਛੋਟੇ ਹਨ ਪਰ ਸਫਰ ਲੰਮਾ ਹੈ। ਉਹ ਵਿਸ਼ਵਾਸ ਨਾਲ ਤੁਰਦਾ ਰਹੇਗਾ। ਇਹ ਹੀ ਉਸਦਾ ਟੀਚਾ ਹੈ।

ਹਥਲੇ ਕਾਵਿ-ਸੰਗ੍ਰਹਿ ਸਣੇ ਗੁਰਦਿਆਲ ਪੱਲ੍ਹਾ ਕੁਲ ਚਾਰ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ 'ਚ ਪਾ ਚੁੱਕਾ ਹੈ। ਪਹਿਲਾਂ ਸੰਗ੍ਰਹਿ 'ਅੱਖਾਂ ਵਿਚ ਤਰਦਾ ਗ਼ਮ' ਸੰਨ 1994 'ਚ, ਦੂਜਾ 'ਹਰਫ਼ਾਂ ਦੀ ਖੁਸ਼ਬੋ' 1998 'ਚ, ਤੀਜਾ 'ਮਿੱਟੀ ਰੰਗੇ ਸਪਨੇ' 2001 'ਚ

ਤੇ ਚੌਥਾ ਸੰਗ੍ਰਹਿ 'ਮੇਰਾ ਕੋਈ ਅਨੁਪਾਤ ਨਹੀਂ' ਸੰਨ 2003 'ਚ ਛਪਿਆ ਹੈ। ਚਾਰ, ਤਿੰਨ ਤੇ ਦੋ ਸਾਲ ਦੇ ਵਕਫ਼ੇ ਨਾਲ ਛਪੀਆਂ ਉਕਤ ਚਾਰ ਕਾਵਿ-ਪੁਸਤਕਾਂ ਨੂੰ ਦੇਖਦੇ ਹੋਏ ਲੱਗਦਾ ਸੀ ਕਿ ਪੰਜਵਾਂ ਕਾਵਿ-ਸੰਗ੍ਰਹਿ ਇਕ ਸਾਲ ਦੇ ਫਰਕ ਨਾਲ ਸੰਨ 2004 'ਚ ਆ ਜਾਵੇਗਾ। ਜੋ ਕਿ ਨਹੀਂ ਆਇਆ।

ਕਵੀ 'ਜਿਉਂਦੇ ਹੋਣ ਦਾ ਅਹਿਸਾਸ', 'ਦਾਗ਼', 'ਪ੍ਰਤੀਕ', ਤੇ ਕੁਝ ਹੋਰ ਵੀ ਕਮਾਲ ਦੀਆਂ ਕਵਿਤਾਵਾਂ ਦਾ ਸਿਰਜਕ ਹੈ। ਵਿਚਾਰ ਦੀ ਪੱਧਰ 'ਤੇ ਆਰਥਕ ਤੇ ਸਮਾਜਕ ਯਥਾਰਥ ਦੇ ਨਾਲ-ਨਾਲ ਕਵੀ ਨੇ ਭਾਵਨਾਤਮਕ ਮੱਸ ਵਾਲੀਆਂ ਅਨੇਕ ਕਾਵਿ-ਪੰਗਤੀਆਂ ਦੀ ਸਿਰਜਣਾ ਕੀਤੀ ਹੈ। ਦੇਖੋ - 'ਹੱਥ ਤਾਂ ਪਹਿਲਾਂ ਹੀ ਕੱਟੇ ਗਏ ਸਨ/ ਜਦੋਂ ਪਿਓ ਦੇ ਕਰਜ਼ੇ ਬਦਲੇ / ਲਿਖਣਾ ਪਿਆ ਸੀ ਪਰਨੋਟ 'ਚੇ ਨਾਵਾਂ / ਜ਼ਮੀਨ ਪੂਰੀ ਗਹਿਣੇ ਕਰਕੇ ਵੀ / ਨਹੀਂ ਸੀ ਲੱਥਾ / ਭੂਆ ਦੇ ਵਿਆਹ ਦਾ ਕਰਜ਼ਾ' (ਦਾਗ਼) 'ਹੁਣ ਹਮਾਤੜ ਜਿਹੇ ਬਣ ਕੇ / ਗਲ ਘੁੱਟ ਕੇ ਸੱਧਰਾਂ ਦਾ / ਹੰਢਾ ਰਹੇ ਹਾਂ ਗਰੀਬੀ ਅੱਤ ਦੀ / ਫਿਰ ਵੀ / ਜੀਅ ਰਹੇ ਹਾਂ ਜਿੰਦਗੀ ਅਪੱਣਤ ਦੀ (ਦਾਗ਼)

ਤੁਰਨ ਲੱਗਦਾ ਮੈਂ / ਟੋਂਹਦਾ ਹਾਂ ਜੇਬ ਵਿਚ ਬਟੂਆ / ਤੇ ਵੇਖਦਾ ਹਾਂ / ਨੋਟ ਨੋਟ ਹੋਇਆ / ਬਟੂਏ 'ਚੋਂ ਕਿਰ ਰਿਹਾ / ਜਵਾਨ ਹੋਈ ਧੀ ਦਾ ਫ਼ਿਕਰ (ਪ੍ਰਤੀਕ) 'ਇਹ ਜੋ ਨਜ਼ਰ / ਬੁਢਿਆਈ ਗਈ ਹੈ / ਕਿਰਤ ਕਰਦਿਆਂ / ਦੁਪਹਿਰਾਂ ਦੀਆਂ ਲੂੰਆਂ ਵਿਚ / ਇਸ ਵਿਚ ਘੁਲੀ ਹੈ / ਮੋਹ ਦੀ ਰੰਗਤ / ਹਜ਼ਾਰਾਂ ਤੇ ਲੱਖਾਂ ਹੀ / ਜਾਗ ਰਹੀਆਂ ਅੱਖਾਂ ਦੀ' (ਤਲਖ਼ ਜਿਹਾ ਅਨੁਭਵ)

**ਜਿਉਂਦਾ ਹੈ ਮਕਾਨ**
**ਤਾਂ ਜੀਅ ਪੈਂਦੇ ਹਨ**
**ਘਰ ਨੂੰ ਆਉਂਦੇ ਸਾਰੇ ਰਾਹ**

**(ਜਿਉਂਦੇ ਹੋਣ ਦਾ ਅਹਿਸਾਸ)**

ਪਰ ਕੁਝ ਰਚਨਾਵਾਂ ਨਵੀਂ ਕਿਤਾਬ ਛਪਾਣ ਦੇ ਲੋਭ-ਵੱਸ ਅਭਿਆਸ ਦੇ ਪੱਧਰ ਦੀਆਂ ਨੇ। ਲੱਗਦਾ ਹੈ ਜੋ ਰਚਨਾਵਾਂ ਕਵੀ ਪਹਿਲੀਆਂ ਕਾਵਿ-ਪੁਸਤਕਾਂ 'ਚ ਸ਼ਾਮਲ ਕਰਨੋ ਸੰਕੋਚ ਕਰ ਗਿਆ ਸੀ। ਉਹ ਐਤਕੀਂ ਛਪਵਾ ਲਈਆਂ ਨੇ। ਵਰਨਾ 'ਰੱਬ ਨੂੰ' 'ਹੱਸਦੀਆਂ ਪੀੜਾਂ', 'ਝਉਲਾ', 'ਅਡੰਬਰ' ਤੇ 'ਕਿੱਥੇ ਹੈ ਰੱਬ' ਵਰਗੀਆਂ ਰਚਨਾਵਾਂ ਸੰਗ੍ਰਹਿ 'ਚ ਸ਼ਾਮਲ ਕਰਨ ਦਾ ਲੋਭ ਛੱਡਿਆ ਜਾ ਸਕਦਾ ਸੀ।

ਹਲਕੇ ਪੱਧਰ ਦੀ ਤੁਕਬੰਦੀ ਜਾਂ ਸ਼ਬਦ ਅਡੰਬਰ ਦੇ ਸਿਰਾਂ ਤੇ ਕੋਈ ਰਚਨਾ ਚੰਗੀ ਕਵਿਤਾ ਨਹੀਂ ਬਣ ਸਕਦੀ। ਕਾਵਿ-ਤੱਤ ਤਾਂ ਦਰਅਸਲ ਇਕ ਲਿਸ਼ਕਾਰੇ ਵਾਂਗ ਹੁੰਦਾ ਹੈ। ਕਈ ਵੇਰ ਤਾਂ ਸੇਕ ਵਾਂਗ ਵੀ ਉਸ ਦੀ ਅਨੁਭੂਤੀ ਹੁੰਦੀ ਹੈ।

ਕਈ ਥਾਈਂ ਗੁਰਦਿਆਲ ਜਦ ਕੁਝ ਸ਼ਬਦ ਜੋੜਾਂ ਦਾ ਜਾਂ ਸਬਦ-ਸਮੂਹਾਂ ਦੀ ਰਚਨਾ ਕਰਦਾ ਹੈ ਤਾਂ ਕਿਤੇ ਕੋਈ ਗੱਲ ਬਣ ਵੀ ਜਾਂਦੀ ਹੈ ਜਾਂ ਜੇ ਪਾਠਕ ਚਤਰ ਹੈ ਤਾਂ ਉਹ ਹੀ ਕੋਈ ਅਰਥ ਕੱਢ ਲੈਂਦਾ ਹੈ।

ਵੈਸੇ ਉਹ ਸ਼ਾਇਰ ਤਾਂ ਜੁਗਤੀ ਹੈ ਪਰ ਕਈ ਥਾਈਂ ਉਸ ਦੀਆਂ ਕਾਵਿ-ਜੁਗਤਾਂ ਸਫਲ ਨਹੀਂ ਹੋ ਪਾਉਂਦੀਆਂ।

ਨਜ਼ਮ 'ਸੁਪਨਿਆਂ ਦੀਆਂ ਕਬਰਾਂ' ਦੀਆਂ ਨਿਮਨਲਿਖਿਤ ਪੰਗਤੀਆਂ ਪੜੋ:-

**ਹਨੇਰੇ ਅੰਦਰ ਨੂੰ ਰੋਸ਼ਨ ਕਰਦਾ**
**ਤਾਂ ਵਕਤ ਦੀ ਤੀਲੀ ਨੂੰ**
**ਅੱਗ ਲਾ ਕੇ**
**ਉਮੀਦਾਂ ਦੇ ਲੜ ਫੜਦਾ**



ਵਕਤ ਦੀ ਤੀਲੀ ਨੂੰ ਅੱਗ ਲਾ ਕੇ ਤਾਂ ਹਨੇਰੇ-ਅੰਦਰ ਰੋਸ਼ਨ ਕੀਤੇ ਜਾ ਸਕਦੇ ਨੇ ਤੇ ਉਮੀਦਾਂ ਦੇ ਲੜ ਵੀ ਫੜੇ ਜਾ ਸਕਦੇ ਨੇ। ਪਰ ਹਨੇਰੇ-ਅੰਦਰ ਨੂੰ ਰੋਸ਼ਨ ਕਰ ਲੈਣ ਉਪਰੰਤ ਵਕਤ ਦੀ ਤੀਲੀ ਨੂੰ ਅੱਗ ਲਾਣ ਵਾਲੀ ਗੱਲ ਢੁੱਕਦੀ ਨਹੀਂ।

**ਜੋ ਅਜੇ / ਤੈਅ ਕਰਨਾ ਬਾਕੀ ਹੈ।**
**ਮੇਰੇ ਪਿੰਡ ਦੀ /ਗੁਸਤਾਖ਼ ਹੋਈ ਮਿੱਟੀ ਨੇ**

ਉਕਤ ਪੰਗਤੀਆਂ 'ਚ ਆਏ ਸ਼ਬਦ 'ਬਾਕੀ' ਨੇ ਗੱਲ ਹੀ ਵਿਗਾੜ ਕੇ ਰੱਖ ਦਿੱਤੀ। ਜਦਕਿ ਕਹਿਣਾ ਕਵੀ ਚਾਹ ਰਿਹੈ - ਜੋ ਅਜੇ / ਤੈਅ ਕਰਨਾ ਹੈ/ ਮੇਰੇ ਪਿੰਡ ਦੀ / ਗੁਸਤਾਖ਼ ਹੋਈ ਮਿੱਟੀ ਨੇ।

ਨਜ਼ਮ 'ਬਿਰਤਾਂਤ' ਦੀਆਂ ਮੁਢਲੀਆਂ ਤਿੰਨ ਪੰਗਤੀਆਂ ਨੇ -

**ਇਹ ਕੈਸਾ ਬਿਰਤਾਂਤ ਹੈ**
**ਬੇਤਰਤੀਬ ਹੋਈ ਜ਼ਿੰਦਗੀ ਨੂੰ**
**ਵਾਰ-ਵਾਰ ਤਰਤੀਬ ਦੇਣਾ**

ਜਦਕਿ ਜ਼ਿੰਦਗੀ ਨੂੰ ਤਰਤੀਬ ਦੇਣਾ ਕੋਈ ਬਿਰਤਾਂਤ ਨਹੀਂ ਦਿੰਦਾ। ਇਸੇ ਨਜ਼ਮ ਦੀਆਂ ਦੋ ਹੋਰ ਪੰਗਤੀਆਂ

**ਅਰਧ ਚੇਤਨਾ ਦੀ ਰੇਤਾ ਵਿਚ**
**ਦੂਰੀਆਂ ਦਾ ਕਣ-ਕਣ ਹੋਣਾ**
**ਤੋਂ ਕਵੀ ਦੀ ਕੀ ਮੁਰਾਦ ਹੈ?**

ਜਿਸ ਪ੍ਰਕਾਰ ਨਜ਼ਮ 'ਮੈਂ ਨਹੀਂ ਚਾਹੁੰਦਾ' ਵਿਚ ਆਏ ਰੂਪਕ 'ਯਾਦਾਂ ਦੀ ਦਹਿਲੀਜ਼' ਦਾ ਕੋਈ ਬਿੰਬ ਨਹੀਂ ਬਣਦਾ, ਇਸੇ ਤਰ੍ਹਾਂ ਨਜ਼ਮ 'ਵੱਸ ਕੇ ਤਾਂ ਵੇਖ' ਦੀਆਂ ਮੁੱਢਲੀਆਂ ਤਿੰਨ ਪੰਗਤੀਆਂ -

'ਮੇਰੇ ਮਨ 'ਚ ਵੱਸ ਕੇ ਤਾਂ ਵੇਖ / ਤੇਰੇ ਮਨ ਦੇ ਅੰਬਰ / ਤੇਰੇ ਅਕਸ ਦੀ ਸੀਮਾ ਬਣ ਜਾਵਾਂਗਾ' ਵਿਚ ਵੀ ਗੱਲ ਕੋਈ ਬਣੀ ਨਹੀਂ।

ਨਜ਼ਮ 'ਕੈਦ ਹਾਂ ਮੈਂ' ਦੀਆਂ ਪੰਗਤੀਆਂ - 'ਕਣ-ਕਣ ਹੋਇਆ ਭਟਕਣ ਬਣਕੇ / ਨਿੱਘ ਦੀ ਤਪਸ਼ ਬਣ ਕੇ / ਇੱਛਾ ਤੇਰੀ ਦੀ ਭੁੱਖ ਬਣਕੇ / ਹੋਰਾਂ ਦੀ ਮੁਸਕਰਾਹਟ ਵਿਚ / ਭੁਲਾਈ ਯਾਦ ਦਾ ਦਰਦ ਬਣਕੇ' ਜੇ ਹਾਸੋਹੀਣੀਆਂ ਨਹੀਂ ਤਾਂ ਹੋਰ ਕੀ ਨੇ?

ਜਦਕਿ ਇਸੇ ਨਜ਼ਮ ਦੀਆਂ ਨਿਮਨ ਪੰਗਤੀਆਂ -

**ਕੈਦ ਹਾਂ ਮੈਂ**
**ਤੇਰੀ ਤੜਪ ਦੇ ਕਲਾਵੇ ਵਿਚ**
**ਗਲਵਕੜੀ ਦਾ ਅਹਿਸਾਸ ਬਣ ਕੇ**
**(ਕਮਾਲ ਦੀਆਂ ਪੰਗਤੀਆਂ ਨੇ)**

ਸੰਖੇਪ 'ਚ ਮੈਂ ਇਹ ਗੱਲ ਦੋਹਰਾਣਾ ਚਾਹਾਂਗਾ ਕਿ ਗੁਰਦਿਆਲ ਪੱਲਾ ਕੋਲੋਂ ਕਿਤੇ ਕੋਈ ਗੱਲ ਹੈਰਤ ਦੀ ਹੱਦ ਤਾਈਂ ਖ਼ੂਬਸੂਰਤ ਕਹਿ ਹੋ ਜਾਂਦੀ ਹੈ ਪਰ ਕਿਤੇ-ਕਿਤੇ ਗੱਲ ਬਣਦੀ-ਬਣਦੀ ਵਿਗੜ ਹੀ ਜਾਂਦੀ ਹੈ।

ਛਪਾਣ ਤੋਂ ਪਹਿਲਾਂ ਜੇ ਗੁਰਦਿਆਲ ਪੱਲਾ ਆਪਣੀਆਂ ਰਚਨਾਵਾਂ ਨੂੰ ਪ੍ਰਮੁੱਖ ਪਾਠਕਾਂ ਜਾਂ ਕਿਸੇ ਸੁਹਿਰਦ ਉਸਤਾਦ ਸ਼ਾਇਰ ਨਾਲ ਸਾਂਝੀਆਂ ਕਰ ਲਿਆ ਕਰੇ ਤਾਂ ਯਕੀਨਨ ਉਸ ਨੂੰ ਫਾਇਦਾ ਹੋਵੇਗਾ।

ਛੋਟੀ-ਛੋਟੀ ਪੁਸਤਕ ਛਪਾਣ ਦਾ ਲੋਭ ਤਿਆਗਣ ਦੀ ਵੀ ਲੋੜ ਹੈ। ਕੁਲ ਮਿਲਾ ਕੇ 'ਮੇਰਾ ਕੋਈ ਅਨੁਪਾਤ ਨਹੀਂ' ਇਕ ਦਿਲਚਸਪ ਕਿਤਾਬ ਹੈ। • ਪ੍ਰੇਮ ਸਾਹਿਲ

# ਖ਼ਿਆਲ ਆਖੋ-ਆਖਣਾ

• ਐਤਕੀਂ ਚਿਰਾਗ਼ ਮਿਲ ਗਿਆ ਹੈ। ਸ਼ੁਕਰੀਆ। ਕਹਾਣੀਆਂ ਵਿਚੋਂ ਹਿੰਦੀ ਕਹਾਣੀ 'ਗੈਂਗਰੇਪ' ਹਾਸਲ ਹੈ। ਪਰ ਪਿੱਛੋਂ ਜਾ ਕੇ ਕੁਝ ਢਿੱਲੀ ਪੈ ਗਈ, ਜਦੋਂ ਮੁੰਡਿਆਂ ਨੇ ਬਦਲਾ ਲੈਣ ਬਦਲੇ ਇਹ ਸ਼ਰਾਰਤ ਕੀਤੀ। ਫਿਰ ਵੀ ਕਹਾਣੀ ਪਾਠਕ ਨੂੰ ਨਾਲ ਤੋਰਦੀ ਹੈ ਅਤੇ ਮਾਮੂਲੀ ਘਟਨਾ ਤੋਂ ਗੱਲ ਕਿੱਥੇ ਪਹੁੰਚਦੀ ਹੈ। ਤਲਵਿੰਦਰ ਦੀ ਨਿੱਕੀ ਇੱਟ ਵਾਲੀ ਹਵੇਲੀ ਪੜ੍ਹਕੇ ਇਉਂ ਲੱਗਦਾ ਹੈ ਕਿ ਇਹ ਉਸ ਦੀ ਕਹਾਣੀ ਨਹੀਂ ਬਲਕਿ ਵਾਹਗਾ ਪਾਰ ਬੈਠੇ ਕਿਸੇ ਲੇਖਕ ਦੀ ਹੈ। ਇਹੋ ਕਮਾਲ ਹੈ ਬਿਲਕੁਲ ਓਧਰਲੀ ਰੰਗਤ ਵਿਚ ਲਿਖੀ ਓਧਰਲੀ ਹੀ ਹੈ। ਪਰ ਪਾਠਕ ਨੂੰ ਕਹਾਣੀ ਆਪਣੇ ਨਾਲ ਨਹੀਂ ਤੋਰ ਸਕੀ। ਸ਼ਾਇਦ ਮੈਂ ਹੀ ਨਾਲ ਨਹੀਂ ਤੁਰ ਸਕਿਆ। ਔਖਾ ਹੋ ਕੇ ਹੀ ਪੜ੍ਹੀ ਹੈ। ਬਾਕੀ ਤਿੰਨ ਕਹਾਣੀਆਂ ਠੀਕ-ਠਾਕ ਹਨ, ਜੋ ਪੜ੍ਹਨ ਯੋਗ ਹਨ। ਕਵਿਤਾਵਾਂ, ਗ਼ਜ਼ਲਾਂ ਵੀ ਠੀਕ ਹਨ। •

**(ਮੁਖਤਿਆਰ ਸਿੰਘ, ਸੁਨੇਤ ਨਗਰ, ਅਮਲੋਹ ਰੋਡ, ਖੰਨਾ-141401)**

• ਚਿਰਾਗ਼ ਜਨਵਰੀ-ਮਾਰਚ 2005 ਮਿਲਿਆ। ਸੰਪਾਦਕੀ ਦਾ ਨਾਂ 'ਵਿਸ਼ਵ ਪੰਜਾਬੀ ਕਾਨਫਰੰਸ ਪਟਿਆਲਾ' ਦੀ ਥਾਂ 'ਜੈ ਅਮਰਿੰਦਰ ਮਹਾਰਾਜਾ' ਜਾਂ 'ਜੈ ਪ੍ਰਵੇਜ਼ ਇਲਾਹੀ' ਹੋ ਜਾਂਦਾ ਤਾਂ ਮੇਰੇ ਖਿਆਲ ਵਿਚ ਵਧੇਰੇ ਰੌਸ਼ਨੀ ਦਿੰਦਾ। ਅਗਾਂਹ ਜੈ ਸੋਨੀਆ ਅਤੇ ਜੈ ਮੁਸ਼ਰਫ ਕਹਿਣ ਲਈ ਪ੍ਰੇਰਨਾ ਮਿਲਦੀ। ਸੰਪਾਦਕੀ ਲੇਖਕਾਂ ਦੀ ਚੇਤਨ ਬੁੱਧੀ ਦਾ ਪ੍ਰਕਾਸ਼ ਫੈਲ ਜਾਂਦਾ। ਸੰਤੋਖ ਸਿੰਘ ਧੀਰ ਪੰਜਾਬੀ ਸਾਹਿਤ ਵਿਚ ਇੰਦਰਾ ਗਾਂਧੀ ਨੂੰ 'ਜੈ ਦੁਰਗਾ' ਲਿਖ ਕੇ ਮਹਾਨ ਸ਼ਾਇਰਾਂ ਦੀ ਲਿਸਟ ਵਿਚ ਆ ਗਿਆ ਸੀ। ਹੁਣ ਤੂੰ ਸੋਨੀਆ ਨੂੰ 'ਜੈ ਸ਼ੇਰਾਂ ਵਾਲੀ' ਕਦੋਂ ਕਹਿਣਾ ਹੈ। ਕਸੀਦਾਕਾਰੀ ਵੀ ਤਾਂ ਇਕ ਵਿਧਾ ਹੈ। ਪਰਚਾ ਇਕ ਵੱਡ ਆਕਾਰੀ ਤੇਰੀ ਕਵਿਤਾ ਬਾਰੇ ਤਿਆਰ ਕੀਤਾ ਸੀ, ਪਾੜ ਕੇ ਸੁੱਟ ਦਿੱਤਾ, ਕਿਉਂਕਿ ਇਹ ਸੰਪਾਦਕੀ ਪੜ੍ਹ ਕੇ ਲੱਗਿਆ ਕਿ ਹਾਲਾਂ ਤੇਰੀ ਕਾਵਿ ਸਿਰਜਨਾ ਹੋਰ ਵਿਕਾਸ ਕਰ ਰਹੀ ਹੈ। ਜ਼ਿੰਦਗੀ ਦੇ ਹੋਰ ਜ਼ੋਰਦਾਰ ਅਤੇ ਲੋਕ-ਹਿਤੂ ਨੁਸਖੇ ਮਿਲਣ ਦੀ ਆਸ ਹੈ। ਮਰਨ ਉਪਰੰਤ ਹੀ ਤੇਰੀ ਸਿਰਜਨਾ ਦਾ ਮੁਲੰਕਣ ਕਰਨਾ ਠੀਕ ਰਹੇਗਾ। ਹਾਲਾਂ ਖ਼ਬਰੈ ਕਿਹੜੇ-ਕਿਹੜੇ ਮੁਲਵਾਨ ਤਜਰਬੇ ਤੂੰ ਕਰਨੇ ਨੇ। ਇਸ ਪੱਤਰ ਨੂੰ ਛਾਪ ਦੇਵੀਂ।

ਤੇਰੀ ਸੰਪਾਦਕੀ ਦੇ ਨਾਹਰੇ
ਵਿਸ਼ਵੀਕਰਨ ਜਿੰਦਾਬਾਦ!
ਸੰਕੀਰਨ ਪੰਜਾਬੀਅਤ ਮੁਰਦਾਬਾਦ!
ਫਾਰਸੀ-ਸੰਸਕ੍ਰਿਤ-ਅੰਗਰੇਜ਼ੀ ਜ਼ਿੰਦਾਬਾਦ!
ਪੰਜਾਬੀ ਮੁਰਦਾਬਾਦ!
ਰੋਮਨ-ਫਾਰਸੀ-ਦੇਵਨਾਗਰੀ ਜ਼ਿੰਦਾਬਾਦ!
ਗੁਰਮੁਖੀ ਮੁਰਦਾਬਾਦ!
ਬੇਪਾਰਾਏ ਵੀ. ਸੀ. ਜ਼ਿੰਦਾਬਾਦ!
ਤੇਜਵੰਤ ਮਾਨ ਮੁਰਦਾਬਾਦ!

ਉਪਰੋਕਤ ਨਾਹਰਿਆਂ ਦਾ ਪੋਸਟਰ ਛਪਵਾ ਕੇ ਪ੍ਰਚਾਰ ਕੀਤਾ ਜਾਵੇ ਤਾਂ ਪੰਜਾਬੀ ਲੋਕਾਂ ਦੀ ਬੜੀ ਸੇਵਾ ਹੋਵੇਗੀ।

ਬਾਕੀ ਕੁਝ ਟੱਟਪੂੰਜੀਆਂ ਦੇ ਪਟਿਆਲਾ ਕਾਨਫਰੰਸ ਵਿਚ ਸ਼ਾਮਲ ਹੋਣ ਨਾਲ ਬਾਈਕਾਟ ਦਾ ਸੱਦਾ ਅਸਫਲ ਨਹੀਂ ਹੋਇਆ। 90% ਲੇਖਕਾਂ ਨੇ ਉਸ ਕਾਨਫਰੰਸ ਦਾ ਬਾਈਕਾਟ ਕੀਤਾ। ਇਹ ਵੱਖਰੀ ਗੱਲ ਹੈ ਕਿ ਤੂੰ ਉਹਨਾਂ ਨੂੰ ਲੇਖਕ ਨਹੀਂ ਮੰਨਦਾ। •

**ਤੇਰਾ ਹਿਤੂ**
**ਤੇਜਵੰਤ ਮਾਨ**



ਪਿਆਰੇ ਹੁੰਦਲ ਜੀ,

• ਜਦੋਂ ਤੁਹਾਨੂੰ 'ਵਿਸ਼ਵ ਪੰਜਾਬੀ ਕਾਨਫਰੰਸ ਪਟਿਆਲਾ' ਦੇ ਚਿਰਾਗ਼ ਦੇ ਸੰਪਾਦਕੀ ਬਾਰੇ ਫੋਨ ਕੀਤਾ ਤਾਂ ਤੁਸੀਂ ਸ੍ਰੀ ਤੇਜਵੰਤ ਮਾਨ ਵਲੋਂ ਲਿਖੇ ਖ਼ਤ ਦਾ ਜ਼ਿਕਰ ਕੀਤਾ। ਮੈਂ ਹੈਰਾਨ ਰਹਿ ਗਿਆ ਕਿ ਸ੍ਰੀ ਮਾਨ ਕਾਨਫਰੰਸ ਦੇ ਬਾਈਕਾਟ ਦੇ ਮੋਹਰੀ ਹੋਣ ਦੇ ਕਾਰਨ, ਇਸ ਦੀ ਸਫਲਤਾ ਬਾਰੇ ਪੜ੍ਹਕੇ ਕਿਉਂ ਆਪਣਾ ਮਾਨਸਿਕ ਤੁਆਜ਼ਨ ਗੁਆ ਬੈਠੇ? ਉਹਨਾਂ ਤੋਂ ਆਪਣੀ ਅਸਫਲਤਾ ਅਤੇ ਅਲਹਿਦਗੀ ਦੀ ਗਲਤੀ ਕਿਉਂ ਬਰਦਾਸ਼ਤ ਨਹੀਂ ਹੋ ਸਕੀ। ਉਹਨਾਂ ਦੇ ਖ਼ਤ ਵਿਚਲੇ ਕਿਸੇ ਸ਼ਬਦ, ਵਾਕ ਅਤੇ ਵਿਚਾਰ, ਸਗੋਂ ਕਹੋ ਦੁਰਵਿਚਾਰ ਵਿਚ ਕਿਧਰੇ ਸਾਹਿਤ ਸਿਰਜਨ ਦੀ ਝਲਕ ਵੀ ਨਹੀਂ ਪੈਂਦੀ। ਇਸ ਉਤੇ ਅਫਸੋਸ ਹੀ ਕੀਤਾ ਜਾ ਸਕਦਾ ਹੈ।

ਉਹਨਾਂ ਨੇ ਅਤੇ ਉਹਨਾਂ ਦੀ ਸਭਾ ਕਿਸੇ ਸਮਾਗਮ ਵਿਚ ਸ਼ਾਮਲ ਹੋਣਾ ਜਾਂ ਨਾ ਹੋਣਾ ਆਪਣਾ ਮਾਮਲਾ ਹੈ। ਪ੍ਰੰਤੂ ਉਹਨਾਂ ਨੂੰ ਹੱਕ ਨਹੀਂ ਕਿ ਉਹ ਸ਼ਾਮਲ ਹੋਣ ਵਾਲੇ ਲੋਕਾਂ ਨੂੰ "ਟਟਪੂੰਜੀਏ" ਦੀ ਗਾਲ ਦੇਣ। ਉਹਨਾਂ ਨੂੰ ਸੰਪਾਦਕੀ ਵਿਚ ਕਾਨਫਰੰਸ ਦੇ ਕੀਤੇ ਵਿਸ਼ਲੇਸ਼ਣ ਦੀ ਸਮਝ ਕਿੱਥੋਂ ਪੈਣੀ ਕਿਉਂਕਿ ਉਹ ਤਾਂ ਗੁੱਸੇ ਵਿਚ ਹੀ ਭੁੱਜ ਕੇ ਮਨੂਰ ਹੋ ਗਏ। ਇਹ ਵੀ ਭੁੱਲ ਬੈਠੇ ਕਿ ਵਿਰੋਧ ਜਾਂ ਅਸਹਿਮਤੀ ਪ੍ਰਗਟ ਕਰਨ ਲਈ ਵੀ ਇਕ ਨੈਤਿਕ ਭਾਸ਼ਾ ਹੁੰਦੀ ਹੈ। ਉਹਨਾਂ ਇਹ ਲਿਖਣ ਲੱਗਿਆ ਇਹ ਵੀ ਨਹੀਂ ਸੋਚਿਆ ਕਿ ਉਹਨਾਂ ਦੀ ਸਭਾ ਦੇ ਮੁਖੀ ਸ੍ਰੀ ਜਸਵੰਤ ਸਿੰਘ ਕੰਵਲ ਆਖਰੀ ਦਿਨ ਖੁਦ ਉੱਥੇ ਸਨ। ਕੀ ਉਹ "ਟਟਪੂੰਜੀਏ" ਹੀ ਹਨ?

ਸ੍ਰੀਮਾਨ ਫਿਰ 90 ਫੀਸਦੀ ਲੇਖਕਾਂ ਦੇ ਬਾਈਕਾਟ ਦੀ ਗੱਲ ਕਰਦੇ ਹਨ, ਇਹ ਆਖ ਕੇ ਉਹ ਆਪਣੀ ਅਸਫਲਤਾ ਕਾਰਨ, ਮਨ ਨੂੰ ਸਿਰਫ ਤਸੱਲੀ ਹੀ ਦੇ ਰਹੇ ਹਨ। 'ਦਿਲ ਬਹਿਲਾਨੇ ਕੇ ਲਿਏ ਯੇ ਖ਼ਿਆਲ ਅੱਛਾ ਹੈ' ਤੋਂ ਵੱਧ ਕੋਈ ਵਜ਼ਨ ਨਹੀਂ। ਉਹਨਾਂ ਦੇ ਇਸ ਦਾਅਵੇ ਵਿਚ ਸ੍ਰੀ ਮਾਨ ਦੇ ਇਹ ਕਹਿਣ ਨਾਲ 90 ਫੀਸਦੀ ਲੇਖਕਾਂ ਦਾ ਬਾਈਕਾਟ ਨਹੀਂ ਹੋ ਜਾਂਦਾ। ਕਾਨਫਰੰਸ ਦੇ ਪ੍ਰਬੰਧਕਾਂ ਨੇ ਤਾਂ ਸ਼ਾਇਦ 1 ਫੀਸਦੀ ਲੇਖਕਾਂ ਨੂੰ ਸੱਦਾ ਪੱਤਰ ਨਹੀਂ ਭੇਜਿਆ ਹੋਵੇਗਾ, ਸੋ ਬਾਕੀ 9 ਫੀਸਦੀ ਤਾਂ ਉਹਨਾਂ ਦੀ ਹੋਰ ਵੀ ਵੱਡੀ ਸਫਲਤਾ ਬਣਦੀ ਹੈ। ਬਾਕੀ ਬਾਈਕਾਟ ਦੇ ਦਾਅਵੇ ਦਾ ਪੋਲ ਇਉਂ ਵੀ ਖੁਲ੍ਹ ਜਾਂਦਾ ਹੈ ਕਿ ਕਿਸੇ ਇਕ ਲੇਖਕ ਮੈਂਬਰ ਨੇ ਨਿਜੀ ਤੌਰ 'ਤੇ ਜਾਂ ਕਿਸੇ ਇਕ ਵੀ ਪੰਜਾਬ ਦੀ ਸਾਹਿਤ ਸਭਾ ਨੇ ਸ੍ਰੀ 'ਮਾਨ' ਤੇ ਸ੍ਰੀ ਜੌੜਾ ਆਦਿ ਦੇ ਸੱਦੇ ਦਾ ਸਮਰਥਨ ਨਹੀਂ ਕੀਤਾ ਅਤੇ ਅੱਜ ਤੱਕ ਨਹੀਂ ਕੀਤਾ, ਅਤੇ ਨਾ ਹੀ ਇਸ ਬਾਈਕਾਟ ਨੂੰ ਦਰੁਸਤ ਠਹਿਰਾਇਆ।

ਕਾਨਫਰੰਸ ਦੇ ਪ੍ਰਬੰਧਕਾਂ ਨੇ ਜਿਹੜੇ ਲੋਕਾਂ ਨੂੰ ਸੱਦਾ ਪੱਤਰ ਭੇਜਿਆ ਸੀ, ਉਹਨਾਂ ਵਿਚ ਸ਼ਾਇਦ ਹੀ ਕੋਈ ਗ਼ੈਰਹਾਜ਼ਰ ਹੋਵੇ, ਸਿਵਾਏ ਵਿਸ਼ੇਸ਼ ਮਜਬੂਰੀ ਦੇ। ਸਗੋਂ ਬਹੁਤੇ ਲੋਕਾਂ ਨੇ ਇਹ ਤਾਂ ਇਤਰਾਜ਼ ਕੀਤਾ ਸੁਣਿਆ ਹੈ ਕਿ ਉਹਨਾਂ ਨੂੰ ਕਿਉਂ ਸੱਦਾ ਪੱਤਰ ਨਹੀਂ ਭੇਜਿਆ ਗਿਆ।

ਜਿਥੋਂ ਤੱਕ ਸ੍ਰੀ 'ਮਾਨ' ਨੇ ਤੁਹਾਡੇ ਉਪਰ ਕਾਂਗਰਸ ਸਰਕਾਰ ਦੇ ਗੁਣਗਾਣ ਕਰਨ ਦਾ ਇਲਜ਼ਾਮ ਲਾਇਆ ਹੈ, ਉਸ ਬਾਰੇ ਸਾਰੇ ਪੰਜਾਬ ਦੇ ਲੇਖਕ ਵਰਗ ਅਤੇ ਅਧਿਆਪਕ ਵਰਗ ਨੂੰ ਪਤਾ ਹੈ ਕਿ ਹੁੰਦਲ ਕਿੰਨਾ ਕੁ ਸਰਕਾਰ ਭਗਤ ਹੈ। ਉਹ ਸ੍ਰੀ 'ਮਾਨ' ਬਾਰੇ ਵੀ ਜਾਣਦੇ ਹਨ ਕਿ ਉਸਦੀ ਸਭਾ ਤੇ ਉਸਦੇ ਕਈ ਅਹੁੱਦੇਦਾਰਾਂ ਦੀ ਸਰਕਾਰ ਭਗਤੀ ਅਤੇ ਮੌਕਾਪ੍ਰਸਤੀ ਪੈਂਤਰਿਆ ਬਾਰੇ ਵੀ ਵਧੇਰੇ ਜਾਣਦੇ ਹਨ।

ਇਕ ਸ੍ਰੀ 'ਮਾਨ' ਨੇ ਤੁਹਾਡੇ ਬਾਰੇ ਸਿਖਾਂਦਰੂ ਲੇਖਕ ਹੋਣ ਦਾ ਨਿਰਣਾ ਦੇ ਕੇ ਆਪਣੀ ਸਾਹਿਤਕ ਸਮਝ ਦਾ ਵੀ ਸੋਹਣਾ ਪਰਦਰਸ਼ਨ ਕਰ ਦਿੱਤਾ ਹੈ। ਸ੍ਰੀ ਮਾਨ ਦੇ ਖ਼ਤ ਦਾ ਸਮੁੱਚਾ ਪ੍ਰਭਾਵ ਇਕ ਨਕਾਰਾਤਮਿਕ ਲੇਖਕ ਦੇ ਤੌਰ ਉਪਰ ਬੱਝਦਾ ਹੈ। ਅਜਿਹਾ ਆਤਮਪ੍ਰਦਰਸ਼ਨ ਕਈ ਵਾਰ ਬੰਦਾ ਗੁੱਸੇ ਵਿਚ ਕਰ ਜਾਂਦਾ ਹੈ ਜਿਸ ਤੋਂ ਉਸ ਦੇ ਵਿਅਕਤੀਤਵ ਬਾਰੇ ਲੋਕਾਂ ਨੂੰ ਪਏ ਭੁਲੇਖੇ ਦੂਰ ਹੋਣ ਦਾ ਸੰਯੋਗ ਬਣ ਜਾਂਦਾ ਹੈ।

ਉਹਨਾਂ ਆਪਣੇ ਖ਼ਤ ਦੇ ਅੰਤ ਵਿਚ ਜਿਹੜੇ ਕੁਝ ਨਾਅਰੇ ਸੁਝਾਏ ਹਨ, ਉਹਨਾਂ ਵਿਚ ਅੰਤਲਾ "ਤੇਜਵੰਤ ਮਾਨ ਮੁਰਦਾਬਾਦ" ਉਹ ਆਪਣੇ ਆਪ ਬਾਰੇ "ਮੁਰਦਾਬਾਦ" ਦਾ ਜੋ ਇਹ ਐਲਾਨ ਕਰ ਰਹੇ ਹਨ, ਇਸਤੋਂ ਨਿਸ਼ਚੇ ਹੀ ਉਹਨਾਂ ਦੀ ਕਿਸੇ ਦੀਰਘ ਮਨੋਵਿਗਿਆਨਕ ਬੀਮਾਰੀ ਦਾ ਡਰ ਜ਼ਾਹਰ ਹੁੰਦਾ ਨਜ਼ਰ ਆਉਂਦਾ ਹੈ। ਜਿਸ ਵੱਲ ਉਹਨਾਂ ਨੂੰ ਧਿਆਨ ਦੇਣ ਦੀ ਲੋੜ ਹੈ।

ਅੰਤ ਵਿਚ ਇਹੋ ਕਿਹਾ ਜਾ ਸਕਦਾ ਹੈ ਕਿ ਸ੍ਰੀ 'ਮਾਨ' ਨੇ ਇਸ ਖ਼ਤ ਦੁਆਰਾ ਆਪਣੀ "ਬੌਧਿਕਤਾ" ਦਾ ਮੀਲ ਪੱਥਰ ਗੱਡ ਕੇ ਕਮਾਲ ਕਰ ਦਿੱਤੀ ਹੈ। •

**ਸੂਫੀ ਅਮਰਜੀਤ**

## ਪੁਸਤਕ ਪ੍ਰਾਪਤੀ

1. ਧਰਮ ਬਨਾਮ ਮਾਰਕਸਵਾਦ (ਵਾਰਤਕ) ਪ੍ਰੋ. ਗੁਰਮੀਤ ਸਿੰਘ ਟਿਵਾਣਾ ਪੰਨੇ- 230, ਮੁੱਲ 125/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
2. ਨੀਂਹ ਦੇ ਪੱਥਰ (ਕਹਾਣੀਆਂ) ਧਰਮ ਪਾਲ ਸਾਹਿਲ, ਪੰਨੇ 128, ਮੁੱਲ.... ਉਡਾਨ ਪਬਲੀਕੇਸ਼ਨਜ਼ ਮਾਨਸਾ।
3. ਨਵੇਂ ਸੂਰਜ (ਕਵਿਤਾਵਾਂ) ਸੁਖਵਿੰਦਰ ਕੰਬੋਜ ਪੰਨੇ 120, ਮੁੱਲ 100/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ
4. ਖਿੱਲਰੇ ਹਰਫ਼ (ਦਲਬੀਰ ਚੇਤਨ ਦੀਆਂ ਰਚਨਾਵਾਂ), ਸੰਪਾਦਕ ਸਰਘੀ ਪੰਨੇ 168, ਮੁੱਲ 100/- ਰੂਪੀ ਪ੍ਰਕਾਸ਼ਨ ਅੰਮ੍ਰਿਤਸਰ।
5. ਸ਼ਹਿਰ ਵਿਚ ਕਰਫ਼ੀਓ (ਹਿੰਦੀ ਨਾਵਲ) ਵਿਭੂਤੀ ਨਾਰਾਇਣ ਰਾਏ, ਪੰਨੇ 80, ਮੁੱਲ 70/-, ਰੂਪੀ ਪ੍ਰਕਾਸ਼ਨ ਅੰਮ੍ਰਿਤਸਰ।
6. ਕਾਵਿ ਨਕਸ਼ (ਆਲੋਚਨਾ) ਸਰੋਦ ਸਦੀਪ ਪੰਨੇ 128, ਮੁੱਲ 120/-, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
7. ਧੱਮਪਦ (ਬੁੱਧ ਬਾਣੀ) ਅਨੁਵਾਦ ਪਰਮਿੰਦਰ ਸੋਢੀ ਪੰਨੇ 80, ਮੁੱਲ 70/-, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
8. ਥਾਰੀ ਯਾਦ ਚੋਖੀ ਆਵੇ (ਯਾਦਾਂ) ਵਿਸ਼ਾਲ, ਪੰਨੇ 120, ਮੁੱਲ 100/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
9. ਗੀਤਾ (ਅਨੁਵਾਦ) ਪਰਮਿੰਦਰ ਸੋਢੀ, ਪੰਨੇ 116, ਮੁੱਲ 80/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
10. ਦੋਹਾਵਲੀ (ਕਵਿਤਾ) ਗੁਰਚਰਨ ਰਾਮਪੁਰੀ ਪੰਨੇ 96 ਮੁੱਲ 125/- ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ ਦਿੱਲੀ।
11. ਰੱਬ ਦੇ ਡਾਕੀਏ (ਵਾਰਤਕ ਨਿਬੰਧ) ਪਰਮਿੰਦਰ ਸੋਢੀ, ਪੰਨੇ 136, ਮੁੱਲ 90/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
12. ਇਕੋ ਜਿਹਾ ਦੁੱਖ (ਕਵਿਤਾਵਾਂ) ਸੁਖਵਿੰਦਰ ਕੰਬੋਜ, ਪੰਨੇ 124, ਮੁੱਲ 80/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
13. ਦਲਿਤ ਚਿੰਤਨ ਮਾਰਕਸੀ ਪਰਿਪੇਖ (ਆਲੋਚਨਾ) ਸੰਪਾਦਕ - ਡਾ. ਭੀਮ ਇੰਦਰ ਸਿੰਘ ਪੰਨੇ 168, ਮੁੱਲ 85/- ਕੁਕਨੁਸ ਪ੍ਰਕਾਸ਼ਨ, ਜਲੰਧਰ
14. ਟਿਮਟਿਮਾਉਂਦਾ ਅਕਸ (ਕਵਿਤਾਵਾਂ/ਗ਼ਜ਼ਲਾਂ) ਨਿਰਪਾਲਜੀਤ ਕੌਰ ਜੋਸਨ) ਪੰਨੇ 88, ਮੁੱਲ 60/-, ਪ੍ਰਤੀਕ ਪਬਲੀਕੇਸ਼ਨ ਪਟਿਆਲਾ।
15. ਸਵੈ-ਜੀਵਨੀ ਡਾ. ਏ. ਕੇ, ਗੋਪਾਲਨ (ਵਾਰਤਕ) ਅਨੁਵਾਦ ਸੂਫੀ ਅਮਰਜੀਤ, ਪੰਨੇ 274, ਮੁੱਲ ਪੇਪਰ ਬੈਕ 100/- ਚੀਮਾ ਭਵਨ, ਚੰਡੀਗੜ੍ਹ।
16. ਅਹਿਸਾਸ ਦੀ ਲੋਅ (ਗ਼ਜ਼ਲਾਂ) ਪ੍ਰੀਤਮ ਪੰਧੇਰ, ਪੰਨੇ 88 ਮੁੱਲ 100/- ਗੁਰਦੇਵ ਪ੍ਰਕਾਸ਼ਨ, ਲੁਧਿਆਣਾ।


**ਪਹਿਲੀ ਵਾਰ ਪੰਜਾਬੀ ਵਿੱਚ**

*ਮੌਲਿਕ ਅਗਾਂਹਵਧੂ ਉਸਤਾਦ ਗ਼ਜ਼ਲਕਾਰ ਸੁਲੱਖਣ ਸਰਹੱਦੀ ਵਲੋਂ ਲਿਖਿਆ ਪਿੰਗਲ ਅਤੇ ਅਰੂਜ਼ ਦਾ ਗ੍ਰੰਥ ਜਿਸ ਵਿਚ 500 ਸ਼ਾਇਰਾਂ ਨੂੰ ਕੋਟ ਕੀਤਾ ਗਿਆ ਹੈ।*

**''ਸੰਪੂਰਨ ਪਿੰਗਲ ਅਤੇ ਅਰੂਜ਼''**

ਪ੍ਰਕਾਸ਼ਕ ਯੂਨੀਸਟਾਰ ਬੁਕਸ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ

ਸਫੇ 350





## ਵਾਹ ਰੇ ਕੁਕਨੁਸ !

ਅੱਜ ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ਕੁਕਨੁਸ ਪ੍ਰਕਾਸ਼ਨ ਦੀਆਂ ਮਿਆਰੀ ਅਤੇ ਕਿਫ਼ਾਇਤੀ ਕਿਤਾਬਾਂ ਪਾਠਕਾਂ ਵਿਚ ਦਿਨੋ-ਦਿਨ ਮਕਬੂਲ ਹੋ ਰਹੀਆਂ ਹਨ। ਹੁਣ ਤੱਕ ਇਹ ਪ੍ਰਕਾਸ਼ਨ ਡੇਢ ਸੌ ਤੋਂ ਉੱਪਰ ਕਿਤਾਬਾਂ ਛਾਪ ਚੁੱਕਾ ਹੈ। ਜਿਨ੍ਹਾਂ ਵਿਚ ਕੁਝ ਇਹ ਹਨ:

ਵਿਸ਼ਵ-ਸਾਹਿਤ ਲੜੀ : 'ਰਾਤ', 'ਪਹੁ-ਫੁਟਾਲਾ', 'ਦੁਰਘਟਨਾ' (ਐਲੀ ਵਾਈਜ਼ਲ), 'ਰੇਤ ਦਾ ਦਰਵਾਜ਼ਾ'(ਤਾਹਿਰ ਬਿਨ ਜੈਲੋਨ), ਬੁੱਢਾ ਜੋ ਇਸ਼ਕੀਆਂ ਕਹਾਣੀਆ ਪੜ੍ਹਦਾ (ਲੂਈਸ ਸੈਪਲ ਵੈਦਾ), ਰੂਸੀ ਨਾਵਲ- ਚਾਨਣੀਆਂ ਪੈੜਾਂ (ਤਿਖੋਨ ਸਾਈਮੁਸ਼ਕਿਨ), **ਪਾਕਿਸਤਾਨੀ ਨਾਵਲ ਪੰਧ**- (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਂ), ਇਕ ਸਮੁੰਦਰ ਪਾਰ, ਤ੍ਰੇਹ (ਮੀਰ ਤਨਹਾ ਯੂਸਫ਼ੀ), ਜੀਵਨ ਯਾਦਾਂ (ਪਾਬਲੋ ਨੇਰੂਦਾ), ਜਾਪਾਨੀ ਕਹਾਣੀਆਂ,ਗੋਰਕੀ ਦੀਆਂ ਕਹਾਣੀਆਂ, ਪਾਕਿਸਤਾਨੀ ਕਹਾਣੀਆਂ, ਬਿਹਾਰ ਦੀਆਂ ਕਹਾਣੀਆਂ, ਸੰਸਾਰ ਪ੍ਰਸਿੱਧ ਖੇਡ ਕਹਾਣੀਆਂ, ਚੋਣਵੀਂ ਕਵਿਤਾ-ਨਾਜ਼ਿਮ ਹਿਕਮਤ, ਹਬੀਬ ਜਾਲਿਬ, ਪਰਵੀਨ ਸ਼ਾਕਿਰ, ਮਹਿਮੂਦ ਦਰਵੇਸ਼, ਪਾਬਲੋ ਨੇਰੂਦਾ ਅਤੇ ਟੈਗੋਰ ਦੀ ਗੀਤਾਂਜਲੀ।

**ਖ਼ਤ ਲੜੀ**- ਫੈਜ਼ ਅਹਿਮਦ ਫ਼ੈਜ਼, ਖ਼ਲੀਲ ਜਿਬਰਾਨ, ਸਆਦਤ ਹਸਨ ਮੰਟੋ, ਮਿਰਜ਼ਾ ਗਾਲਿਬ ਅਤੇ ਪ੍ਰੇਮ ਚੰਦ।

**ਕਹਾਣੀਆਂ** : ਗੁਰਦੇਵ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਰਾਜਿੰਦਰ ਕੌਰ, ਇਫ਼ਤਿਖਾਰ ਨਸੀਮ, ਸੁਕੀਰਤ, ਗੁਰਮੇਲ ਮਡਾਹੜ, ਪ੍ਰੀਤਮਾ ਦੁਮੇਲ, ਜਸਵੀਰ ਰਾਣਾ, ਜਤਿੰਦਰ ਸਿੰਘ ਹਾਂਸ, ਦਵਿੰਦਰ ਮੰਡ, ਗੁਰਮੀਤ ਕੜਿਆਲਵੀ, ਜਸਵੰਤ ਅਮਨ, ਪਵਨ ਪਰਿੰਦਾ ਅਤੇ ਜਸਵੀਰ ਕਲਸੀ ਦੇ ਕਹਾਣੀ ਸੰਗ੍ਰਹਿ।

**ਨਾਵਲ** : ਹਰ ਆਦਮੀ ਦਾ ਡਰ (ਕੁਲਦੀਪ ਬੱਗਾ), ਮਰਦ ਵਿਚਲੀ ਔਰਤ (ਅਜਾਇਬ ਕਮਲ), ਸੁਲਘਦਾ ਸੱਚ, ਜ਼ਮੀਂ ਖਾ ਗਈ, ਆਪਣੇ ਸਨਮੁੱਖ, ਮੈਂ ਪਰਤ ਆਵਾਂਗਾ (ਅਜੀਤ ਰਾਹੀਂ), ਪ੍ਰੀਤੂ, ਤਰਕਾਲਾਂ (ਪਰਮਜੀਤ ਜੱਜ), ਪਰਾਈ ਧਰਤੀ (ਇਕਬਾਲ ਅਰਪਨ), ਧੁਖ਼ਦਾ ਗੋਹਟਾ (ਹਰਨੇਕ ਹੇਅਰ)।

**ਕਵਿਤਾਵਾਂ / ਗ਼ਜ਼ਲਾਂ** : ਸਰਦਾਰ ਪੰਛੀ, ਇਫ਼ਤਿਖ਼ਾਰ ਨਸੀਮ, ਹਰਦਿਆਲ ਸਾਗਰ, ਬਰਜਿੰਦਰ ਚੌਹਾਨ, ਰਿੰਦਰ ਸੋਹਲ, ਉਂਕਾਰਪ੍ਰੀਤ, ਸ਼ਹਰਯਾਰ, ਮਨਮੋਹਨ, ਕ੍ਰਿਸ਼ਨ ਭਨੋਟ, ਹਰਭਜਨ ਹੁੰਦਲ, ਪ੍ਰਮਿੰਦਰਜੀਤ (ਸੰਪਾਦਕ ਜੋਂ), ਸੁਖਪਾਲ, ਰਮਨਦੀਪ, ਰਮਨ, ਦੀਪਕ, ਜਗਤਾਰਜੀਤ, ਹਰਵਿੰਦਰ ਭੰਡਾਲ, ਸ਼ਿਵ ਨਾਥ, ਬਲਵਿੰਦਰ ਸੰਧੂ, ਰਮੀਤ ਵਿਦਿਆਰਥੀ, ਸੋਮਾ ਸਬਲੋਕ, ਗੁਰਦਿਆਲ ਪੱਲ੍ਹਾ, ਭੁਪਿੰਦਰਪ੍ਰੀਤ, ਕੇਵਲਜੀਤ ਭੁੱਲਰ, ਰਾਮ ਸਿੰਘ ਾਹਲ, ਮਦਨਵੀਰਾ, ਜਗੀਰ ਜੋਸਨ, ਦਰਸ਼ਨ ਬੁਲੰਦਵੀ, ਅਮਰੀਕ ਡੋਗਰਾ ਅਤੇ ਸੁਖਵਿੰਦਰ ਚੋਹਲਾ ਦੇ ਕਾਵਿ-ਗ੍ਰਹਿ।

**ਵਿਸ਼ਵ ਚਿੰਤਨ ਲੜੀ** : ਸਮਕਾਲੀ ਮਾਰਕਸੀ ਚਿੰਤਨ, ਮਾਰਕਸੀ ਵਿਸ਼ਵ ਚਿੰਤਨ, ਦਲਿਤ ਚਿੰਤਨ (ਡਾ. ਭੀਮ ਇੰਦਰ)

**ਵਾਰਤਕ/ਸਫ਼ਰਨਾਮੇ** : ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਸ਼ਿਵ ਵਰਮਾ, ਵਰਿਆਮ ਸਿੰਘ ਸੰਧੂ, ਡਾ. ਰਜਨੀਸ਼ ਬਹਾਦਰ ਸਿੰਘ, ਬਿਪਨ ਗੋਇਲ, ਡਾ. ਗੁਰਚਰਨ ਸਿੰਘ ਮਹਿਤਾ, ਤਸਕੀਨ, ਹਰਵਿੰਦਰ ਭੰਡਾਲ, ਬਲਦੇਵ ਸਿੰਘ ਆਜ਼ਾਦ ਅਤੇ ਗੁਰਚਰਨ ਸੱਗੂ ਦੀਆਂ ਵਾਰਤਕ ਪੁਸਤਕਾਂ, ਉਪਰੋਕਤ ਕਿਤਾਬਾਂ ਤੋਂ ਬਿਨਾਂ ਪੱਚੀ ਹੋਰ ਕਿਤਾਬਾਂ।

150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ
ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ
ਤੁਹਾਡੀ ਆਪਣੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਮੁੱਲ ਦੀਆਂ ਕਿਤਾਬਾਂ ਸਿਰਫ ਪੰਜ ਸੌ ਰੁਪਏ ਵਿਚ
ਪਾਠਕਾਂ ਲਈ ਵਿਸ਼ੇਸ਼ ਰਿਆਇਤ : 40 ਪ੍ਰਤੀਸ਼ਤ ਤੋਂ 70 ਪ੍ਰਤੀਸ਼ਤ ਤੱਕ
ਵਧੇਰੇ ਜਾਣਕਾਰੀ ਲਈ ਪੰਜ ਰੁਪਏ ਡਾਕ ਟਿਕਟਾਂ ਭੇਜ ਕੇ ਸੂਚੀ ਪੱਤਰ ਮੰਗਵਾਉ।

ਕੁਕਨੁਸ ਦਾ 'ਚਲਦਾ ਫਿਰਦਾ ਕਿਤਾਬ ਘਰ' ਤੁਹਾਡੇ ਘਰ ਤੱਕ ਕਿਤਾਬਾਂ ਲਿਆਉਣ/ਪੁਚਾਉਣ ਲਈ ਵਚਨਬੱਧ ਹੈ

**ਸੰਪਰਕ : ਕੁਕਨੁਸ ਪ੍ਰਕਾਸ਼ਨ**

ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ ਫੋਨ : 2214028, 98140-55411
(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫ਼ਟ ਰਾਹੀਂ ਹੀ ਭੇਜਣਾ)

Chirage Quarterly
April-June, 2005
Registered with the Registrar of News-Papers of India No.-PUN-PUN 0 2276/AL/TC94

ਵਾਹ ਪ੍ਰੀਤ

ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ (O) 01852-222927
(R) 98140-75265
(Fax) 225327